
# ਪ੍ਰਭੂ ਯਿਸੂ ਦਾ ਸਮਰੱਥੀ ਨਾਮ



ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2025

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi—The Mighty Name of Jesus)

# ਪ੍ਰਭੂ ਯਿਸੂ ਦਾ ਸਮਰੱਥੀ ਨਾਮ

*"ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੁ ਯਿਸੂ ਦੇ ਨਾਮ ਉੱਤੇ ਕਰੋ ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ਰ ਦਾ ਧੰਨਵਾਦ ਕਰੋ।"*

*ਕੁਲੁੱਸੀਆਂ 3:17*

# ਵਿਸ਼ਾ-ਸੂਚੀ


ਜਾਣ-ਪਛਾਣ

1. ਸਭ ਨਾਮਾਂ ਤੋਂ ਉੱਚਾ ਨਾਮ 1

2. ਨਾਮ ਦੇ ਪਿੱਛੇ ਦਾ ਵਿਅਕਤੀ 7

3. ਪਰਮੇਸ਼ਰ ਦੇ ਨਾਮਾਂ ਦੇ ਪੁਰਾਣੇ ਨੇਮ ਦਾ ਪ੍ਰਕਾਸ਼ਨ 18

4. ਮੇਰੇ ਪਿਤਾ ਦੇ ਨਾਮ ਵਿੱਚ 34

5. ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ 44

6. ਪਰਮੇਸ਼ਰ ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਥੇ ਹੈ 51

7. ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ ਤਾਂ ਕੀ ਹੁੰਦਾ ਹੈ 55

8. ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਵਿਸ਼ਵਾਸ ਕਰੋ 62

9. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ 67

10. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮਾਫ਼ੀ 72

11. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੁਕਤੀ 74

12. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਦੀਪਕ ਜੀਵਨ 76

13. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੋਤੇ ਗਏ, ਪਵਿੱਤਰ ਕੀਤੇ ਗਏ, ਅਤੇ ਧਰਮੀ ਠਹਿਰਾਏ ਗਏ 78

14. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ 80

15. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ 84

16. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੰਨਵਾਦ ਅਤੇ ਅਰਾਧਨਾ ਕਰੋ 86

17. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਰੇ ਕੰਮ ਕਰੋ 89

18. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਅਸੀਂ ਇਕੱਠੇ ਹੁੰਦੇ ਹਾਂ 92

19. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਕ ਦੂਜੇ ਨੂੰ ਸਵੀਕਾਰ ਕਰੋ, ਆਦਰ ਕਰੋ ਅਤੇ ਅਸੀਸ ਦਿਓ 94

20. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ, ਸਿੱਖਿਆ ਅਤੇ ਸੇਵਾ ਕਰੋ 98

21. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚੰਗਾ ਕਰੋ 101

22. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚਮਤਕਾਰ ਕਰੋ 103

23. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦੁਸ਼ਟ ਆਤਮਾਵਾਂ ਕੱਢੋ 105

24. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵੱਡੇ ਕੰਮ ਕਰੋ 109

25. ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਦੁਰਵਰਤੋਂ 112

26. ਪ੍ਰਭੂ ਯਿਸੂ ਮਸੀਹ ਦੇ ਨਾਮ ਕਾਰਨ ਸਤਾਏ ਗਏ 115

27. ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਬਲੀਦਾਨ 117

28. ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਨਾਲ ਸੱਦੇ ਜਾਂਦੇ ਹਾਂ 119

29. ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਤਾੜਨਾ ਦਿਓ 121

30. ਪ੍ਰਭੂ ਯਿਸੂ ਮਸੀਹ ਦਾ ਨਾਮ ਹਮੇਸ਼ਾ ਲਈ ਹੈ 124

# ਜਾਣ-ਪਛਾਣ

ਹਰੇਕ ਵਿਸ਼ਵਾਸੀ ਨੂੰ ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਨੂੰ ਪੁਕਾਰਨ, ਬੋਲਣ ਅਤੇ ਵਰਤੋਂ ਕਰਨ ਦੀ ਵਿਸ਼ੇਸ਼ ਅਧਿਕਾਰ ਵਾਲੀ ਸ਼ਾਨਦਾਰ ਅਸੀਸ ਬਖ਼ਸ਼ੀ ਗਈ ਹੈ। ਪ੍ਰਭੂ ਯਿਸੂ ਮਸੀਹ ਦੇ ਚੇਲੇ ਅਤੇ ਮੁੱਢਲੀ ਕਲੀਸਿਯਾ ਦੇ ਵਿਸ਼ਵਾਸੀ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਰਾਹੀਂ ਉਹਨਾਂ ਦੇ ਨਿਪਟਾਰੇ ਵਿੱਚ ਹੋਣ ਵਾਲੇ ਅਧਿਕਾਰ ਨੂੰ ਸਮਝਦੇ ਸਨ ਅਤੇ ਉਹ ਇਸ ਵਿੱਚ ਚੱਲੇ ਸਨ।

ਇਹ ਕਿਤਾਬ ਵਿਸ਼ਵਾਸੀ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਸਮਰੱਥਾ ਨੂੰ ਮੁੜ ਖੋਜਣ ਵਿੱਚ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਸਿੱਖਿਆ ਦਿੰਦੀ ਹੈ ਕਿ ਰੋਜ਼ਾਨਾ ਜੀਵਨ ਵਿੱਚ ਉਸ ਨਾਮ ਦੀ ਸਮਰੱਥਾ ਵਿੱਚ ਕਿਸ ਤਰ੍ਹਾਂ ਚੱਲਣਾ ਹੈ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਸਮਰੱਥਾ ਵਿੱਚ ਚੱਲਣਾ ਸਿੱਖ ਲੈਂਦੇ ਹਾਂ ਤਾਂ ਅਸੀਂ ਅਧਿਕਾਰ ਅਤੇ ਰਾਜ, ਸੱਚੀ ਸ਼ਾਂਤੀ ਅਤੇ ਪਰਮੇਸ਼ਰ ਦੇ ਸਾਰੇ ਪ੍ਰਬੰਧਾਂ ਵਿੱਚ ਚੱਲ ਸਕਦੇ ਹਾਂ।

*ਯਿਸੂ! ਉਹ ਨਾਮ ਜੋ ਦੂਰ ਕਰੇ ਸਾਡੇ ਡਰ ਨੂੰ*

*ਜੋ ਰੋਕੇ ਸਾਡੇ ਦੁੱਖਾਂ ਨੂੰ*

*ਪਾਪੀਆਂ ਦੇ ਕੰਨਾਂ ਵਿੱਚ ਇਹ ਸੰਗੀਤ ਹੈ*

*ਇਹ ਜੀਵਨ, ਸਿਹਤ, ਅਤੇ ਸ਼ਾਂਤੀ।*

(ਚਾਰਲਸ ਵੇਸਲੀ ਦੁਆਰਾ *"ਓ ਫਾਰ ਏ ਥਊਜ਼ੈਂਡ ਟੰਗਜ਼ ਟੂ ਸਿੰਗ"*, 1739 ਦੇ ਭਜਨ ਵਿੱਚੋਂ)।

ਵਿਸ਼ਵਾਸੀ ਹੁੰਦੇ ਹੋਏ, ਅਸੀਂ ਆਪਣੇ ਨਿੱਜੀ ਜੀਵਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਦੇ ਹਾਂ। ਭਾਵੇਂ ਇਹਨਾਂ ਦਾ ਜੀਵਨ ਦੇ ਹਾਲਾਤ ਨਾਲ ਕੋਈ ਸਬੰਧ ਹੋਵੇ, ਜਿਵੇਂ ਕਿ ਲੋੜਾਂ ਜੋ ਆਪਣੇ ਆਪ ਹੀ ਸਾਹਮਣੇ ਆਉਂਦੀਆਂ ਹਨ, ਤੂਫਾਨ ਜੋ ਉੱਠਦੇ ਹਨ, ਸਾਡੇ ਰਾਹ ਵਿੱਚ ਪਹਾੜ, ਰੋਗ ਅਤੇ ਬਿਮਾਰੀ ਜੋ ਸਾਡੇ ਉੱਤੇ ਆਉਂਦੀ ਹੈ, ਜਾਂ ਉਹ ਗੱਲਾਂ ਜੋ ਵੈਰੀ ਸਾਡੇ ਵਿਰੁੱਧ ਕੋਸ਼ਿਸ਼ ਕਰਦਾ ਹੈ, ਪਰ

ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਨੂੰ ਮਿਲੇ ਅਧਿਕਾਰ ਰਾਹੀਂ ਅਸੀਂ ਉੱਠ ਸਕਦੇ ਹਾਂ ਅਤੇ ਇਹਨਾਂ ਉੱਤੇ ਹਕੂਮਤ ਕਰ ਸਕਦੇ ਹਾਂ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਰਾਹੀਂ ਇਹ ਅਧਿਕਾਰ ਸਾਡਾ ਹੈ।

ਜਿਸ ਤਰ੍ਹਾਂ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਸੇਵਾ ਕਰੀਏ, ਤਾਂ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਦਲੇਰੀ ਨਾਲ ਅਜਿਹਾ ਕਰਨਾ ਚਾਹੀਦਾ ਹੈ। ਪ੍ਰਭੂ ਯਿਸੂ ਮਸੀਹ ਨੇ ਉਹਨਾਂ ਦੇ ਨਾਮ ਦੀ ਵਰਤੋਂ ਕਰਕੇ ਉਹਨਾਂ ਦੇ ਕੰਮ ਕਰਨ ਅਤੇ ਉਹਨਾਂ ਦੀ ਪੂਰੀ ਤਰ੍ਹਾਂ ਨੁਮਾਇੰਦਗੀ ਕਰਨ ਦਾ ਅਧਿਕਾਰ ਸਾਨੂੰ ਦਿੱਤਾ ਹੈ।

ਇਵੇਂ ਲੱਗਦਾ ਹੈ ਕਿ ਕਲੀਸੀਆ ਵਿੱਚ ਇਸ ਮਹੱਤਵਪੂਰਨ ਸੱਚਾਈ ਉੱਤੇ ਸਿਰਫ਼ “ਸ਼ੁਰੂਆਤ” ਹੀ ਕਰ ਰਿਹਾ ਹੈ। ਅਸੀਂ ਵਿਸ਼ਵਾਸੀਆਂ ਦੀ ਇੱਕ ਪੀੜ੍ਹੀ ਹੋ ਸਕਦੇ ਹਾਂ ਜਿਹੜੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੇ ਵਿਸ਼ੇਸ਼ ਹੱਕਾਂ ਅਤੇ ਅਧਿਕਾਰ ਦੀ ਖੋਜ ਕਰਦੀ ਹੈ ਅਤੇ ਰੋਜ਼ਾਨਾ ਜੀਵਨ ਦੀ ਚਾਲ ਵਿੱਚ ਇਹ ਦਾ ਇਸ ਤਰ੍ਹਾਂ ਪ੍ਰਦਰਸ਼ਨ ਕਰਦੀ ਹੈ ਜਿਵੇਂ ਪਹਿਲਾਂ ਕਦੇ ਨਹੀਂ ਹੋਇਆ। ਸਾਡੇ ਤੋਂ ਪਹਿਲਾਂ ਦੀਆਂ ਪੀੜ੍ਹੀਆਂ ਨਾਲੋਂ ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਵਿੱਚ ਅਸੀਂ ਸਾਡੇ ਲਈ ਉਪਲੱਬਧ ਸਭ ਕੁਝ ਦੇ ਪ੍ਰਦਰਸ਼ਨ ਵਿੱਚ ਅੱਗੇ ਵਧੀਏ।

**ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਉੱਤੇ ਕੀਤਾ ਇਹ ਅਧਿਐਨ ਤੁਹਾਡੇ ਜੀਵਨ ਨੂੰ ਮਾਲਾ ਮਾਲ ਕਰੇ, ਕਿ ਤੁਸੀਂ ਆਪਣੇ ਨਿੱਜੀ ਜੀਵਨ ਵਿੱਚ ਉਸ ਨਾਮ ਦੀ ਸਮਰੱਥਾ ਵਿੱਚ ਚੱਲ ਸਕੋ! ਇਹ ਤੁਹਾਨੂੰ ਅਣਗਿਣਤ ਹੋਰ ਲੋਕਾਂ ਨੂੰ ਅਸੀਸ ਦੇਣ ਦੇ ਨਾਲ ਪ੍ਰਭੂ ਯਿਸੂ ਮਸੀਹ ਦੇ ਨਾਲ ਮੇਲ ਕਰਾਉਣ ਦਾ ਇੱਕ ਕਾਰਨ ਬਣੇ!**

ਪਰਮੇਸ਼ਰ ਬਰਕਤ ਦੇਵੇ!

ਆਸ਼ਿਸ਼ ਰਾਏਚੂਰ

# 1
# ਸਭ ਨਾਮਾਂ ਤੋਂ ਉੱਚਾ ਨਾਮ

ਇੱਕ ਸ਼ਾਹੀ ਪਰਿਵਾਰ ਵਿੱਚ ਜਨਮ ਲਏ ਬੱਚੇ ਬਾਰੇ ਕਲਪਨਾ ਕਰੋ। ਬੱਚੇ ਨੂੰ ਇੱਕ ਨਾਮ ਦਿੱਤਾ ਜਾਂਦਾ ਹੈ। ਭਾਵੇਂ ਕਿ ਉਸੇ ਨਾਮ ਵਾਲੇ ਹੋਰ ਬਹੁਤ ਸਾਰੇ ਹੋ ਸਕਦੇ ਹਨ ਪਰ ਇਸ ਬੱਚੇ ਨੂੰ ਉਸ ਨਾਮ ਦੁਆਰਾ ਵੱਖਰੇ ਤੌਰ ਤੇ ਪਛਾਣਿਆ ਜਾਂਦਾ ਹੈ। ਅਤੇ ਹੋਰ ਵੀ ਖ਼ਾਸ ਕਾਰਨ ਹਨ। ਇੱਕ ਸ਼ਾਹੀ ਪਰਿਵਾਰ ਵਿੱਚ ਪੈਦਾ ਹੋਏ ਇਸ ਬੱਚੇ ਨੂੰ ਸ਼ਾਹੀ ਮਾਣ ਅਤੇ ਸ਼ਾਹੀ ਸਿੰਘਾਸਣ ਅਤੇ ਉਹ ਸਭ ਕੁਝ ਵਿਰਾਸਤ ਵਿੱਚ ਮਿਲਦਾ ਹੈ ਜੋ ਸ਼ਾਹੀ ਪਰਿਵਾਰ ਨੂੰ ਦਰਸਾਉਂਦਾ ਹੈ। ਬੱਚੇ ਦੇ ਨਾਮ ਨਾਲ ਇੱਕ ਸ਼ਾਹੀ ਸਿਰਲੇਖ ਜੁੜਿਆ ਹੁੰਦਾ ਹੈ ਜੋ ਵਿਰਾਸਤ ਵਿੱਚ ਮਿਲੀ ਸ਼ਾਹੀ ਪਹਿਚਾਣ ਨੂੰ ਮਾਨਤਾ ਦਿੰਦਾ ਹੈ। ਰਾਜ ਦੇ ਸਾਰੇ ਸਾਧਨ, ਪ੍ਰਭਾਵ ਅਤੇ ਸੱਤਾ ਹੁਣ ਉਸ ਨਾਮ ਦੇ ਪਿੱਛੇ ਹੁੰਦੇ ਹਨ। ਸਮਾਂ ਬੀਤਣ ਦੇ ਨਾਲ, ਬੱਚਾ ਇੱਕ ਬਾਲਗ ਬਣ ਜਾਂਦਾ ਹੈ। ਮੰਨ ਲਓ ਕਿ ਇਹ ਬਾਲਗ ਹੋਇਆ ਵਿਅਕਤੀ ਹੁਣ ਇੱਕ ਸ਼ਾਨਦਾਰ ਕਮਾਲ ਦਾ ਜੀਵਨ ਬਤੀਤ ਕਰਦਾ ਹੈ, ਮਹਾਨ ਚੀਜ਼ਾਂ ਦੀ ਪ੍ਰਾਪਤੀ ਕਰਦਾ ਹੈ, ਅਤੇ ਉਹਨਾਂ ਪ੍ਰਾਪਤੀਆਂ ਲਈ ਵੱਡਾ ਆਦਰ, ਸ਼ੋਹਰਤ ਅਤੇ ਪ੍ਰਸਿੱਧੀ ਨੂੰ ਪਾਉਂਦਾ ਹੈ। ਹੁਣ ਇਸ ਨਾਮ ਦੀ ਮਹਾਨਤਾ ਦਾ ਇੱਕ ਹੋਰ ਪਹਿਲੂ ਹੈ। ਲੋਕ ਹੁਣ ਇਸ ਨਾਮ ਨੂੰ ਪਛਾਣਦੇ ਅਤੇ ਆਦਰ ਦਿੰਦੇ ਹਨ ਨਾ ਕੇਵਲ ਇਸ ਦੇ ਵੱਖਰੇ ਤੌਰ ਤੇ ਪਛਾਣ ਦੇਣ ਕਰਕੇ ਜਾਂ ਇਸ ਨਾਮ ਦੇ ਨਾਲ ਰਾਜ ਅਤੇ ਰਾਜਸ਼ਾਹੀ ਜੁੜੇ ਹੋਣ ਦੇ ਕਾਰਨ ਪਰ ਸ਼ਾਇਦ ਇਸ ਤੋਂ ਵੀ ਵੱਧ ਇਸ ਨਾਮ ਦੇ ਪਿੱਛੇ ਵਿਅਕਤੀ ਦੀ ਮਹਾਨਤਾ, ਪ੍ਰਾਪਤੀਆਂ ਅਤੇ ਉਪਲੱਧੀਆਂ ਕਰਕੇ ਉਹ ਅਜਿਹਾ ਕਰਦੇ ਹਨ।

ਪ੍ਰਭੂ ਯਿਸੂ ਦੇ ਨਾਮ ਬਾਰੇ ਇਹ ਸਾਰੇ ਤਿੰਨ ਪਹਿਲੂ ਪਵਿੱਤਰ ਸ਼ਾਸਤਰ ਵਿੱਚ ਦੇਖੇ ਗਏ ਹਨ।

## ਜਨਮ ਦੇ ਸਮੇਂ ਪਿਤਾ ਵੱਲੋਂ ਉਹ ਨੂੰ ਦਿੱਤਾ ਗਿਆ ਇੱਕ ਨਾਮ

**ਮੱਤੀ 1:21**

**"ਉਹ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।"**

ਇਹ "ਯਿਸੂ" ਉਹ ਨਾਮ ਸੀ ਜਿਹੜਾ ਪਿਤਾ ਨੇ ਆਪਣੇ ਪੁੱਤਰ ਦੇ ਅਨੋਖੇ ਦੇਹਧਾਰਨ ਦੀ ਪਛਾਣ ਦੇਣ ਲਈ ਚੁਣਿਆ ਸੀ। ਪਰਮੇਸ਼ਰ ਹੁੰਦੇ ਹੋਏ, ਸਦੀਪਕ ਸ਼ਬਦ ਨੇ ਮਨੁੱਖ ਦਾ ਰੂਪ ਧਾਰਿਆ ਅਤੇ ਦੇਹਧਾਰੀ ਹੋਇਆ ਅਤੇ ਪਿਤਾ ਨੇ ਉਹਨਾਂ ਨੂੰ ਇੱਕ ਨਾਮ ਦਿੱਤਾ—"ਯਿਸੂ"। ਪਰਮੇਸ਼ਰ ਨੇ ਯੂਸੁਫ਼ ਨੂੰ ਇਹ ਦੱਸਣ ਲਈ ਇੱਕ ਦੂਤ ਭੇਜਿਆ। ਇਹ ਉਹਨਾਂ ਦੇ ਜਨਮ ਸਮੇਂ ਪਿਤਾ ਵੱਲੋਂ ਉਹਨਾਂ ਨੂੰ ਦਿੱਤਾ ਗਿਆ ਇੱਕ ਨਾਮ ਸੀ।

ਯਿਸੂ ਇਬਰਾਨੀ ਭਾਸ਼ਾ ਦੇ ਸ਼ਬਦ ਦਾ ਯੂਨਾਨੀ ਰੂਪ ਹੈ, *'ਯੇਸ਼ੂਆ'* ਜਿਸ ਦਾ ਅਰਥ ਹੈ "ਮੁਕਤੀਦਾਤਾ" ਜਾਂ "ਪਰਮੇਸ਼ਰ ਜੋ ਮੁਕਤੀ ਹਨ"। ਇਸ ਲਈ, ਜਦੋਂ ਅਸੀਂ "ਯਿਸੂ" ਨਾਮ ਦਾ ਉੱਲੇਖ ਕਰਦੇ ਹਾਂ ਤਾਂ ਅਸੀਂ ਉਸ ਨਾਮ ਦੀ ਘੋਸ਼ਣਾ ਕਰਦੇ ਹਾਂ ਜੋ ਮੁਕਤੀ ਪ੍ਰਦਾਨ ਕਰਦਾ ਹੈ।

ਮੱਤੀ 1:21 ਵਿੱਚ "ਬਚਾਓ" ਸ਼ਬਦ ਯੂਨਾਨੀ ਕਿਰਿਆ *'ਸੋਜ਼ੋ'* ਹੈ, (ਜਿਸ ਤਰ੍ਹਾਂ ਕਿ ਨਾਂਵ *ਸੋਟੇਰੀਆ* "ਮੁਕਤੀ" ਦੇ ਨਾਲ ਹੈ) ਜੋ ਇੱਕ ਵਿਸਤ੍ਰਿਤ ਸ਼ਬਦ ਹੈ ਜਿਸ ਵਿੱਚ ਸਦੀਪਕ ਮੁਕਤੀ, ਪਾਪਾਂ ਦੀ ਮਾਫ਼ੀ, ਪਾਪ ਉੱਤੇ ਜਿੱਤ, ਬਿਮਾਰੀ ਤੋਂ ਚੰਗਾ ਕਰਨਾ, ਸੰਘਰਸ਼ ਵਿੱਚ ਜਿੱਤ, ਵੈਰੀ ਦੇ ਹਰ ਕੰਮ ਤੋਂ ਛੁਟਕਾਰਾ, ਹਾਨੀ ਤੋਂ ਬਚਾਅ, ਖ਼ਤਰੇ ਤੋਂ ਬਚਾਅ ਅਤੇ ਪੂਰੀ ਸੰਪੂਰਨਤਾ ਸ਼ਾਮਲ ਹੈ। ਇਸ ਦਾ ਅਰਥ ਹੈ "ਬਚਾਇਆ ਜਾਣਾ, ਚੰਗਿਆਈ ਪਾਉਣਾ, ਛੁਟਕਾਰਾ ਪਾਉਣਾ, ਜੇਤੂ ਬਣ ਜਾਣਾ, ਰਿਹਾਈ ਹੋਣੀ, ਸੁਰੱਖਿਅਤ ਕਰਨਾ ਅਤੇ ਸਮੁੱਚਾ ਬਣ ਜਾਣਾ"।

ਨਵੇਂ ਨੇਮ ਵਿੱਚ *'ਸੋਜ਼ੋ'* ਸ਼ਬਦ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਗਿਆ ਹੈ।

ਇੱਥੇ ਹੇਠਾਂ ਇਸ ਦੀਆਂ ਕੁਝ ਆਇਤਾਂ ਦਿੱਤੀਆਂ ਗਈਆਂ ਹਨ।

- **ਪਾਪ ਤੋਂ ਮੁਕਤੀ** (ਮੱਤੀ 1:21; ਇਬਰਾਨੀਆਂ 7:25)।
- **ਸਦੀਪਕ ਮੁਕਤੀ** (ਯੂਹੰਨਾ 3:16-18; ਮਰਕੁਸ 16:16; ਰਸੂਲਾਂ ਦੇ ਕਰਤੱਬ 4:12; ਰੋਮੀਆਂ 10:9,10; ਅਫ਼ਸੀਆਂ 2:8)।
- **ਚੰਗਾਈ** (ਮੱਤੀ 9:22; ਮਰਕੁਸ 6:56; ਮਰਕੁਸ 10:52; ਯਾਕੂਬ 5:15)।
- ਦੁਸ਼ਟ ਆਤਮਾਵਾਂ ਦੀਆਂ ਸ਼ਕਤੀਆਂ ਤੋਂ **ਛੁਟਕਾਰਾ** (ਲੂਕਾ 8:36; ਯਹੂਦਾਹ

1:5, "ਛੁਟਕਾਰਾ" ਸ਼ਬਦ *'ਸੋਜ਼ੋ'* ਹੈ)।

- **ਬਚਾਅ / ਖ਼ਤਰੇ ਤੋਂ ਸੁਰੱਖਿਆ** (ਮੱਤੀ 8:25; ਮੱਤੀ 14:30; ਮੱਤੀ 27:42; 2 ਤਿਮੋਥਿਉਸ 4:18, "ਬਚਾਅ" ਸ਼ਬਦ *'ਸੋਜ਼ੋ'* ਹੈ)।
- ਆਤਮਿਕ ਸੰਘਰਸ਼ ਅਤੇ ਖ਼ਤਰੇ ਤੋਂ **ਸੁਰੱਖਿਆ** (ਯੂਹੰਨਾ 12:27; 1 ਤਿਮੋਥਿਉਸ 4:16)
- ਗ਼ੁਲਾਮੀ ਤੋਂ **ਆਜ਼ਾਦੀ** (ਯਹੂਦਾਹ 1:5)।

ਜਦੋਂ ਅਸੀਂ "ਯਿਸੂ" ਨਾਮ ਦਾ ਉੱਲੇਖ ਕਰਦੇ ਹਾਂ ਅਤੇ ਉਹਨਾਂ ਨੂੰ ਮੁਕਤੀਦਾਤੇ ਵਜੋਂ ਘੋਸ਼ਿਤ ਕਰਦੇ ਹਾਂ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਯਿਸੂ ਨਾਮ ਨਾ ਕੇਵਲ ਪਾਪ ਤੋਂ ਬਚਾਉਂਦਾ ਹਨ ਪਰ ਉਸ ਨਾਮ ਵਿੱਚ, ਮੁਕਤੀ, ਬਚਾਅ, ਸੁਰੱਖਿਆ, ਚੰਗਿਆਈ, ਛੁਟਕਾਰਾ, ਜਿੱਤ, ਆਜ਼ਾਦੀ, ਅਤੇ ਸੰਪੂਰਨਤਾ ਵੀ ਹੈ। ਉਸ ਨਾਮ ਵਿੱਚ ਪੂਰਨ ਤੌਰ ਤੇ ਮੁਕਤੀ ਹੈ। ਪ੍ਰਭੂ ਯਿਸੂ ਦਾ ਨਾਮ ਬਚਾਉਂਦਾ ਹੈ, ਸਹੀ ਸਲਾਮਤ ਰੱਖਦਾ ਹੈ, ਰਾਖੀ ਕਰਦਾ ਹੈ, ਚੰਗਿਆਈ ਦਿੰਦਾ ਹੈ, ਛੁਟਕਾਰਾ ਦਿੰਦਾ ਹੈ, ਜਿੱਤ ਲਿਆਉਂਦਾ ਹੈ, ਆਜ਼ਾਦੀ ਦਿੰਦਾ ਹੈ ਅਤੇ ਸਮੁੱਚਾ ਬਣਾਉਂਦਾ ਹੈ!

## ਇਹ ਨਾਮ ਪ੍ਰਭੂ ਯਿਸੂ ਨੂੰ ਵਿਰਸੇ ਵਿੱਚ ਮਿਲਿਆ ਹੈ

**ਇਬਰਾਨੀਆਂ 1:1-4**

**1ਪਰਮੇਸ਼ਰ ਨੇ ਜਿਨ ਪਿਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ**

**2ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ**

**3ਉਹ ਉਸ ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਸ੍ਰੀ ਵਾਹਗੁਰੂ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ**

**4ਉਹ ਦੂਤਾਂ ਨਾਲੋਂ ਇੰਨਾਕੁ ਉੱਤਮ ਹੋਇਆ ਜਿੰਨਾਕੁ ਉਹ ਨੇ ਉਨ੍ਹਾਂ ਨਾਲੋਂ ਵਿਰਸੇ ਵਿੱਚ ਉੱਤਮ ਨਾਮ ਪਾਇਆ**

ਪਰਮੇਸ਼ਰ ਸਦੀਪਕ ਸ਼ਬਦ ਜਿਹਨਾਂ ਰਾਹੀਂ ਸਾਰੇ ਸੰਸਾਰ ਬਣਾਏ ਗਏ ਸਨ ਅਤੇ ਜੋ ਆਪਣੇ ਵਚਨ ਦੀ ਸਮਰੱਥਾ ਦੁਆਰਾ ਸਭਨਾਂ ਵਸਤਾਂ ਨੂੰ ਸੰਭਾਲ ਕੇ ਰੱਖਦੇ ਹਨ, ਉਹਨਾਂ ਨੇ ਸ਼ਬਦ ਦਾ ਦੇਹਧਾਰੀ ਹੋਣਾ ਚੁਣਿਆ ਅਤੇ ਪਰਮੇਸ਼ਰ ਦੇ ਪੁੱਤਰ ਵਜੋਂ ਚੱਲੇ ਸਨ। ਪਰਮੇਸ਼ਰ ਦੇ ਪੁੱਤਰ ਵਜੋਂ, ਉਹ ਪਰਮੇਸ਼ਰ ਹੀ

ਸਾਡੇ ਨਾਲ ਗੱਲ ਕਰ ਰਹੇ ਸਨ। ਉਹ ਪਿਤਾ ਦੀ ਮਹਿਮਾ ਦਾ ਪਰਕਾਸ਼ ਅਤੇ ਪਿਤਾ ਦੀ ਸ਼ਖਸੀਅਤ ਦਾ ਪੂਰਾ ਪ੍ਰਤਿਬਿੰਬ ਸਨ । ਪਰਮੇਸ਼ਰ ਦੇ ਪੁੱਤਰ ਵਜੋਂ, ਉਹਨਾਂ ਨੇ ਸਾਡੇ ਸਾਰੇ ਪਾਪਾਂ ਦੀ ਸ਼ੁੱਧਤਾ ਪ੍ਰਦਾਨ ਕੀਤੀ ਅਤੇ ਉਹ ਉਠਾਏ ਗਏ ਸਨ ਅਤੇ ਸਾਰੇ ਦੂਤਾਂ ਤੋਂ ਅੱਤ ਉੱਚਾ ਠਹਿਰ ਕੇ ਉਹ ਹੁਣ ਪਿਤਾ ਦੇ ਸੱਜੇ ਹੱਥ ਬਿਰਾਜਮਾਨ ਹਨ। ਇਹ ਪਰਮੇਸ਼ਰ ਦਾ ਪੁੱਤਰ ਹੈ ਜਿਸ ਨੂੰ ਸਭਨਾਂ ਵਸਤਾਂ ਦਾ ਵਾਰਸ ਨਿਯੁਕਤ ਕੀਤਾ ਗਿਆ ਸੀ ਅਤੇ ਉਹਨਾਂ ਨੇ ਵਿਰਸੇ ਵਿੱਚ, ਇੱਕ ਅਜਿਹਾ ਨਾਮ ਪ੍ਰਾਪਤ ਕੀਤਾ ਹੈ ਜੋ ਕਿਸੇ ਵੀ ਹੋਰ ਨਾਮ ਨਾਲੋਂ ਕਿਤੇ ਮਹਾਨ, ਸਭ ਤੋਂ ਵੱਧ ਸ਼ਾਨਦਾਰ ਅੱਤ ਸ੍ਰੇਸ਼ਠ ਅਤੇ ਅੱਤ ਉੱਚਾ ਹੈ। ਸਵਰਗ ਦੂਤਾਂ ਦੇ ਅਚਰਜ਼ ਨਾਮ ਹਨ (ਨਿਆਈਆਂ ਦੀ ਪੋਥੀ 13:18)। ਪਰ ਇਹ ਨਾਮ, ਪ੍ਰਭੂ ਯਿਸੂ ਦਾ ਨਾਮ ਉਹਨਾਂ ਸਾਰਿਆਂ ਨਾਮਾਂ ਤੋਂ ਵੀ ਕਈ ਗੁਣਾ ਵੱਧ ਕੇ ਅਚਰਜ਼ ਹੈ।

ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਵਰਣਨ ਕੀਤਾ ਹੈ, ਇੱਕ ਰਾਜ ਵਿੱਚ ਇੱਕ ਵਾਰਸ ਨੂੰ ਰਾਜਸ਼ਾਹੀ ਮਿਲਦੀ ਹੈ। ਪਰਮੇਸ਼ਰ ਦਾ ਸਾਰਾ ਰਾਜ ਪ੍ਰਭੂ ਯਿਸੂ ਦੇ ਨਾਮ ਦੇ ਪਿੱਛੇ ਖੜ੍ਹਾ ਹੈ। ਜੋ ਸਭ ਵੀ ਪਰਮੇਸ਼ਰ ਹਨ, ਉਹਨਾਂ ਦੀ ਸਾਰੀ ਸ਼ਾਨ, ਮਹਿਮਾ, ਹਕੂਮਤ ਅਤੇ ਸਮਰੱਥਾ ਪ੍ਰਭੂ ਯਿਸੂ ਦੇ ਨਾਮ ਦੇ ਪਿੱਛੇ ਹੈ। ਇਹ ਨਾਮ ਸਵਰਗੀ ਰਾਜਸ਼ਾਹੀ ਹੈ। ਇਹ ਨਾਮ ਸਭ ਤੋਂ ਉੱਚੀ ਸ਼ਾਹੀ ਬਾਦਸ਼ਾਹੀ ਨੂੰ ਪੇਸ਼ ਕਰਦਾ ਹੈ। ਇੱਥੇ ਇਸ ਤੋਂ ਕੋਈ ਉੱਚਾ ਸਮਰਾਟ, ਸ਼ਾਸਕ ਜਾਂ ਰਾਜਾ ਨਹੀਂ ਹੈ। ਇਹ ਉਸ ਦਾ ਨਾਮ ਹੈ ਜੋ ਸਭਨਾਂ ਵਸਤਾਂ ਦਾ ਵਾਰਸ ਹੈ ਅਤੇ ਉਹ ਹੈ ਜੋ *"ਪਰਮਧੰਨ ਅਤੇ ਇੱਕੋ-ਇੱਕ ਪਾਤਸ਼ਾਹ ਅਤੇ ਰਾਜਿਆਂ ਦਾ ਰਾਜਾ ਤੇ ਪ੍ਰਭੂਆਂ ਦਾ ਪ੍ਰਭੂ ਹੈ"* (1 ਤਿਮੋਥਿਉਸ 6:15)। ਇਹ ਉਸ ਦਾ ਨਾਮ ਹੈ ਜਿਸ ਨੇ *"ਆਦਰ ਅਤੇ ਮਹਿਮਾ ਦਾ ਤਾਜ ਪਹਿਨਿਆ ਹੋਇਆ ਹੈ"* (ਇਬਰਾਨੀਆਂ 2:9)। ਸਭ ਤੋਂ ਉੱਚਾ ਸਿੰਘਾਸਣ ਅਤੇ ਜੋ ਬਾਕੀ ਸਭ ਰਾਜਾਂ ਉੱਤੇ ਰਾਜ ਕਰਦਾ ਹੈ ਇਸ ਨਾਮ ਦੇ ਪਿੱਛੇ ਹੈ। *"ਯਹੋਵਾਹ ਨੇ ਆਪਣੀ ਰਾਜ ਗੱਦੀ ਸਵਰਗ ਵਿੱਚ ਕਾਇਮ ਕੀਤੀ ਹੈ, ਅਤੇ ਉਹ ਦੀ ਪਾਤਸ਼ਾਹੀ ਦਾ ਹੁਕਮ ਸਭਨਾਂ ਉੱਤੇ ਹੈ"* (ਜ਼ਬੂਰਾਂ ਦੀ ਪੋਥੀ 103:19)।

## ਯਿਸੂ ਨੇ ਜੋ ਕੁਝ ਪੂਰਾ ਕੀਤਾ ਹੈ ਉਸ ਕਾਰਨ ਉਹਨਾਂ ਨੂੰ ਇੱਕ ਨਾਮ ਦਿੱਤਾ ਗਿਆ ਹੈ

**ਫ਼ਿਲਿੱਪੀਆਂ 2:5-11**

**5 ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ**

**6 ਕਿ ਉਸ ਨੇ ਪਰਮੇਸ਼ਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ**

**[7]ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ**
**[8]ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ**
**[9]ਇਸ ਕਾਰਨ ਪਰਮੇਸ਼ਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ**
**[10]ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲੀਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ**
**[11]ਅਤੇ ਹਰ ਜ਼ਬਾਨ ਪਰਮੇਸ਼ਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!**

ਇਹ ਵਿਚਾਰ ਬਹੁਤ ਗੰਭੀਰ ਹੈ, *"ਇਸੇ ਕਰਕੇ ਪਰਮੇਸ਼ਰ ਨੇ ਵੀ ਉਸ ਨੂੰ ਅੱਤ ਉੱਚਾ ਕੀਤਾ ਅਤੇ ਉਹ ਨਾਮ ਦਿੱਤਾ ਜੋ ਸਭ ਨਾਮਾਂ ਤੋਂ ਸ੍ਰੇਸ਼ਠ ਹੈ"* (ਆਇਤ 9)। ਪ੍ਰਭੂ ਯਿਸੂ ਮਸੀਹ ਨੇ ਆਪਣੇ ਦੇਹਧਾਰਨ, ਧਰਤੀ ਉੱਤੇ ਜੀਵਨ, ਮੌਤ, ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਰਾਹੀਂ ਜੋ ਕੀਤਾ ਹੈ, ਉਸ ਕਾਰਨ ਹੀ ਉਹਨਾਂ ਨੂੰ *"ਅੱਤ ਉੱਚਾ"* ਕੀਤਾ ਗਿਆ ਹੈ। ਉਹਨਾਂ ਨੇ ਸਾਰੇ ਸੰਸਾਰ ਦੇ ਪਾਪਾਂ ਦੀ ਕੀਮਤ ਭਰੀ ਹੈ। ਉਹਨਾਂ ਨੇ ਪਤਨ ਨੂੰ ਵਾਪਸ ਮੋੜ ਦਿੱਤਾ ਅਤੇ ਸ਼ੈਤਾਨ ਅਤੇ ਉਸ ਦੇ ਦੁਸ਼ਟ ਲਸ਼ਕਰਾਂ ਨੂੰ ਨਿਹੱਥਾ ਕੀਤਾ, ਕੁਚਲ ਕੇ ਤਬਾਹ ਕਰ ਦਿੱਤਾ ਅਤੇ ਕਬਰ ਉੱਤੇ ਜਿੱਤ ਪ੍ਰਾਪਤ ਕੀਤੀ ਅਤੇ ਜੀਅ ਉੱਠੇ। ਮੌਤ ਅਤੇ ਪਤਾਲ ਦੀਆਂ ਕੁੰਜੀਆਂ (ਅਧਿਕਾਰ, ਹਕੂਮਤ) ਉਸ ਕੋਲ ਹਨ (ਪਰਕਾਸ਼ ਦੀ ਪੋਥੀ 1:18)।

*"ਅੱਤ ਉੱਚੇ"* ਸ਼ਬਦ (ਯੂਨਾਨੀ ਭਾਸ਼ਾ ਦੇ ਸ਼ਬਦ *ਹੂਪਰਪਸੋਓ*) ਦਾ ਅਰਥ ਹੈ "ਹੋਰਨਾਂ ਤੋਂ ਉੱਚਾ ਹੋਣਾ, ਸਭ ਤੋਂ ਉੱਚੇ ਅਹੁਦੇ ਉੱਤੇ ਪਹੁੰਚਣਾ, ਉੱਚੀ ਪਦਵੀ ਅਤੇ ਸਮਰੱਥਾ ਨੂੰ ਉੱਚਾ ਕਰਨਾ, ਸਰਵ-ਸ੍ਰੇਸ਼ਠ ਸ਼ਾਨ ਨੂੰ ਉੱਚਾ ਕਰਨਾ"। ਪਿਤਾ ਨੇ *"ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਇਆ ਅਤੇ ਸਵਰਗੀ ਸਥਾਨਾਂ ਵਿੱਚ ਆਪਣੇ ਸੱਜੇ ਹੱਥ ਸਾਰੀ ਪ੍ਰਧਾਨਤਾ, ਇਖ਼ਤਿਆਰ, ਸਮਰੱਥਾ, ਪ੍ਰਭੁਤਾ ਅਤੇ ਹਰ ਇੱਕ ਨਾਮ ਤੋਂ ਉਤਾਂਹ ਬਿਠਾਇਆ, ਜੋ ਨਾ ਕੇਵਲ ਇਸ ਯੁੱਗ ਵਿੱਚ ਸਗੋਂ ਆਉਣ ਵਾਲੇ ਯੁੱਗ ਵਿੱਚ ਵੀ ਲਿਆ ਜਾਵੇਗਾ। ਪਰਮੇਸ਼ਰ ਨੇ ਸਭ ਕੁਝ ਉਹਨਾਂ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਉਸ ਨੂੰ ਸਭ ਵਸਤਾਂ ਦਾ ਸਿਰ ਠਹਿਰਾ ਕੇ ਕਲੀਸਿਯਾ ਨੂੰ ਦੇ ਦਿੱਤਾ"* (ਅਫ਼ਸੀਆਂ 1:20-22)। ਸਵਰਗ ਅਤੇ ਧਰਤੀ ਉੱਤੇ ਸਾਰਾ ਅਧਿਕਾਰ ਪ੍ਰਭੂ ਯਿਸੂ ਮਸੀਹ ਦਾ ਹੈ (ਮੱਤੀ 28:18)। ਅਜਿਹਾ ਇੱਕ ਨਾਮ ਹੈ ਪ੍ਰਭੂ ਯਿਸੂ ਮਸੀਹ ਦਾ। ਇਹ ਨਾਮ ਹਰੇਕ ਨਾਮ ਤੋਂ ਉੱਚਾ ਹੈ ਕਿਉਂਕਿ ਉਹ ਹਰ ਇੱਕ ਤੋਂ ਉੱਚਾ ਹੈ।

## ਸਭਨਾਂ ਤੋਂ ਸ੍ਰੇਸ਼ਠ ਨਾਮ

**ਫ਼ਿਲਿੱਪੀਆਂ 2:9-11**

**9ਇਸ ਕਾਰਨ ਪਰਮੇਸ਼ਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ**
**10ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲੀਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ**
**11ਅਤੇ ਹਰ ਜ਼ਬਾਨ ਪਰਮੇਸ਼ਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!**

ਪਰਮੇਸ਼ਰ ਨੇ ਨਿਸ਼ਚਿਤ ਕੀਤਾ ਹੈ, ਹੁਕਮ ਦਿੱਤਾ ਹੈ ਅਤੇ ਘੋਸ਼ਣਾ ਕੀਤੀ ਹੈ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਉੱਲੇਖ ਕਰਦੇ ਹੋਏ ਹਰ ਗੋਡੇ ਨੂੰ ਤਿੰਨੇ ਖੇਤਰਾਂ ਵਿੱਚ ਝੁਕਣਾ ਹੀ ਪਵੇਗਾ। ਆਕਾਸ਼, ਧਰਤੀ ਅਤੇ ਪਤਾਲ ਵਿੱਚ ਹਰੇਕ ਸਿਰਜਿਆ ਗਿਆ ਜੀਵ ਉਹਨਾਂ ਦੇ ਅਧੀਨ ਹੋਵੇਗਾ, ਉਹਨਾਂ ਦਾ ਸਨਮਾਨ ਕਰੇਗਾ ਅਤੇ ਹਰੇਕ ਜੀਭ ਉਹਨਾਂ ਨੂੰ ਰਾਜਾ ਮੰਨਦੀ ਹੋਈ ਉਹਨਾਂ ਦੀ ਪ੍ਰਭੂਤਾ ਨੂੰ ਸਵੀਕਾਰ ਕਰੇਗੀ।

ਪ੍ਰਭੂ ਯਿਸੂ ਮਸੀਹ ਦਾ ਨਾਮ ਸਾਰੇ ਨਾਮਾਂ ਤੋਂ ਉੱਚਾ ਨਾਮ ਹੈ। ਉਸ ਦਾ ਨਾਮ *“ਸਭ ਨਾਮਾਂ ਤੋਂ ਸ੍ਰੇਸ਼ਠ ਹੈ”* (ਆਇਤ 9)।

## ਸਮੀਖਿਆ

1) ਦੇਹਧਾਰਨ ਸ਼ਬਦ, ਪਰਮੇਸ਼ਰ ਦੇ ਪੁੱਤਰ ਨੂੰ “ਯਿਸੂ” ਨਾਮ ਦਿੱਤਾ ਗਿਆ ਸੀ …

a) ਉਹਨਾਂ ਦੇ ਜਨਮ ਸਮੇਂ।

b) ਇਹ ਨਾਮ ਉਹਨਾਂ ਨੂੰ ਵਿਰਸੇ ਵਿੱਚ ਮਿਲਿਆ ਹੈ।

c) ਉਹਨਾਂ ਨੇ ਜੋ ਕੁਝ ਸੰਪੰਨ ਕੀਤਾ ਹੈ ਉਸ ਕਾਰਨ ਉਹਨਾਂ ਨੂੰ ਇੱਕ ਨਾਮ ਦਿੱਤਾ ਗਿਆ ਹੈ।

ਇਹਨਾਂ ਤਿੰਨਾਂ ਪਹਿਲੂਆਂ ਦੀ ਮਹੱਤਤਾ ਬਾਰੇ ਚਰਚਾ ਕਰੋ ਅਤੇ ਇਹ ਵੀ ਚਰਚਾ ਕਰੋ ਕਿ ਉਹਨਾਂ ਨੇ ਇਸ ਨਾਮ ਨੂੰ ਸਭ ਨਾਮਾਂ ਤੋਂ ਮਹਾਨ ਕਿਸ ਤਰ੍ਹਾਂ ਬਣਾਇਆ ਹੈ।

# 2
# ਨਾਮ ਦੇ ਪਿੱਛੇ ਦਾ ਵਿਅਕਤੀ

ਅਸੀਂ ਜਾਣਦੇ ਹਾਂ ਕਿ ਕਿਸੇ ਨਾਮ ਦੀ ਮਹਾਨਤਾ ਉਸ ਨਾਮ ਦੇ ਪਿੱਛੇ ਵਾਲੇ ਵਿਅਕਤੀ ਦੀ ਮਹਾਨਤਾ ਤੋਂ ਉਤਪੰਨ ਹੁੰਦੀ ਹੈ। ਜਿਵੇਂ ਨਾਮ ਮਹਾਨ ਹੁੰਦਾ ਹੈ ਉਸੇ ਤਰ੍ਹਾਂ ਹੀ ਨਾਮ ਦੇ ਪਿੱਛੇ ਵਾਲਾ ਵਿਅਕਤੀ ਮਹਾਨ ਹੁੰਦਾ ਹੈ। ਜਦੋਂ ਅਸੀਂ ਨਾਮ ਦੇ ਪਿੱਛੇ ਵਾਲੇ ਵਿਅਕਤੀ ਦੀ ਮਹਾਨਤਾ ਨੂੰ ਪਛਾਣ ਲਵਾਂਗੇ ਤਾਂ ਅਸੀਂ ਉਹਨਾਂ ਦੇ ਨਾਮ ਦੀ ਮਹਾਨਤਾ ਨੂੰ ਪਛਾਣ ਲਵਾਂਗੇ। ਜਦੋਂ ਤੁਸੀਂ ਪ੍ਰਭੂ ਯਿਸੂ ਮਸੀਹ ਨੇ ਨਿੱਜੀਪਨ ਨੂੰ ਜਾਣਦੇ ਹੋ ਤਾਂ ਤੁਹਾਨੂੰ ਉਹਨਾਂ ਦੇ ਨਾਮ ਵਿੱਚ ਬਹੁਤ ਵੱਡਾ ਭਰੋਸਾ ਹੋਵੇਗਾ।

ਇਸ ਅਧਿਆਇ ਵਿੱਚ, ਅਸੀਂ ਪ੍ਰਭੂ ਯਿਸੂ ਮਸੀਹ ਦੀ ਮਹਾਨਤਾ ਉੱਤੇ ਧਿਆਨ ਕਰਾਂਗੇ, ਜੋ ਕਿ ਇਸ ਨਾਮ ਦੇ ਪਿੱਛੇ ਦੇ ਵਿਅਕਤੀ ਹਨ। ਜੋ ਪ੍ਰਭੂ ਯਿਸੂ ਮਸੀਹ ਹਨ ਇਹ ਉਸ ਬਾਰੇ ਸਾਰੀ ਅਤੇ ਪੂਰੀ ਲਿਖਤ ਨਹੀਂ ਹੈ ਪਰ ਸੰਖੇਪ ਵਿੱਚ ਕੀਤਾ ਗਿਆ ਇੱਕ ਅਧਿਐਨ ਹੈ ਤਾਂ ਜੋ ਸਾਨੂੰ ਉਸ ਵਿਅਕਤੀ ਦੀ ਯਾਦ ਦਿਵਾਉਂਦਾ ਰਹੇ ਜਿਸ ਦਾ ਅਸੀਂ ਅਧਿਐਨ ਕਰ ਰਹੇ ਹਾਂ। “ਯਿਸੂ” ਨਾਮ ਦੇ ਪਿੱਛੇ ਖੜ੍ਹੇ ਵਿਅਕਤੀ ਦੀ ਮਹਾਨਤਾ ਉੱਤੇ ਤੁਹਾਡੇ ਹੋਰ ਵਿਚਾਰ ਜੋੜਨ ਲਈ ਤੁਹਾਡਾ ਸੁਆਗਤ ਹੈ।

ਪ੍ਰਭੂ ਯਿਸੂ ਮਸੀਹ ਦਾ ਨਾਮ ਮਹਾਨ ਹੈ ਕਿਉਂਕਿ ਇਹ ਕਿਸ ਨੂੰ ਪੇਸ਼ ਕਰਦਾ ਹੈ—ਵਿਅਕਤੀ ਪ੍ਰਭੂ ਯਿਸੂ ਮਸੀਹ, ਉਹ ਕੌਣ ਹਨ, ਉਹਨਾਂ ਨੇ ਕੀ ਕੀਤਾ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਉਹ ਕੀ ਕਰਨ ਜਾ ਰਹੇ ਹਨ।

**ਯਹੋਵਾਹ—**“ਯਿਸੂ” ਨਾਮ ਉਹਨਾਂ ਦਾ ਨਾਮ ਹੈ ਜੋ ਕਿ ਤ੍ਰਿਏਕ ਪਰਮੇਸ਼ਰ ਹਨ। ਉਹਨਾਂ ਨੂੰ “ਸ਼ਕਤੀਮਾਨ ਪਰਮੇਸ਼ਰ *(ਐਲ ਗਿਬੋਓਰ)*”, “ਅਨਾਦੀ ਪਿਤਾ” (ਯਸਾਯਾਹ 9:6) ਵੀ ਕਿਹਾ ਜਾਂਦਾ ਹੈ । ਉਹ ਪਿਤਾ ਅਤੇ ਪਵਿੱਤਰ ਆਤਮਾ ਦੇ ਨਾਲ ਬਰਾਬਰ ਅਤੇ ਇੱਕ ਹਨ (1 ਯੂਹੰਨਾ 5:7)। ਉਹ ਤ੍ਰਿਏਕਤਾ ਨੂੰ ਪੂਰੀ ਤਰ੍ਹਾਂ ਪੇਸ਼ ਕਰਦੇ ਹਨ (ਕੁਲੁੱਸੀਆਂ 1:19; ਕੁਲੁੱਸੀਆਂ 2:9)। ਉਹ ਯਹੋਵਾਹ ਹਨ

ਜਿਸ ਤਰ੍ਹਾਂ ਕਿ ਪਿਤਾ ਅਤੇ ਪਵਿੱਤਰ ਆਤਮਾ ਹਨ (ਯੂਹੰਨਾ 1:1-3; ਯੂਹੰਨਾ 20:28; ਰੋਮੀਆਂ 9:5; 1 ਤਿਮੋਥਿਉਸ 3:16; ਤੀਤੁਸ 1:3,4; ਇਬਰਾਨੀਆਂ 1:8)। ਉਹ ਮਹਾਨ "ਮੈਂ ਹਾਂ" ਹਨ (ਯੂਹੰਨਾ 8:58); ਉਹ ਇੰਮਾਨੂਏਲ, ਪਰਮੇਸ਼ਰ ਸਾਡੇ ਨਾਲ ਹਨ (ਯਸਾਯਾਹ 7:14; ਮੱਤੀ 1:23)। ਪ੍ਰਭੂ ਯਿਸੂ ਮਸੀਹ ਦੇ ਨਾਮ ਨੂੰ ਪੁਕਾਰਨਾ ਯਹੋਵਾਹ ਪਰਮੇਸ਼ਰ ਨੂੰ ਪੁਕਾਰਨਾ ਹੈ, ਅਨਾਦੀ, ਸਵੈ-ਹੋਂਦ ਵਾਲੇ, ਨਾ ਬਦਲਣ ਵਾਲੇ ਪਰਮੇਸ਼ਰ ਜੋ ਨੇਮ ਨੂੰ ਪੂਰਾ ਕਰਦੇ ਹਨ।

---

ਪ੍ਰਭੂ ਯਿਸੂ ਮਸੀਹ ਦੇ ਨਾਮ ਨੂੰ ਪੁਕਾਰਨਾ
ਯਹੋਵਾਹ ਪਰਮੇਸ਼ਰ ਨੂੰ ਪੁਕਾਰਨਾ ਹੈ,
ਅਨਾਦੀ, ਸਵੈ-ਹੋਂਦ ਵਾਲੇ,
ਨਾ ਬਦਲਣ ਵਾਲੇ ਪਰਮੇਸ਼ਰ
ਜੋ ਨੇਮ ਨੂੰ ਪੂਰਾ ਕਰਦੇ ਹਨ।

---

**ਅਨਾਦੀ ਸ਼ਬਦ**—"ਯਿਸੂ" ਨਾਮ ਅਨਾਦੀ ਸ਼ਬਦ ਦਾ ਨਾਮ ਹੈ ਜੋ ਪਰਮੇਸ਼ਰ ਦੇ ਨਾਲ ਸੀ ਅਤੇ ਪਰਮੇਸ਼ਰ ਸੀ (ਯੂਹੰਨਾ 1:1,2)। ਉਹ ਹਮੇਸ਼ਾ ਲਈ ਪਰਮੇਸ਼ਰ ਦਾ ਸ਼ਬਦ ਹੈ (ਪਰਕਾਸ਼ ਦੀ ਪੋਥੀ 19:13)। ਅਕਾਸ਼ ਅਤੇ ਧਰਤੀ ਉੱਤੇ ਦਿੱਸਣ ਵਾਲੀਆਂ ਅਤੇ ਨਾ ਦਿੱਸਣ ਵਾਲੀਆਂ ਸਾਰੀਆਂ ਵਸਤਾਂ ਉਸੇ ਤੋਂ, ਉਸੇ ਰਾਹੀਂ ਅਤੇ ਉਸੇ ਲਈ ਸਿਰਜੀਆਂ ਗਈਆਂ ਸਨ (ਯੂਹੰਨਾ 1:3; ਅਫ਼ਸੀਆਂ 3:9; ਕੁਲੁੱਸੀਆਂ 1:16)। ਸ਼ੁਰੂਆਤ, ਉਤਪੰਨ ਕਰਨ ਵਾਲਾ, ਹਰੇਕ ਚੀਜ਼ ਦਾ ਸ੍ਰੋਤ, ਸਭ ਕੁਝ ਉਸੇ ਤੋਂ ਅਤੇ ਉਸੇ ਦੁਆਰਾ ਆਇਆ ਹੈ (ਪਰਕਾਸ਼ ਦੀ ਪੋਥੀ 3:14)। ਉਹ ਸਭ ਵਸਤਾਂ ਤੋਂ ਪਹਿਲਾਂ ਹੈ ਅਤੇ ਸਭ ਵਸਤਾਂ ਨੂੰ ਕਾਇਮ ਰੱਖਣ ਵਾਲਾ, ਸੰਭਾਲਣ ਵਾਲਾ, ਨਿਯਮਕ ਅਤੇ ਸੰਪੂਰਨ ਕਰਨ ਵਾਲਾ ਹੈ (ਕੁਲੁੱਸੀਆਂ 1:17; ਇਬਰਾਨੀਆਂ 1:3)। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦਿੱਸਣ ਅਤੇ ਨਾ ਦਿੱਸਣ ਵਾਲੇ (ਕੁਦਰਤੀ ਅਤੇ ਆਤਮਿਕ) ਖੇਤਰਾਂ ਵਿੱਚ ਹਰੇਕ ਵਸਤੂ ਨੂੰ ਸਿਰਜਣ, ਕਾਇਮ ਰੱਖਣ, ਸੰਭਾਲੀ ਰੱਖਣ, ਨਿਯਮਕ ਕਰਨ, ਨਿਯੰਤਰਣ ਕਰਨ ਅਤੇ ਸ਼੍ਰੇਣੀ ਵਿੱਚ ਰੱਖਣ ਦੀ ਸਮਰੱਥਾ ਹੈ।

**ਪਰਮੇਸ਼ਰ ਦਾ ਪੁੱਤਰ**—"ਯਿਸੂ" ਨਾਮ ਪਰਮੇਸ਼ਰ ਦਾ ਨਾਮ ਹੈ ਜੋ ਮਨੁੱਖ ਬਣ

ਗਿਆ ਅਤੇ ਪਰਮੇਸ਼ਰ ਦੇ ਪੁੱਤਰ ਵਜੋਂ ਧਰਤੀ ਉੱਤੇ ਚੱਲਿਆ। ਪਰਮੇਸ਼ਰ ਦੇ ਪੁੱਤਰ ਵਰਗਾ ਵਿਅਕਤੀ ਨਾ ਤਾਂ ਕਦੇ ਹੋਇਆ ਸੀ ਅਤੇ ਨਾ ਹੀ ਕਦੇ ਹੋਵੇਗਾ। ਉਹ ਸਾਡੇ ਲਈ ਪ੍ਰਗਟ ਹੋਏ ਅਣਡਿੱਠ ਪਰਮੇਸ਼ਰ ਦਾ ਸਰੂਪ ਹੈ (2 ਕੁਰਿੰਥੀਆਂ 4:4; ਕੁਲੁੱਸੀਆਂ 1:15; ਇਬਰਾਨੀਆਂ 1:3)। ਉਹ ਸਾਡੇ ਦੇਖਣ ਲਈ ਪਿਤਾ ਦੀ ਮਹਿਮਾ ਦਾ ਪ੍ਰਤਿਬਿੰਬ ਹਨ (ਯੂਹੰਨਾ 1:14; ਇਬਰਾਨੀਆਂ 1:3)। ਉਹ ਪਿਤਾ ਦੇ ਨਾਲ ਇੱਕ ਹਨ ਕਿ ਜਦੋਂ ਅਸੀਂ ਉਹਨਾਂ ਨੂੰ ਵੇਖਦੇ ਹਾਂ, ਤਾਂ ਅਸੀਂ ਪਿਤਾ ਨੂੰ ਵੇਖਦੇ ਹਾਂ (ਯੂਹੰਨਾ 10:30; ਯੂਹੰਨਾ 14:7,9)। ਉਹਨਾਂ ਨੇ ਪਿਤਾ ਦੇ ਸ਼ਬਦਾਂ ਨੂੰ ਬੋਲਿਆ, ਪਿਤਾ ਦੇ ਕੰਮਾਂ ਨੂੰ ਕੀਤਾ ਅਤੇ ਪਿਤਾ ਦੀ ਇੱਛਾ ਪੂਰੀ ਕੀਤੀ (ਇਬਰਾਨੀਆਂ 10:7)। ਉਹਨਾਂ ਨੇ ਇੱਥੇ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦੀ ਸ਼ੁਰੂਆਤ ਕੀਤੀ (ਮੱਤੀ 4:17)। ਉਹ ਸਭਨਾਂ ਵਸਤਾਂ ਦੇ ਵਾਰਸ ਹਨ ਅਤੇ ਉਹੀ ਹਨ ਜਿਹਨਾਂ ਨੇ ਸਭ ਵਸਤਾਂ ਨੂੰ ਵਿਰਸੇ ਵਿੱਚ ਪ੍ਰਾਪਤ ਕੀਤਾ ਹੈ (ਇਬਰਾਨੀਆਂ 1:2,8)। ਪਵਿੱਤਰਤਾ ਦੇ ਆਤਮਾ ਅਨੁਸਾਰ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਦੁਆਰਾ ਸਮਰੱਥਾ ਨਾਲ ਉਹਨਾਂ ਨੂੰ ਪਰਮੇਸ਼ਰ ਦਾ ਪੁੱਤਰ ਠਹਿਰਾਇਆ ਗਿਆ ਸੀ (ਰੋਮੀਆਂ 1:4)। ਆਪਣੀ ਭਰਪੂਰੀ ਤੋਂ, ਉਹਨਾਂ ਨੇ ਸਾਡੇ ਉੱਤੇ ਆਪਣੀ ਬੇਹੱਦ ਕਿਰਪਾ ਨੂੰ ਵਹਾ ਦਿੱਤਾ (ਯੂਹੰਨਾ 1:16; ਰੋਮੀਆਂ 5:17)। ਪ੍ਰਭੂ ਯਿਸੂ ਦੇ ਨਾਮ ਦਾ ਉਲੇਖ ਪਿਤਾ ਦੀ ਮਹਿਮਾ ਨੂੰ ਪ੍ਰਗਟ ਕਰਨ ਦਾ ਕਾਰਨ ਬਣਦਾ ਹੈ, ਪਿਤਾ ਦੀ ਮਰਜ਼ੀ ਨੂੰ ਪੂਰਾ ਕਰਨ ਦਾ ਕਾਰਨ ਬਣਦਾ ਹੈ, ਅਤੇ ਧਰਤੀ ਉੱਤੇ ਸਾਡੇ ਲਈ ਸਵਰਗ ਨੂੰ ਖੋਲਦਾ ਹੈ।

**ਪਰਮੇਸ਼ਰ ਦਾ ਮੇਮਣਾ—**"ਯਿਸੂ" ਨਾਮ ਪਰਮੇਸ਼ਰ ਦੇ ਪਾਪ-ਰਹਿਤ, ਬੇਦਾਗ਼, ਸੰਪੂਰਣ ਮੇਮਣੇ ਦਾ ਨਾਮ ਹੈ, ਜਿਹੜਾ ਇਕੱਲਾ ਹੀ ਜਗਤ ਦੇ ਪਾਪਾਂ ਨੂੰ ਚੁੱਕ ਕੇ ਲੈ ਜਾਣ ਦੇ ਯੋਗ ਸੀ (ਯੂਹੰਨਾ 1:29; ਪਰਕਾਸ਼ ਦੀ ਪੋਥੀ 5:6)। ਉਹ ਪਰਮੇਸ਼ਰ ਦਾ ਮੇਮਣਾ ਹੈ ਜੋ ਜਗਤ ਦੀ ਨੀਂਹ ਤੋਂ ਪਹਿਲਾਂ ਹੀ ਘਾਤ ਕੀਤਾ ਗਿਆ ਸੀ (1 ਪਤਰਸ 1:18-20; ਪਰਕਾਸ਼ ਦੀ ਪੋਥੀ 13:8)। ਉਹ ਸਾਡੇ ਵਾਂਗ ਸਭਨਾਂ ਗੱਲਾਂ ਵਿੱਚ ਪਰਤਾਇਆ ਗਿਆ ਪਰ ਫਿਰ ਵੀ ਪਾਪ ਤੋਂ ਰਹਿਤ ਸੀ (ਇਬਰਾਨੀਆਂ 4:15)। ਉਸ ਦਾ ਲਹੂ ਪਵਿੱਤਰ, ਪਾਪ ਰਹਿਤ ਅਤੇ ਸ਼ੁੱਧ ਹੈ। ਉਸ ਦਾ ਲਹੂ ਪਰਮੇਸ਼ਰ ਦੇ ਅੱਗੇ ਸਵਰਗੀ ਅੱਤ ਪਵਿੱਤਰ ਸਥਾਨ ਵਿੱਚ ਚੜ੍ਹਾਇਆ ਗਿਆ ਸੀ ਜਿਸ ਨੇ ਸਾਡੇ ਛੁਟਕਾਰੇ ਨੂੰ ਪ੍ਰਾਪਤ ਕੀਤਾ (ਇਬਰਾਨੀਆਂ 9:11,12)। ਉਸ ਨੇ ਸਾਨੂੰ ਆਪਣੇ ਲਹੂ ਨਾਲ ਮੁੱਲ ਖਰੀਦ ਲਿਆ ਅਤੇ ਛੁਡਾਇਆ ਅਤੇ ਸਾਨੂੰ ਪਰਮੇਸ਼ਰ ਸਨਮੁੱਖ ਰਾਜੇ ਅਤੇ ਜਾਜਕ

ਬਣਾਇਆ (ਅਫ਼ਸੀਆਂ 1:7; ਕੁਲੁੱਸੀਆਂ 1:13,14; 1 ਪਤਰਸ 1:18; 1 ਕੁਰਿੰਥੀਆਂ 6:20; ਪਰਕਾਸ਼ ਦੀ ਪੋਥੀ 1:5,6)। ਉਹ ਪਸਾਹ ਦਾ ਮੇਮਣਾ ਹੈ (1 ਕੁਰਿੰਥੀਆਂ 5:7) ਜਿਸ ਦਾ ਲਹੂ ਸਾਨੂੰ ਢੱਕਦਾ ਹੈ, ਸਾਡੀ ਰਾਖੀ ਕਰਦਾ ਹੈ ਅਤੇ ਸਤਾਉਣ ਵਾਲੇ ਤੋਂ ਸਾਡੇ ਛੁਟਕਾਰੇ ਦੀ ਘੋਸ਼ਣਾ ਕਰਦਾ ਹੈ। ਸਾਡੇ ਲਈ ਪਰਮੇਸ਼ਰ ਦੇ ਮੇਮਣੇ ਨੇ ਜੋ ਕੀਤਾ ਹੈ, ਜਦੋਂ ਅਸੀਂ ਉਸ ਬਾਰੇ ਘੋਸ਼ਣਾ ਕਰਦੇ ਹਾਂ ਤਾਂ ਅਸੀਂ ਸ਼ੈਤਾਨ ਅਤੇ ਸਾਰੀਆਂ ਦੁਸ਼ਟ ਆਤਮਾਵਾਂ ਉੱਤੇ ਜਿੱਤ ਪਾ ਲੈਂਦੇ ਹਾਂ (ਪਰਕਾਸ਼ ਦੀ ਪੋਥੀ 12:11)। ਪਰਮੇਸ਼ਰ ਦਾ ਲੇਲਾ ਹਮੇਸ਼ਾ ਲਈ ਸਿੰਘਾਸਣ ਉੱਤੇ ਬਿਰਾਜਮਾਨ ਰਹੇਗਾ (ਪਰਕਾਸ਼ ਦੀ ਪੋਥੀ 22:3)। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੇ ਪਾਪ ਮਾਫ਼ ਕੀਤੇ ਗਏ ਹਨ। ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੋਤੇ, ਪਵਿੱਤਰ ਅਤੇ ਨੇਕ ਠਹਿਰਾਏ ਗਏ ਹਾਂ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਛੁਡਾਏ ਹੋਏ ਹਾਂ ਅਤੇ ਸ਼ੈਤਾਨ ਦਾ ਸਾਡੇ ਉੱਤੇ ਕੋਈ ਦਾਅਵਾ ਨਹੀਂ ਹੈ ਅਤੇ ਨਾ ਹੀ ਸਾਡੇ ਵਿੱਚ ਕੋਈ ਸਥਾਨ ਹੈ।

**ਮਸੀਹ, ਮਸਹ ਕੀਤਾ ਹੋਇਆ—**"ਯਿਸੂ" ਨਾਮ, ਮਸੀਹ, ਪਵਿੱਤਰ ਮਸਹ ਕੀਤੇ ਹੋਏ ਦਾ ਨਾਮ ਹੈ (ਦਾਨੀਏਲ 9:25; ਜ਼ਬੂਰ 2:2,7; ਮੱਤੀ 16:16,17; ਯੂਹੰਨਾ 4:25,26)। ਪ੍ਰਭੂ ਯਿਸੂ ਮਸੀਹ ਉਹ ਹੀ ਦਾਸ ਹਨ ਜਿਹਨਾਂ ਬਾਰੇ ਯਸਾਯਾਹ ਨਬੀ ਨੇ ਭਵਿੱਖਬਾਣੀ ਕੀਤੀ ਸੀ (ਯਸਾਯਾਹ 42:1; ਯਸਾਯਾਹ 49:6; ਯਸਾਯਾਹ 52:13; ਯਸਾਯਾਹ 53:11; ਮੱਤੀ 12:18)। ਮਸਹ ਕੀਤਾ ਹੋਇਆ ਅਤੇ ਉਹ ਦਾ ਮਸਹ ਦੁਸ਼ਟ ਆਤਮਾਵਾਂ ਦੇ ਦੁੱਖ ਦੇ ਹਰ ਦੇ ਬੋਝ ਨੂੰ ਹਟਾ ਦਿੰਦਾ ਹੈ ਅਤੇ ਸ਼ੈਤਾਨ ਦੇ ਹਰ ਜੂਲੇ ਦਾ ਨਾਸ਼ ਕਰ ਦਿੰਦਾ ਹੈ (ਯਸਾਯਾਹ 10:27)। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਦੁਸ਼ਟ ਆਤਮਾਵਾਂ ਦੇ ਹਰ ਅਤਿਆਚਾਰ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਸ਼ੈਤਾਨ ਦੇ ਹਰ ਜੂਲੇ ਦਾ ਨਾਸ਼ ਕਰ ਦਿੱਤਾ ਜਾਂਦਾ ਹੈ।

**ਜਗਤ ਦਾ ਚਾਨਣ—**"ਯਿਸੂ" ਨਾਮ ਉਹਨਾਂ ਦਾ ਨਾਮ ਹੈ ਜੋ ਸੱਚਾ ਚਾਨਣ ਹਨ (ਯੂਹੰਨਾ 1:9)। ਉਹ ਨਵੀਂ ਸਵੇਰ ਅਤੇ ਸਵੇਰ ਦਾ ਚਾਨਣ ਹਨ (ਲੂਕਾ 1:78), ਚਮਕਦਾਰ ਅਤੇ ਸਵੇਰ ਦਾ ਤਾਰਾ (2 ਪਤਰਸ 1:19; ਪਰਕਾਸ਼ ਦੀ ਪੋਥੀ 2:28; ਪਰਕਾਸ਼ ਦੀ ਪੋਥੀ 22:16)। ਉਹ ਜਗਤ ਦਾ ਚਾਨਣ ਹਨ (ਯੂਹੰਨਾ 8:12)। ਉਹਨਾਂ ਦਾ ਚਾਨਣ ਹਨੇਰੇ ਵਿੱਚ ਪ੍ਰਕਾਸ਼ ਹੋ ਕੇ ਉਦਾਸੀ, ਨਾਉਮੀਦੀ, ਨਿਰਾਸ਼ਾ ਨੂੰ ਦੂਰ ਕਰਦਾ ਹੈ ਅਤੇ ਹਨੇਰਾ ਕਿਸੇ ਵੀ ਤਰ੍ਹਾਂ ਉਹਨਾਂ ਦੇ ਚਾਨਣ ਨੂੰ ਬੁਝਾ ਨਹੀਂ ਸਕਦਾ ਜਾਂ ਉਹਨਾਂ ਦੇ ਚਾਨਣ ਅੱਗੇ ਖੜ੍ਹਾ ਨਹੀਂ ਹੋ ਸਕਦਾ ਹੈ।

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਹਨੇਰੇ ਦਾ ਹਰੇਕ ਕੰਮ ਅਤੇ ਹਨੇਰੇ ਦੁਆਰਾ ਬਣਾਈ ਗਈ ਜਾਂ ਰੂਪ ਅੰਕਿਤ ਗਈ ਹਰੇਕ ਵਸਤੂ ਨੂੰ ਨਾਸ਼ ਅਤੇ ਦੂਰ ਕੀਤਾ ਜਾਂਦਾ ਹੈ। ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਦੇ ਅੱਗੇ ਹਨੇਰਾ ਹਟ ਜਾਂਦਾ ਹੈ।

**ਚੰਗਾ ਚਰਵਾਹਾ—**"ਯਿਸੂ" ਨਾਮ ਇੱਕ ਚੰਗੇ ਚਰਵਾਹੇ ਦਾ ਨਾਮ ਹੈ (ਯੂਹੰਨਾ 10:11), ਭੇਡਾਂ ਦਾ ਮਹਾਨ ਚਰਵਾਹਾ (ਇਬਰਾਨੀਆਂ 13:20), ਸਾਡੀਆਂ ਜਾਨਾਂ ਦਾ ਚਰਵਾਹਾ ਅਤੇ ਨਿਗਾਹਬਾਨ (1 ਪਤਰਸ 2:25), ਅਤੇ ਪ੍ਰਧਾਨ ਚਰਵਾਹਾ (1 ਪਤਰਸ 5:4)। ਉਹ ਨਰਮਾਈ ਨਾਲ ਆਪਣੀਆਂ ਭੇਡਾਂ ਦੀ ਅਗਵਾਈ ਕਰਦਾ ਹੈ, ਮਾਰਗਦਰਸ਼ਨ ਕਰਦਾ ਹੈ, ਪਾਲਣ-ਪੋਸ਼ਣ ਕਰਦਾ ਹੈ, ਤਸੱਲੀ ਦਿੰਦਾ ਹੈ, ਚੰਗਾ ਕਰਦਾ ਹੈ, ਬਹਾਲ ਕਰਦਾ ਹੈ, ਰਖਵਾਲੀ ਕਰਦਾ ਹੈ ਅਤੇ ਭੇਡਾਂ ਦੀ ਨਿਗਾਹਬਾਨੀ ਕਰਦਾ ਹੈ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਸਾਨੂੰ ਉਹਨਾਂ ਦੀਆਂ ਭੇਡਾਂ ਨੂੰ—ਢੱਕਿਆ, ਸੁਰੱਖਿਅਤ ਅਤੇ ਸੰਭਾਲ ਕੇ ਰੱਖਿਆ ਗਿਆ ਹੈ ਅਤੇ ਕੋਈ ਵੀ ਸਾਨੂੰ ਉਹਨਾਂ ਦੇ ਹੱਥਾਂ ਵਿੱਚੋਂ ਖੋਹ ਨਹੀਂ ਸਕਦਾ ਹੈ।

**ਰਾਹ, ਸੱਚ, ਅਤੇ ਜੀਵਨ—**"ਯਿਸੂ" ਨਾਮ ਉਹਨਾਂ ਦਾ ਨਾਮ ਹੈ ਜੋ ਪਿਤਾ ਕੋਲ ਆਉਣ ਦਾ ਰਾਹ ਹਨ (ਯੂਹੰਨਾ 14:6)। ਉਹ ਬੂਹਾ ਹੈ (ਯੂਹੰਨਾ 10:7)। ਰਾਜ ਵਿੱਚ ਪ੍ਰਵੇਸ਼ ਹੋਣ ਦਾ ਉਹ ਇਕਲੌਤਾ ਸ੍ਰੋਤ ਹਨ। ਉਹ ਸਚਾਈ ਹਨ । ਝੂਠ, ਛਲ, ਵਾਦ-ਵਿਵਾਦ ਅਤੇ ਬਹਿਸ ਉਹਨਾਂ ਦੇ ਅੱਗੇ ਸ਼ਕਤੀਹੀਣ ਹੋ ਕੇ ਹੇਠਾਂ ਡਿਗ ਪੈਂਦੇ ਹਨ। ਉਹ ਸੱਚ ਹਨ ਅਤੇ ਉਹ ਸੱਚਮੁੱਚ ਹੀ ਲੋਕਾਂ ਨੂੰ ਆਜ਼ਾਦ ਕਰਦੇ ਹਨ (ਯੂਹੰਨਾ 8:31,32,36)। ਉਹ ਜੀਵਨ ਹਨ—ਜੀਵਨ ਦੀ ਰੋਟੀ ਅਤੇ ਸਦੀਪਕ ਜੀਵਨ ਦਾ ਸ੍ਰੋਤ ਹਨ (ਯੂਹੰਨਾ 6:33,35,48-51)। ਉਹ ਜੀਵਨ ਦਾ ਜਲ ਹਨ (ਯੂਹੰਨਾ 4:10,14; ਯੂਹੰਨਾ 7:37,38; ਪਰਕਾਸ਼ ਦੀ ਪੋਥੀ 21:6; ਪਰਕਾਸ਼ ਦੀ ਪੋਥੀ 22:17)। ਉਹ ਜੀਵਨ ਦਿੰਦੇ ਹਨ ਅਤੇ ਭਰਪੂਰੀ ਨਾਲ ਜੀਵਨ ਦਿੰਦੇ ਹਨ (ਯੂਹੰਨਾ 10:10)। ਉਹਨਾਂ ਵਿੱਚ, ਸਾਡੀ ਪਿਆਸ ਬੁਝ ਜਾਂਦੀ ਹੈ ਅਤੇ ਸਾਡੀਆਂ ਅਤਿਅੰਤ ਉਤਸੁਕਤਾਵਾਂ ਸੰਤੁਸ਼ਟ ਹੋ ਜਾਂਦੀਆਂ ਹਨ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਗੁਆਚੇ ਹੋਏ ਰਾਹ ਲੱਭ ਲੈਂਦੇ ਹਨ, ਸਚਿਆਈ ਅੱਗੇ ਵਧਦੀ ਹੈ, ਰਿਹਾਈ ਦਿੰਦੀ ਹੈ ਅਤੇ ਰਾਜ ਕਰਦੀ ਹੈ ਅਤੇ ਜਿਹੜੇ ਲੋਕ ਪਾਪ ਵਿੱਚ ਮਰੇ ਹੋਏ ਹਨ ਉਹ ਸਦੀਪਕ ਜੀਵਨ ਦਾ ਪਰਮੇਸ਼ਰ ਦੀ ਕਿਸਮ ਦੇ ਜੀਵਨ ਦਾ ਅਨੁਭਵ ਕਰਦੇ ਹਨ।

**ਮੁਕਤੀਦਾਤਾ—**"ਯਿਸੂ" ਨਾਮ ਸੰਸਾਰ ਦੇ ਮੁਕਤੀਦਾਤਾ ਦਾ ਨਾਮ ਹੈ (ਮੱਤੀ 1:21;

ਲੂਕਾ 2:11; 1 ਤਿਮੋਥਿਉਸ 1:15; 1 ਯੂਹੰਨਾ 4:14)। ਉਹਨਾਂ ਨੇ ਸਾਰੇ ਸੰਸਾਰ ਦੇ ਪਾਪ ਚੁੱਕ ਲਏ (ਯਸਾਯਾਹ 53:4; 1 ਯੂਹੰਨਾ 2:2), ਅਤੇ ਉਸ ਕੀਮਤ ਦੀ ਭਰਪਾਈ ਕੀਤੀ ਜਿਸ ਨੂੰ ਅਸੀਂ ਭਰਨਾ ਸੀ ਅਤੇ ਸਾਡੀ ਜਗ੍ਹਾ ਇਸ ਲਈ ਨਰਕ ਵਿੱਚ ਗਏ ਕਿ ਸਾਨੂੰ ਮੁਫ਼ਤ ਵਿੱਚ ਮਾਫ਼ ਕੀਤਾ ਜਾ ਸਕੇ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਸਾਡੇ ਪਾਪ ਮਾਫ਼ ਕੀਤੇ ਗਏ ਹਨ ਅਤੇ ਅਸੀਂ ਬਚਾਏ ਗਏ ਹਾਂ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੁਕਤੀ ਹੈ!

**ਚੰਗਾ ਕਰਨ ਵਾਲਾ—**"ਯਿਸੂ" ਨਾਮ ਮਹਾਨ ਵੈਦ ਦਾ ਨਾਮ ਹੈ, ਜੋ ਸਾਨੂੰ ਹਰੇਕ ਬਿਮਾਰੀ ਅਤੇ ਹਰੇਕ ਰੋਗ ਤੋਂ ਚੰਗਾ ਕਰਦਾ ਹੈ (ਮੱਤੀ 4:23-25)। ਲੰਗੜਿਆਂ ਨੂੰ ਤੁਰਨ, ਅੰਨ੍ਹਿਆਂ ਨੂੰ ਵੇਖਣ, ਬੋਲ਼ਿਆਂ ਨੂੰ ਸੁਣਨ, ਗੂੰਗਿਆਂ ਨੂੰ ਬੋਲਣ, ਲੂਲ੍ਹੇ ਅਤੇ ਟੁੰਡਿਆਂ ਨੂੰ ਤੰਦਰੁਸਤ ਹੋਣ ਦਾ ਅਤੇ ਲੋਕਾਂ ਨੂੰ ਹਰ ਬਿਮਾਰੀ ਅਤੇ ਹਰ ਰੋਗ ਤੋਂ ਚੰਗਾ ਕਰਨ ਦਾ ਉਹ ਕਾਰਨ ਬਣਿਆ ਹੈ (ਮੱਤੀ 15:29-31)। ਉਹਨਾਂ ਨੇ ਸਾਡੇ ਸਾਰੇ ਰੋਗਾਂ, ਦੁੱਖਾਂ, ਅਤੇ ਪੀੜਾਂ ਨੂੰ ਸਲੀਬ ਉੱਤੇ ਚੁੱਕ ਲਿਆ ਹੈ ਤਾਂ ਜੋ ਉਹਨਾਂ ਦੀ ਮਾਰ ਨਾਲ ਅਸੀਂ ਨਰੋਏ ਕੀਤੇ ਜਾਈਏ (ਯਸਾਯਾਹ 53:4,5; 1 ਪਤਰਸ 2:24)। ਉਹ ਨੇਕੀ ਦਾ ਸੂਰਜ ਹਨ ਜੋ ਆਪਣੇ ਖੰਭਾਂ ਵਿੱਚ ਸਾਨੂੰ ਚੰਗਿਆਈ ਨਾਲ ਢੱਕਦੇ ਹਨ (ਮਲਾਕੀ 4:2)। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਬਿਮਾਰੀ ਅਤੇ ਰੋਗ ਚੰਗੇ ਕੀਤੇ ਜਾਂਦੇ ਹਨ। ਸਰੀਰਿਕ ਖ਼ਰਾਬੀ, ਬੈਰੂਪਤਾ, ਅਸੁਭਾਵਿਕਤਾਵਾਂ, ਪੁਰਾਣੇ ਰੋਗ, ਅਤੇ ਲਾਇਲਾਜ ਬਿਮਾਰੀਆਂ ਉਸ ਸਮਰੱਥੀ ਨਾਮ ਅੱਗੇ ਝੁਕਦੀਆਂ ਹਨ ਕਿ ਲੋਕ ਚੰਗਿਆਈ ਪ੍ਰਾਪਤ ਕਰਨ।

***ਸ਼ਾਲੋਮ* ਦਾ ਰਾਜਕੁਮਾਰ—**"ਯਿਸੂ" ਨਾਮ ਉਹਨਾਂ ਦਾ ਨਾਮ ਹੈ ਜੋ *ਸ਼ਾਲੋਮ* ਦੇ ਰਾਜਕੁਮਾਰ, ਸ਼ਾਂਤੀ ਦਾ ਰਾਜਕੁਮਾਰ ਹਨ (ਯਸਾਯਾਹ 9:6)। ਉਹ ਇੱਕ ਅਜਿਹੇ ਰਾਜਾ ਹਨ ਜੋ ਆਪਣੇ ਕੋਲ ਆਉਣ ਵਾਲੇ ਸਭ ਲੋਕਾਂ ਨੂੰ ਸਮੁੱਚਤਾ ਪ੍ਰਦਾਨ ਕਰਦੇ ਹਨ। ਸਾਡੇ ਲਈ *ਸ਼ਾਲੋਮ*—ਸ਼ਾਂਤੀ, ਪੂਰੀ ਭਲਿਆਈ ਅਤੇ ਸੰਪੂਰਨਤਾ ਪ੍ਰਦਾਨ ਕਰਨ ਲਈ ਉਹਨਾਂ ਨੇ ਸਲੀਬ ਉੱਤੇ ਸਜ਼ਾ ਨੂੰ ਝੱਲ ਲਿਆ (ਯਸਾਯਾਹ 53:5)। ਉਹ ਸੱਚੀ ਸ਼ਾਂਤੀ ਦਿੰਦੇ ਹਨ, ਅਜਿਹੀ ਸ਼ਾਂਤੀ ਜੋ ਸੰਸਾਰ ਨਹੀਂ ਦੇ ਸਕਦਾ ਹੈ (ਯੂਹੰਨਾ 14:27; ਯੂਹੰਨਾ 16:33)। ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਉੱਲੇਖ ਸੱਚੀ *ਸ਼ਾਲੋਮ*—ਸ਼ਾਂਤੀ, ਪੂਰੀ ਭਲਿਆਈ ਅਤੇ ਸੰਪੂਰਨਤਾ ਪ੍ਰਦਾਨ ਕਰਦੀ ਹੈ। ਉਹਨਾਂ ਦਾ ਨਾਮ ਸਾਡੇ ਡਰ ਨੂੰ ਸ਼ਾਂਤ ਕਰਦਾ ਹੈ, ਉਲਝਣਾਂ ਨੂੰ ਹਟਾਉਂਦਾ ਹੈ, ਕਸ਼ਟਾਂ ਨੂੰ ਦੂਰ ਕਰਦਾ ਹੈ ਅਤੇ ਸੰਪੂਰਨਤਾ ਦਾ ਪ੍ਰਬੰਧ ਕਰਦਾ ਹੈ।

**ਚਮਤਕਾਰ ਕਰਨ ਵਾਲਾ**—ਸਾਰੀਆਂ ਅਸੀਸਾਂ ਦਾ ਸ੍ਰੋਤ। "ਯਿਸੂ" ਨਾਮ ਵੱਡੇ ਚਮਤਕਾਰ ਕਰਨ ਵਾਲੇ ਦਾ ਨਾਮ ਹੈ। ਜਿਹਨਾਂ ਨੇ ਮੁਰਦਿਆਂ ਨੂੰ ਜਿਉਂਦਾ ਕੀਤਾ, ਪਾਣੀ ਨੂੰ ਮੈ ਵਿੱਚ ਬਦਲਿਆ, ਭੋਜਨ ਵਿੱਚ ਵਾਧਾ ਕੀਤਾ, ਤੂਫਾਨਾਂ ਅਤੇ ਲਹਿਰਾਂ ਨੂੰ ਸ਼ਾਂਤ ਕੀਤਾ, ਬਹੁਤ ਸਾਰੀਆਂ ਮੱਛੀਆਂ ਫੜ੍ਹਨ ਦਾ ਕਾਰਨ ਬਣਿਆ ਅਤੇ ਹੋਰ ਬਹੁਤ ਸਾਰੇ ਚਮਤਕਾਰ ਕੀਤੇ ਅਤੇ ਅੱਜ ਵੀ ਉਸੇ ਤਰ੍ਹਾਂ ਹੀ ਕਰਦੇ ਜਿਸ ਤਰ੍ਹਾਂ ਕਿ ਉਹਨਾਂ ਨੇ ਬਾਈਬਲ ਦੇ ਦਿਨਾਂ ਦੌਰਾਨ ਕੀਤਾ ਸੀ (ਇਬਰਾਨੀਆਂ 13:8)। ਉਹ ਹੀ ਹਨ ਜਿਹਨਾਂ ਨੇ ਸਲੀਬ ਉੱਤੇ ਆਪ ਸਰਾਪ ਬਣ ਕੇ ਸਾਡੀ ਅਣਆਗਿਆਕਾਰੀ ਲਈ ਸਾਡੇ ਹਰ ਸਰਾਪ ਨੂੰ ਹਟਾ ਦਿੱਤਾ (ਗਲਾਤੀਆਂ 3:13,14)। ਅਬਰਾਹਾਮ ਦੀ ਅਸੀਸ ਸਾਡੇ ਉੱਤੇ ਖੁੱਲ੍ਹਣ ਦਾ ਉਹ ਸ੍ਰੋਤ ਬਣੇ ਹਨ। ਮਸੀਹ ਵਿੱਚ, ਅਸੀਂ ਹਰ ਉਸ ਅਸੀਸ ਦੇ ਨਾਲ ਅਸੀਸਵਾਨ ਹਾਂ ਜੋ ਪਰਮੇਸ਼ਰ ਵੱਲੋਂ ਆਉਂਦੀ ਹੈ (ਅਫ਼ਸੀਆਂ 1:3)। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਚਮਤਕਾਰ ਹੁੰਦੇ ਹਨ, ਹਾਲਾਤ ਬਦਲਦੇ ਹਨ, ਅਸੰਭਵ ਸੰਭਵ ਹੋ ਜਾਂਦਾ ਹੈ, ਹਰ ਸਰਾਪ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਪਰਮੇਸ਼ਰ ਦੀਆਂ ਅਸੀਸਾਂ ਮੁਫ਼ਤ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

**ਮੁਕਤੀਦਾਤਾ, ਛੁਡਾਉਣ ਵਾਲਾ ਨਜ਼ਦੀਕੀ ਰਿਸ਼ਤੇਦਾਰ** —"ਯਿਸੂ" ਨਾਮ ਉਹਨਾਂ ਦਾ ਨਾਮ ਹੈ ਜੋ ਸਾਨੂੰ ਛੁਡਾਉਣ ਵਾਲੇ, ਸਾਡੇ ਮੁਕਤੀਦਾਤੇ ਨਜ਼ਦੀਕੀ ਰਿਸ਼ਤੇਦਾਰ ਬਣ ਗਏ (ਯਸਾਯਾਹ 59:20; ਰੋਮੀਆਂ 11:26)। ਉਹ ਸਾਡੇ ਵਿੱਚੋਂ ਇੱਕ ਵਰਗੇ (ਇਬਰਾਨੀਆਂ 2:11,14,15; ਇਬਰਾਨੀਆਂ 10:5), ਸਾਡੇ ਖ਼ੂਨ ਦੇ ਰਿਸ਼ਤੇ ਵਾਲੇ ਸਾਡੇ ਭਰਾ, ਸਾਡੇ ਪਰਿਵਾਰਕ ਸਦੱਸ ਬਣ ਗਏ ਤਾਂ ਜੋ ਉਹ ਸਾਡੇ ਹਾਲਾਤ ਵਿੱਚ ਕਦਮ ਰੱਖ ਸਕਣ ਅਤੇ ਸਾਨੂੰ ਇਸ ਹਾਲਾਤ ਵਿੱਚੋਂ ਬਾਹਰ ਕੱਢ ਸਕਣ। ਪ੍ਰਭੂ ਯਿਸੂ ਮਸੀਹ ਆਖ਼ਰੀ ਆਦਮ, ਦੂਜੇ ਮਨੁੱਖ ਹਨ (1 ਕੁਰਿੰਥੀਆਂ 15:45-47)। ਉਹ ਮਨੁੱਖ ਮਸੀਹ ਯਿਸੂ ਹਨ (1 ਤਿਮੋਥਿਉਸ 2:5)। ਇਸ ਮਨੁੱਖ ਨੇ ਸਾਨੂੰ ਪਤਨ ਤੋਂ ਛੁਟਕਾਰਾ ਦਿੱਤਾ ਹੈ। ਪ੍ਰਭੂ ਯਿਸੂ ਮਸੀਹ ਨੇ ਸਾਨੂੰ ਉਸ ਸਭ ਤੋਂ ਬਾਹਰ ਕੱਢਿਆ ਹੈ, ਜਿਸ ਦਾ ਆਦਮ ਨੇ ਸਾਨੂੰ ਗ਼ੁਲਾਮ ਬਣਾ ਦਿੱਤਾ ਸੀ। ਪ੍ਰਭੂ ਯਿਸੂ ਮਸੀਹ ਨੇ ਆਪਣੇ ਆਪ ਨੂੰ ਦੰਡ ਭਰਨ ਦੀ ਕੀਮਤ, ਸਾਰਿਆਂ ਦੇ ਛੁਟਕਾਰਾ ਦੀ ਕੀਮਤ ਦੇ ਰੂਪ ਵਿੱਚ ਦੇ ਦਿੱਤਾ (1 ਤਿਮੋਥਿਉਸ 2:6)। ਉਹ ਕੰਗਾਲ ਬਣੇ ਤਾਂ ਜੋ ਅਸੀਂ ਧਨਵਾਨ ਬਣ ਸਕੀਏ (2 ਕੁਰਿੰਥੀਆਂ 8:9)। ਅਸੀਂ ਹੁਣ ਪ੍ਰਭੂ ਦੇ ਛੁਡਾਏ ਹੋਏ ਹਾਂ—ਪਾਪ ਦੀ ਗ਼ੁਲਾਮੀ ਤੋਂ ਛੁਡਾਏ ਹੋਏ ਹਾਂ (ਰੋਮੀਆਂ 6:14; ਤੀਤੁਸ 2:14), ਹਰ ਸਰਾਪ ਤੋਂ ਛੁਡਾਏ ਹੋਏ ਹਾਂ (ਗਲਾਤੀਆਂ 3:13),

ਸ਼ੈਤਾਨ ਤੋਂ ਛੁਡਾਏ ਹੋਏ ਹਾਂ (ਕੁਲੁੱਸੀਆਂ 1:13,14), ਅਤੇ ਇਸ ਵਰਤਮਾਨ ਬੁਰੇ ਯੁੱਗ ਤੋਂ ਬਚਾਏ ਗਏ ਹਾਂ (ਗਲਾਤੀਆਂ 1:4)। ਪ੍ਰਭੂ ਯਿਸੂ ਮਸੀਹ ਉਹ ਬਣ ਗਏ ਜੋ ਅਸੀਂ ਸੀ ਤਾਂਕਿ ਉਹ ਸਾਨੂੰ ਉੱਥੇ ਉੱਚਾ ਕਰ ਸਕਣ ਜਿੱਥੇ ਉਹ ਹਨ ਅਤੇ ਸਾਨੂੰ ਪੁੱਤਰ ਅਤੇ ਧੀਆਂ, ਪਰਮੇਸ਼ਰ ਦੇ ਵਾਰਸ ਅਤੇ ਸੰਗੀ ਵਾਰਸ ਬਣਾ ਸਕਣ। ਅਤੇ ਪ੍ਰਭੂ ਯਿਸੂ ਮਸੀਹ ਦੇ ਕਾਰਨ ਹੀ, ਅਸੀਂ ਨੇਕ ਠਹਿਰਾਏ ਗਏ ਹਾਂ, ਪਰਮੇਸ਼ਰ ਦੀ ਭਰਪੂਰ ਕਿਰਪਾ ਨਾਲ ਭਰਪੂਰ ਹਾਂ ਅਤੇ ਅਸੀਂ ਜੀਵਨ ਉੱਤੇ ਰਾਜ ਕਰਦੇ ਹਾਂ (ਰੋਮੀਆਂ 5:15-19)। ਮੇਰਾ ਛੁਟਕਾਰਾ ਦੇਣ ਵਾਲਾ ਜੀਉਂਦਾ ਹੈ! (ਅੱਯੂਬ 19:25,26) ਪ੍ਰਭੂ ਯਿਸੂ ਮਸੀਹ ਦਾ ਸਮਰੱਥੀ ਨਾਮ ਛੁਟਕਾਰਾ ਦਿੰਦਾ ਹੈ, ਨਿਸਤਾਰਾ ਦਿੰਦਾ ਹੈ, ਬੰਧਨਾਂ ਨੂੰ ਤੋੜਦਾ ਹੈ, ਦੱਬੇ-ਕੁਚਲਿਆਂ ਨੂੰ ਰਿਹਾਈ ਦਿੰਦਾ ਹੈ, ਗ਼ੁਲਾਮਾਂ ਨੂੰ ਆਜ਼ਾਦ ਕਰਦਾ ਹੈ ਅਤੇ ਜੀਵਨ ਵਿੱਚ ਸਾਨੂੰ ਰਾਜ ਅਤੇ ਹਕੂਮਤ ਕਰਨ ਦਾ ਕਾਰਨ ਬਣਦਾ ਹੈ!

**ਸ਼ੈਤਾਨ ਦਾ ਨਾਸ ਕਰਨ ਵਾਲਾ—**"ਯਿਸੂ" ਨਾਮ ਉਸ ਵਿਅਕਤੀ ਦਾ ਨਾਮ ਹੈ ਜੋ ਸੱਪ ਦੇ ਸਿਰ ਨੂੰ ਫੇਵਣ ਲਈ ਇਸਤਰੀ ਦੀ ਸੰਤਾਨ ਵਜੋਂ ਆਇਆ ਸੀ (ਉਤਪਤ 3:15)। ਪ੍ਰਭੂ ਯਿਸੂ ਮਸੀਹ ਉਹ ਹੀ ਹਨ ਜਿਹਨਾਂ ਨੇ ਸ਼ੈਤਾਨ ਨੂੰ ਧਰਤੀ ਉੱਤੇ ਉਸ ਦੇ ਰਾਜ ਦੇ ਸਥਾਨ ਤੋਂ ਬਾਹਰ ਕੱਢ ਦਿੱਤਾ (ਯੂਹੰਨਾ 12:31)। ਇਹ ਪ੍ਰਭੂ ਯਿਸੂ ਮਸੀਹ ਉਹ ਹੀ ਹਨ ਜਿਹਨਾਂ ਕੋਲ ਸ਼ੈਤਾਨ ਆਇਆ ਅਤੇ ਉਹਨਾਂ ਵਿੱਚ ਕੋਈ ਥਾਂ, ਕੋਈ ਪਹੁੰਚ, ਕੋਈ ਪੈਰ ਦਾ ਜਮਾ, ਕੋਈ ਸ਼ਕਤੀ ਅਤੇ ਕੋਈ ਵੀ ਅਧਿਕਾਰ ਨਹੀਂ ਰੱਖ ਸਕਿਆ (ਯੂਹੰਨਾ 14:30)। ਸਲੀਬ ਉੱਤੇ ਇਹ ਪ੍ਰਭੂ ਯਿਸੂ ਮਸੀਹ ਨੇ ਸ਼ੈਤਾਨ ਦਾ ਨਿਆਂ ਕੀਤਾ, ਸ਼ੈਤਾਨ ਨੂੰ ਦੋਸ਼ੀ ਠਹਿਰਾਇਆ ਅਤੇ ਸ਼ੈਤਾਨ ਨੂੰ ਸਜ਼ਾ ਦਾ ਹੁਕਮ ਸੁਣਾਇਆ (ਯੂਹੰਨਾ 16:11)। ਪ੍ਰਭੂ ਯਿਸੂ ਮਸੀਹ ਨੇ ਸਲੀਬ ਉੱਤੇ ਸ਼ੈਤਾਨ ਅਤੇ ਉਸ ਦੇ ਸਾਰੇ ਦੁਸ਼ਟ ਦੂਤਾਂ ਨੂੰ ਨਿਹੱਥਾ ਕਰ ਦਿੱਤਾ ਅਤੇ ਉਹਨਾਂ ਉੱਤੇ ਆਪਣੀ ਜਿੱਤ ਦਾ ਜਨਤਕ ਪ੍ਰਦਰਸ਼ਨ ਕੀਤਾ (ਕੁਲੁੱਸੀਆਂ 2:15)। ਉਹ ਜ਼ੋਰਾਵਰ ਆਦਮੀ ਹਨ ਜੋ ਜ਼ੋਰਾਵਰ ਆਦਮੀ ਦੇ ਘਰ ਵਿੱਚ ਦਾਖਲ ਹੋਏ, ਅਤੇ ਉਸ ਨੂੰ ਨਿਹੱਥਾ ਕਰ ਦਿੱਤਾ, ਅਤੇ ਉਸ ਦਾ ਮਾਲ-ਧਨ ਲੁੱਟ ਲਿਆ (ਲੂਕਾ 11:21,22)। ਇਸ ਪ੍ਰਭੂ ਯਿਸੂ ਮਸੀਹ ਨੇ ਆਪਣੀ ਮੌਤ ਦੁਆਰਾ, ਸ਼ੈਤਾਨ ਦਾ ਨਾਸ ਕਰ ਦਿੱਤਾ (ਇਬਰਾਨੀਆਂ 2:14)। ਅਤੇ ਉਹਨਾਂ ਨੇ ਇਹ ਸਭ ਕੁਝ ਕੇਵਲ, ਸਾਡੇ ਲਈ, ਸਾਡੀ ਪ੍ਰਤੀਨਿਧਤਾ ਕਰਦੇ ਹੋਏ ਅਤੇ ਸਾਡੇ ਬਦਲੇ ਕੀਤਾ। ਅੱਜ, ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਵਿੱਚ, ਸ਼ੈਤਾਨ ਅਤੇ ਉਸ ਦੇ ਦੁਸ਼ਟ ਦੂਤ ਕੰਬਦੇ ਹਨ ਅਤੇ ਵਿਸ਼ਵਾਸੀ ਦੇ ਅੱਗੋਂ ਭੱਜ ਜਾਂਦੇ ਹਨ, ਦੁਸ਼ਟ

ਆਤਮਾਵਾਂ ਨੂੰ ਬਾਹਰ ਕੱਢਿਆ ਜਾਂਦਾ ਹੈ, ਸ਼ੈਤਾਨ ਦੇ ਕੰਮਾਂ ਦਾ ਨਾਸ ਕੀਤਾ ਜਾਂਦਾ ਹੈ ਅਤੇ ਲੋਕਾਂ ਨੂੰ ਛੁਡਾਇਆ ਜਾਂਦਾ ਹੈ।

**ਜੇਤੂ, ਫ਼ਤਿਹ ਪਾਉਣ ਵਾਲਾ, ਹਮੇਸ਼ਾ ਲਈ ਰਾਜਾ—**"ਯਿਸੂ" ਨਾਮ ਉਹਨਾਂ ਦਾ ਨਾਮ ਹੈ ਜਿਹਨਾਂ ਨੇ ਪਤਾਲ ਅਤੇ ਕਬਰ ਨੂੰ ਜਿੱਤ ਲਿਆ ਹੈ ਅਤੇ ਮੁਰਦਿਆਂ ਵਿੱਚੋਂ ਜਿੱਤੇ ਹੋਏ ਜੀ ਉੱਠੇ, ਜੇਠੇ, ਅਤੇ ਸੁੱਤਿਆਂ ਹੋਇਆ ਵਿੱਚੋਂ ਪਹਿਲੇ ਫਲ ਹਨ (ਪਰਕਾਸ਼ ਦੀ ਪੋਥੀ 1:5,18; ਕੁਲੁੱਸੀਆਂ 1:18)। ਪ੍ਰਭੂ ਯਿਸੂ ਮਸੀਹ ਉਹ ਹੀ ਹਨ ਜਿਹਨਾਂ ਕੋਲ ਅਕਾਸ਼ ਅਤੇ ਧਰਤੀ ਦਾ ਸਾਰਾ ਅਧਿਕਾਰ ਹੈ (ਮੱਤੀ 28:18)। ਪ੍ਰਭੂ ਯਿਸੂ ਮਸੀਹ ਸਭਨਾਂ ਵਸਤਾਂ ਉੱਤੇ ਪ੍ਰਧਾਨ ਹਨ ਅਤੇ ਸਭ ਕੁਝ ਉਹਨਾਂ ਦੇ ਪੈਰਾਂ ਦੀ ਅਧੀਨਗੀ ਹੇਠਾਂ ਹੈ। ਉਹ ਪਿਤਾ ਦੇ ਸੱਜੇ ਹੱਥ ਬਿਰਾਜਮਾਨ ਹਨ, ਸਾਰੀ ਪ੍ਰਧਾਨਤਾ, ਇਖ਼ਤਿਆਰ, ਸਮਰੱਥਾ, ਪ੍ਰਭੁਤਾ ਅਤੇ ਹਰ ਇੱਕ ਨਾਮ ਤੋਂ ਉਤਾਹਾਂ ਨਾਮ ਹੈ, ਜੋ ਨਾ ਕੇਵਲ ਇਸ ਯੁੱਗ ਵਿੱਚ ਸਗੋਂ ਆਉਣ ਵਾਲੇ ਯੁੱਗ ਵਿੱਚ ਵੀ ਲਿਆ ਜਾਵੇਗਾ (ਅਫ਼ਸੀਆਂ 1:20-22)। ਅੱਜ, ਉਹ ਨਵੇਂ ਨੇਮ ਦੇ ਵਿਚੋਲੇ ਹਨ (1 ਤਿਮੋਥਿਉਸ 2:4,5; ਇਬਰਾਨੀਆਂ 7:25; ਇਬਰਾਨੀਆਂ 8:6; ਇਬਰਾਨੀਆਂ 9:16,17), ਸਾਡੇ ਇਕਰਾਰ ਦੇ ਰਸੂਲ ਹਨ (ਇਬਰਾਨੀਆਂ 3:1), ਮੋਹਰੀ ਹਨ (ਇਬਰਾਨੀਆਂ 6:20), ਪਵਿੱਤਰ ਸਥਾਨ ਦੇ ਸੇਵਕ ਹਨ (ਇਬਰਾਨੀਆਂ 8:2), ਸਾਡੇ ਮਹਾਨ ਮਹਾ ਜਾਜਕ ਹਨ (ਇਬਰਾਨੀਆਂ 3:1; ਇਬਰਾਨੀਆਂ 4:14), ਸਿਫ਼ਾਰਸ਼ ਕਰਨ ਵਾਲੇ ਹਨ (ਇਬਰਾਨੀਆਂ 7:25), ਅਤੇ ਵਕੀਲ (ਸਹਾਇਕ) ਹਨ (1 ਯੂਹੰਨਾ 2:1)। ਪ੍ਰਭੂ ਯਿਸੂ ਮਸੀਹ ਪਹਿਲੇ ਅਤੇ ਆਖ਼ਰੀ, ਅਲਫਾ ਅਤੇ ਓਮੇਗਾ ਹਨ, ਉਹ ਹੀ ਹਨ ਜਿਹਨਾਂ ਵਿੱਚ ਆਦ ਤੋਂ ਅੰਤ ਤੱਕ ਸਭ ਕੁਝ ਇਕੱਠਾ ਹੈ ਅਤੇ ਫਿਰ ਵੀ ਉਹ ਆਦ ਅਤੇ ਅੰਤ ਤੋਂ ਬਿਨਾਂ ਹਨ ਅਤੇ ਆਦ ਤੋਂ ਅੰਤ ਤੱਕ ਸਰਵਉੱਚ ਅਤੇ ਰਾਜਾ ਹਨ (ਪਰਕਾਸ਼ ਦੀ ਪੋਥੀ 1:8; ਪਰਕਾਸ਼ ਦੀ ਪੋਥੀ 2:8; ਪਰਕਾਸ਼ ਦੀ ਪੋਥੀ 21:6; ਪਰਕਾਸ਼ ਦੀ ਪੋਥੀ 22:13)। ਉਹ ਆਮੀਨ ਹਨ (ਪਰਕਾਸ਼ ਦੀ ਪੋਥੀ 3:14), ਸੋ ਹੀ ਹੋਵੇ, ਪਰਮੇਸ਼ਰ ਦੇ ਸਾਰੇ ਉਦੇਸ਼ਾਂ ਨੂੰ ਪੂਰਾ ਕਰਨ ਵਾਲੇ ਹਨ (ਅਫ਼ਸੀਆਂ 1:10; ਅਫ਼ਸੀਆਂ 3:10,11)। ਪ੍ਰਭੂ ਯਿਸੂ ਮਸੀਹ ਯੱਸੀ ਦਾ ਟੁੰਡ (ਯਸਾਯਾਹ 11:1), ਟਹਿਣਾ (ਯਸਾਯਾਹ 11:1; ਜ਼ਕਰਯਾਹ 3:8; ਜ਼ਕਰਯਾਹ 6:12), ਦਾਊਦ ਦਾ ਵਾਅਦਾ ਕੀਤਾ ਹੋਇਆ ਅੰਸ (2 ਤਿਮੋਥਿਉਸ 2:8), ਦਾਊਦ ਦੀ ਜੜ੍ਹ ਅਤੇ ਸੰਤਾਨ (ਪਰਕਾਸ਼ ਦੀ ਪੋਥੀ 5:5; ਪਰਕਾਸ਼ ਦੀ ਪੋਥੀ 22:16), ਯਹੂਦਾਹ ਦੇ ਗੋਤ ਦੇ ਬੱਬਰ ਸ਼ੇਰ (ਪਰਕਾਸ਼ ਦੀ ਪੋਥੀ 5:5) ਅਤੇ

ਉਹ ਹਨ ਜਿਹਨਾਂ ਨੇ ਸਾਰਾ ਕੁਝ ਜਿੱਤ ਲਿਆ ਹੈ। ਪ੍ਰਭੂ ਯਿਸੂ ਮਸੀਹ ਧਰਤੀ ਦੇ ਰਾਜਿਆਂ ਉੱਤੇ ਸ਼ਾਸਕ ਹਨ (ਪਰਕਾਸ਼ ਦੀ ਪੋਥੀ 1:5)। ਮਸੀਹ ਯਿਸੂ ਸਾਡੇ ਪ੍ਰਭੂ ਹਨ (1 ਤਿਮੋਥਿਉਸ 1:12), ਮਹਿਮਾਮਈ ਪ੍ਰਭੂ ਹਨ (1 ਕੁਰਿੰਥੀਆਂ 2:8), ਅਤੇ ਸਾਰਿਆਂ ਦੇ ਪ੍ਰਭੂ ਹਨ (ਰਸੂਲਾਂ ਦੇ ਕਰਤੱਬ 10:36)। ਪ੍ਰਭੂ ਯਿਸੂ ਮਸੀਹ ਉਹ ਹਨ ਜੋ ਸਭ ਤੋਂ ਉੱਚੇ ਦਰਜੇ ਵਾਲੇ ਹਨ, ਸਭ ਗੱਲਾਂ ਵਿੱਚ ਪਹਿਲਾ ਸਥਾਨ ਉਹਨਾਂ ਦਾ ਹੀ ਹੈ, ਇਸ ਲਈ ਉਹ ਹਮੇਸ਼ਾ ਲਈ ਸਭ ਤੋਂ ਉੱਚੇ ਹੀ ਰਹਿਣਗੇ (ਕੁਲੁੱਸੀਆਂ 1:18)। ਪ੍ਰਭੂ ਯਿਸੂ ਮਸੀਹ ਧੰਨ ਹਨ ਅਤੇ ਇਕਲੌਤੇ ਸ਼ਕਤੀਵਾਨ ਸਮਰਾਟ ਹਨ, ਰਾਜਿਆਂ ਦੇ ਰਾਜੇ ਅਤੇ ਪ੍ਰਭੂਆਂ ਦੇ ਪ੍ਰਭੂ, ਅਮਰ, ਕਦੇ ਨਾ ਹਾਰਨ ਵਾਲੇ ਹਨ, ਸਾਰਾ ਆਦਰ ਅਤੇ ਅਨਾਦੀ ਸਮਰੱਥਾ ਉਹਨਾਂ ਦੀ ਹੈ, ਅਤੇ ਉਹ ਹਮੇਸ਼ਾ ਲਈ ਹਕੂਮਤ ਅਤੇ ਸ਼ਾਸਨ ਕਰਨ ਲਈ ਵਾਪਸ ਆ ਰਹੇ ਹਨ। ਆਮੀਨ (1 ਤਿਮੋਥਿਉਸ 6:15,16; ਪਰਕਾਸ਼ ਦੀ ਪੋਥੀ 19:15,16)। ਪ੍ਰਭੂ ਯਿਸੂ ਮਸੀਹ ਦਾ ਨਾਮ ਉਹ ਸਭ ਕੁਝ ਦਾ ਪ੍ਰਬੰਧ ਕਰਦਾ ਹੈ ਜਿਸ ਦੀ ਸਾਨੂੰ ਲੋੜ ਹੁੰਦੀ ਹੈ। ਪ੍ਰਭੂ ਯਿਸੂ ਮਸੀਹ ਦਾ ਨਾਮ ਸਾਰੇ ਖੇਤਰਾਂ ਨੂੰ ਹੁਕਮ ਦਿੰਦਾ ਹੈ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਸਵਰਗ, ਧਰਤੀ ਅਤੇ ਪਤਾਲ ਵਿੱਚ ਹਰ ਗੋਡਾ ਝੁਕੇਗਾ ਅਤੇ ਹਰ ਜੀਭ ਇਕਰਾਰ ਕਰੇਗੀ ਹੈ ਕਿ ਉਹ ਇਕੱਲੇ ਹੀ ਪ੍ਰਭੂ ਹਨ।

ਜਦੋਂ ਵਿਸ਼ਵਾਸ ਨਾਲ ਉਹਨਾਂ ਦਾ ਪੁਕਾਰਿਆ ਜਾਂਦਾ ਹੈ, ਤਾਂ ਉਹਨਾਂ ਦਾ ਨਾਮ ਉਹ ਸਭ ਕੁਝ ਅਜਿਹਾ ਕਰੇਗਾ ਜੇਕਰ ਉਹ ਸਰੀਰਕ ਤੌਰ ਤੇ ਮੌਜੂਦ ਹੁੰਦਾ ਹੈ। ਉਹ ਆਪਣੇ ਨਾਮ ਦੇ ਉੱਲੇਖ ਜਿੰਨਾ ਨੇੜੇ ਹੈ। ਜੋ ਵੀ ਉਹ ਹਨ ਅਤੇ ਜੋ ਕੁਝ ਵੀ ਉਹਨਾਂ ਨੇ ਪੂਰਾ ਕੀਤਾ ਹੈ ਉਹ ਉਸ ਨਾਮ ਵਿੱਚ ਹੈ, ਉਹਨਾਂ ਦੇ ਗੌਰਵਸ਼ਾਲੀ ਨਾਮ ਰਾਹੀਂ ਸ਼ਾਮਲ ਅਤੇ ਪ੍ਰਗਟ ਕੀਤਾ ਗਿਆ ਹੈ। ਉਹ, ਪ੍ਰਭੂ ਯਿਸੂ ਮਸੀਹ, ਆਪਣੇ ਨਾਮ ਵਿੱਚ ਹਨ।

---

ਜੋ ਵੀ ਉਹ ਹਨ

ਅਤੇ ਜੋ ਕੁਝ ਵੀ ਉਹਨਾਂ ਨੇ ਪੂਰਾ ਕੀਤਾ ਹੈ

ਉਹ ਉਸ ਨਾਮ ਵਿੱਚ ਹੈ,

ਉਹਨਾਂ ਦੇ ਗੌਰਵਸ਼ਾਲੀ ਨਾਮ ਰਾਹੀਂ

ਸ਼ਾਮਲ ਅਤੇ ਪ੍ਰਗਟ ਕੀਤਾ ਗਿਆ ਹੈ।

---

# ਸਮੀਖਿਆ

1) ਵਿਅਕਤੀ ਪ੍ਰਭੂ ਯਿਸੂ ਮਸੀਹ ਬਾਰੇ ਵਿਚਾਰ ਕਰੋ, ਉਹ ਕੌਣ ਹਨ, ਉਹਨਾਂ ਨੇ ਕੀ ਕੀਤਾ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਉਹ ਕੀ ਕਰਨ ਜਾ ਰਹੇ ਹਨ। ਘੱਟੋ-ਘੱਟ ਪ੍ਰਭੂ ਯਿਸੂ ਮਸੀਹ ਦੇ ਤਿੰਨ ਪਹਿਲੂਆਂ ਬਾਰੇ ਵਿਚਾਰ ਕਰੋ ਜਿਹਨਾਂ ਦਾ ਇਸ ਅਧਿਆਇ ਵਿੱਚ ਉੱਲੇਖ ਨਹੀਂ ਕੀਤਾ ਗਿਆ ਹੈ, ਕਿ ਤੁਸੀਂ ਵਰਣਨ ਵਿੱਚ ਜੋੜ ਸਕੋ ਕਿ ਉਹ ਕੌਣ ਹਨ।

# 3

# ਪਰਮੇਸ਼ਰ ਦੇ ਨਾਮਾਂ ਦੇ ਪੁਰਾਣੇ ਨੇਮ ਦਾ ਪ੍ਰਕਾਸ਼ਨ

ਜਦੋਂ ਅਸੀਂ ਵਿਸ਼ਵਾਸੀ ਇਸ ਬਾਰੇ ਛਾਣਬੀਣ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਕਿ ਪ੍ਰਭੂ ਯਿਸੂ ਮਸੀਹ ਨੇ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਦੇ ਕੇ ਸਾਡੇ ਲਈ ਕੀ ਮੁਹੱਈਆ ਕਰਵਾਇਆ ਹੈ, ਤਾਂ ਸਾਨੂੰ ਦੋ ਮਹੱਤਵਪੂਰਨ ਪਹਿਲੂਆਂ ਨੂੰ ਸਮਝਣ ਦੀ ਲੋੜ ਹੈ।

ਪਹਿਲਾ ਪਹਿਲੂ, ਜਿਸ ਨੂੰ ਸਾਨੂੰ ਸਮਝਣ ਦੀ ਲੋੜ ਹੈ ਉਹ ਇਹ ਹੈ, ਕਿ ਜਦੋਂ ਪ੍ਰਭੂ ਯਿਸੂ ਮਸੀਹ ਨੇ 12 ਰਸੂਲਾਂ ਅਤੇ ਬਾਅਦ ਵਿੱਚ 70 ਚੇਲਿਆਂ ਅਤੇ ਹੋਰਾਂ ਨਾਲ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਬਾਰੇ ਗੱਲ ਕੀਤੀ ਸੀ, ਤਾਂ ਇਹ ਸਾਰੇ ਯਹੂਦੀ ਲੋਕ ਸਨ। ਆਪਣੀ ਆਤਮਿਕ ਵਿਰਾਸਤ ਦੇ ਹਿੱਸੇ ਵਜੋਂ, ਯਹੂਦੀਆਂ ਨੂੰ ਜੀਵਨ ਦੇ ਰੋਜ਼ਾਨਾ ਮੁੱਦਿਆਂ ਵਿੱਚ ਯਹੋਵਾਹ ਪਰਮੇਸ਼ਰ ਦੇ ਨਾਮ ਦੀ ਵਰਤੋਂ ਦੀ ਡੂੰਘੀ ਸਮਝ ਸੀ। ਨਵੇਂ ਨੇਮ ਦੇ ਵਿਸ਼ਵਾਸੀ ਹੁੰਦੇ ਹੋਏ, ਇਹ ਪੁਰਾਣੇ ਨੇਮ ਨੂੰ ਦੇਖਣ ਦੇ ਨਾਲ ਸਾਨੂੰ ਇਸ ਨੂੰ ਸਮਝਣ ਵਿੱਚ ਸਾਡੀ ਸਹਾਇਤਾ ਕਰੇਗਾ। ਇਸ ਅਧਿਆਇ ਵਿੱਚ, ਅਸੀਂ ਪੁਰਾਣੇ ਨੇਮ ਵਿੱਚ ਯਹੋਵਾਹ ਪਰਮੇਸ਼ਰ ਦੇ ਨਾਮ ਦੀ ਵਰਤੋਂ ਅਤੇ ਸਮਝ ਦਾ ਇੱਕ ਤੀਬਰ ਸਰਵੇਖਣ ਕਰਾਂਗੇ।

ਦੂਜਾ ਪਹਿਲੂ, ਪ੍ਰਭੂ ਯਿਸੂ ਮਸੀਹ ਸਾਨੂੰ ਸੌਂਪੇ ਗਏ ਆਤਮਿਕ ਅਧਿਕਾਰ ਵਿੱਚ ਚੱਲਣ ਦੇ ਅਰਥ ਦੀ ਸੰਪੂਰਨ ਉਦਾਹਰਨ ਅਤੇ ਰੂਪ ਹਨ। ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਮ ਵਿੱਚ ਆਏ ਸਨ ਅਤੇ ਪਿਤਾ ਦੇ ਨਾਮ ਵਿੱਚ ਉਹਨਾਂ ਨੇ ਆਪਣੇ ਕੰਮਾਂ ਨੂੰ ਕੀਤਾ ਸੀ। ਜਿਸ ਤਰ੍ਹਾਂ ਕਿ ਪਿਤਾ ਨੂੰ ਪੇਸ਼ ਕਰਨ ਲਈ ਪਿਤਾ ਦੇ ਨਾਮ ਵਿੱਚ ਪ੍ਰਭੂ ਯਿਸੂ ਮਸੀਹ ਆਏ ਸਨ, ਉਸੇ ਤਰ੍ਹਾਂ ਹੀ ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਵਿੱਚ ਉਹਨਾਂ ਨੂੰ ਪੇਸ਼ ਕਰਨ ਲਈ ਸਾਨੂੰ ਭੇਜਿਆ ਹੈ। ਇਸ ਲਈ, ਅਗਲੇ ਅਧਿਆਇ ਵਿੱਚ, ਅਸੀਂ ਇਸ ਤੇ ਧਿਆਨ ਦੇਵਾਂਗੇ ਕਿ ਪ੍ਰਭੂ ਯਿਸੂ ਮਸੀਹ ਦਾ ਪਿਤਾ ਦੇ ਨਾਮ ਵਿੱਚ ਆਉਣ ਦਾ ਕੀ ਅਰਥ ਸੀ। ਜਦੋਂ ਸੰਸਾਰ ਵਿੱਚ, ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਣ ਦੀ ਅਭਿਲਾਸ਼ਾ ਕਰਦੇ ਹਾਂ, ਤਾਂ ਸਾਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ।

ਇੱਕ ਵਾਰ ਜਦੋਂ ਅਸੀਂ ਇਹਨਾਂ ਦੋ ਮਹੱਤਵਪੂਰਨ ਪਹਿਲੂਆਂ ਨੂੰ ਸਮਝ ਲੈਂਦੇ ਹਾਂ, ਤਾਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦੇ ਆਪਣੇ ਵਿਸ਼ੇਸ਼ ਅਧਿਕਾਰ, ਹੱਕ ਅਤੇ ਜੋ ਨਵਾਂ ਨੇਮ ਸਾਨੂੰ ਪੇਸ਼ ਕਰਦਾ ਹੈ ਅਸੀਂ ਇਸ ਦੀ ਛਾਣਬੀਣ ਕਰ ਲਵਾਂਗੇ।

ਅਸੀਂ ਪਹਿਲਾਂ ਪੁਰਾਣੇ ਨੇਮ ਵਿੱਚ ਪਰਮੇਸ਼ਰ ਦੇ ਕੁਝ ਮਹੱਤਵਪੂਰਨ ਨਾਮਾਂ ਅਤੇ ਸਿਰਲੇਖਾਂ ਨੂੰ ਪੇਸ਼ ਕਰਦੇ ਹਾਂ। ਇਸ ਤੋਂ ਬਾਅਦ, ਅਸੀਂ ਸਰਵੇਖਣ ਕਰਾਂਗੇ ਕਿ ਇਸਰਾਏਲ ਦੇ ਲੋਕ ਆਪਣੇ ਰੋਜ਼ਾਨਾ ਜੀਵਨ ਵਿੱਚ ਪਰਮੇਸ਼ਰ ਦੇ ਨਾਮ ਦਾ ਆਦਰ ਕਿਸ ਤਰ੍ਹਾਂ ਕਰਦੇ ਸਨ।

## *ਏਲੋਹਿਮ (ਪਰਮੇਸ਼ਰ)*

**ਉਤਪਤ 1:1**

**[1]ਆਦ ਵਿੱਚ ਪਰਮੇਸ਼ਰ (*ਏਲੋਹਿਮ*) ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ**

ਇਬਰਾਨੀ ਸ਼ਬਦ, *'ਏਲੋਹਿਮ'* ਸਭ ਤੋਂ ਵੱਧ ਵਰਤਿਆ ਜਾਣ ਵਾਲਾ ਸ਼ਬਦ ਹੈ ਜਿਸ ਦਾ ਅਨੁਵਾਦ ਪੁਰਾਣੇ ਨੇਮ ਵਿੱਚ "ਪਰਮੇਸ਼ਰ" ਕੀਤਾ ਗਿਆ ਹੈ ਅਤੇ ਇਹ ਸਰਵ-ਸ਼ਕਤੀਮਾਨ, ਸ਼ਕਤੀਸ਼ਾਲੀ, ਜ਼ੋਰਾਵਰ ਅਤੇ ਮਹਾ ਸਮਰੱਥੀ ਪਰਮੇਸ਼ਰ ਨੂੰ ਦਰਸਾਉਂਦਾ ਹੈ। ਦਿਲਚਸਪ ਗੱਲ ਇਹ ਹੈ, ਕਿ *'ਏਲੋਹਿਮ'* ਇੱਕ ਇਬਰਾਨੀ ਬਹੁਵਚਨ ਸ਼ਬਦ ਹੈ, ਅਤੇ ਇਸ ਦੇ ਅਰਥ ਦੀ ਵਰਤੋਂ "ਦੇਵਤੇ" ਜਾਂ "ਜ਼ੋਰਾਵਰਾਂ" ਜਾਂ "ਸ਼ਕਤੀਸ਼ਾਲੀਆਂ" (ਇੱਕ ਤੋਂ ਵੱਧ) ਲਈ ਵੀ ਕੀਤੀ ਜਾ ਸਕਦਾ ਹੈ। ਅਹਿਮ ਤੌਰ ਤੇ, ਜਦੋਂ *'ਏਲੋਹਿਮ'* ਦੀ ਵਰਤੋਂ ਪਰਮੇਸ਼ਰ ਲਈ ਕੀਤੀ ਜਾਂਦੀ ਹੈ, ਤਾਂ ਇਸ ਦੀ ਵਰਤੋਂ ਹਮੇਸ਼ਾ ਇਕਵਚਨ ਕਿਰਿਆਵਾਂ ਨਾਲ ਕੀਤੀ ਜਾਂਦੀ ਹੈ। ਇਸ ਲਈ, *'ਏਲੋਹਿਮ'* ਭਾਂਵੇ ਕਿ ਇੱਕ ਬਹੁਵਚਨ ਨਾਮ ਹੈ, ਪਰ ਪਰਮੇਸ਼ਰ ਦਾ ਉੱਲੇਖ ਕਰਦੇ ਸਮੇਂ, ਇਹ ਇਕਵਚਨ ਤਰੀਕੇ ਨਾਲ ਵਰਤਿਆ ਜਾਂਦਾ ਹੈ, ਇਸ ਤਰ੍ਹਾਂ ਇਹ ਬਿਨਾਂ ਕਿਸੇ ਵੰਡ ਦੇ ਏਕਤਾ ਅਤੇ ਸਮਝੌਤੇ ਵੱਲ ਇਸ਼ਾਰਾ ਕਰਦਾ ਹੈ—*"ਹੇ ਇਸਰਾਏਲ, ਸੁਣ! ਯਹੋਵਾਹ ਸਾਡਾ ਪਰਮੇਸ਼ਰ (ਏਲੋਹਿਮ) ਇੱਕੋ ਹੀ ਯਹੋਵਾਹ ਹੈ"* (ਬਿਵਸਥਾ ਸਾਰ 6:4)। *'ਏਲੋਹਿਮ'* ਨੂੰ ਅਕਸਰ ਹੀ ਇੱਕ ਸਮੂਹਕ ਨਾਂਵ ਦੇ ਸਮਾਨ ਬਹੁਵਚਨ ਨਾਂਵ ਵਜੋਂ ਦਰਸਾਇਆ ਜਾਂਦਾ ਹੈ। ਇਹ ਤਿੰਨ ਵਿਅਕਤੀਆਂ ਵਿੱਚ ਇੱਕ ਪਰਮੇਸ਼ਰ, ਤ੍ਰਿਏਕ ਪਰਮੇਸ਼ਰ ਵੱਲ ਇਸ਼ਾਰਾ ਕਰਦਾ ਹੈ। *"ਇਸ ਲਈ ਗਵਾਹੀ ਦੇਣ ਵਾਲੇ ਤਿੰਨ ਜਣੇ ਹਨ, ਆਤਮਾ, ਪਾਣੀ ਅਤੇ ਖ਼ੂਨ ਅਤੇ ਤਿੰਨਾਂ ਦੀ ਗਵਾਹੀ ਆਪਸ ਵਿੱਚ ਮਿਲਦੀ ਹੈ"* (1 ਯੂਹੰਨਾ 5:7,8)। *'ਏਲੋਹਿਮ'*, ਬਾਈਬਲ

ਦੇ ਪਰਮੇਸ਼ਰ, ਤਿੰਨ ਵਿਅਕਤੀਆਂ ਵਿੱਚ ਇੱਕ ਪਰਮੇਸ਼ਰ ਉਹ ਪਰਮੇਸ਼ਰ ਹਨ ਜਿਹਨਾਂ ਨੇ ਸਾਰੀਆਂ ਵਸਤਾਂ ਨੂੰ ਸਿਰਜਿਆ ਹੈ।

## *ਏਲ (ਪਰਮੇਸ਼ਰ)*

ਇਬਰਾਨੀ ਸ਼ਬਦ ‘ਏਲ’ ਜਿਸ ਦਾ ਅਨੁਵਾਦ “ਪਰਮੇਸ਼ਰ” ਵਜੋਂ ਕੀਤਾ ਗਿਆ ਹੈ, ਇਹ ਜ਼ੋਰਾਵਰ, ਸਰਵ-ਸ਼ਕਤੀਮਾਨ ਜਾਂ ਮਹਾ ਸਮਰੱਥੀ ਨੂੰ ਦਰਸਾਉਂਦਾ ਹੈ। ਇਹ ਪਰਮੇਸ਼ਰ ਨੂੰ ਸ਼ਕਤੀਮਾਨ ਹੋਣ ਵਜੋਂ ਦਰਸਾਉਂਦਾ ਹੈ। ਇਸ ਦਾ ਪਹਿਲਾ ਵਰਣਨ ਉਤਪਤ 14:18 ਵਿੱਚ ਮਿਲਦਾ ਹੈ। ਏਲ ਪਰਮੇਸ਼ਰ ਦੇ ਅਨੇਕ ਗੁਣਾਂ ਨਾਲ ਜੁੜਿਆ ਹੋਇਆ ਹੈ (ਜਿਵੇਂ ਕਿ ਕੁਝ ਨੂੰ ਪਵਿੱਤਰ ਗ੍ਰੰਥ ਦੀਆਂ ਆਇਤਾਂ ਨਾਲ ਸੂਚੀਬੱਧ ਕੀਤਾ ਗਿਆ ਹੈ।) ਪਵਿੱਤਰ ਗ੍ਰੰਥ ਦੀਆਂ ਦਿੱਤੀਆਂ ਗਈਆਂ ਆਇਤਾਂ ਦਾ ਧਿਆਨ ਕਰਨ, ਅਧਿਐਨ ਕਰਨ ਅਤੇ ਪਰਮੇਸ਼ਰ ਦੇ ਇਹਨਾਂ ਨਾਮਾਂ ਅਤੇ ਗੁਣਾਂ ਉੱਤੇ ਵਿਚਾਰ ਕਰਨ ਲਈ ਇਹ ਤੁਹਾਡੇ ਸਮੇਂ ਲਈ ਫਾਇਦੇਮੰਦ ਹੋਵੇਗਾ।

ਪਰਮੇਸ਼ਰ ਦੇ ਇਹਨਾਂ ਗੁਣਾਂ ਦਾ ਅਧਿਐਨ ਕਰਦੇ ਹੋਏ ਤੁਹਾਡੇ ਦਿਲਾਂ ਵਿੱਚ ਪਰਮੇਸ਼ਰ ਦੀ ਅਰਾਧਨਾ ਦਾ ਉਭਾਰ ਹੋਵੇ।

- ***ਏਲ ਏਲਯੋਨ:*** ਅੱਤ ਮਹਾਨ ਪਰਮੇਸ਼ਰ, ਸਭ ਤੋਂ ਉੱਚੇ ਪਰਮੇਸ਼ਰ (ਉਤਪਤ 14:18-22)।
- ***ਏਲ ਸ਼ੱਡਾਈ:*** ਸਰਵ-ਸ਼ਕਤੀਮਾਨ ਪਰਮੇਸ਼ਰ, ਇੱਕ ਹੀ ਕਾਫ਼ੀ, ਪਰਮੇਸ਼ਰ ਜੋ ਵਧੇਰੇ ਤੋਂ ਕਾਫ਼ੀ ਹਨ, ਸਮਰੱਥਾ ਵਾਲੇ (ਉਤਪਤ 17:1)।
- ***ਏਲ ਓਲਾਮ:*** ਸਦੀਪਕ ਪਰਮੇਸ਼ਰ, ਸਦੀਵ ਕਾਲ ਦੇ ਪਰਮੇਸ਼ਰ, ਹਮੇਸ਼ਾ ਲਈ ਪਰਮੇਸ਼ਰ (ਉਤਪਤ 21:33)।
- ***ਏਲ ਕੰਨਾ:*** ਅਣਖ ਰੱਖਣ ਵਾਲੇ ਪਰਮੇਸ਼ਰ (ਕੂਚ 20:5)।
- **ਏਲ ਰਾਖ਼ੂਓਮ:** ਦਿਆਲੂ ਪਰਮੇਸ਼ਰ, ਦਯਾਵਾਨ ਪਰਮੇਸ਼ਰ (ਬਿਵਸਥਾ ਸਾਰ 4:31)।
- ***ਏਲ ਅਮਾਨ:*** ਵਫ਼ਾਦਾਰ ਪਰਮੇਸ਼ਰ (ਬਿਵਸਥਾ ਸਾਰ 7:9)।
- ***ਏਲ ਗਦੋਲ:*** ਸ਼ਕਤੀਸ਼ਾਲੀ ਪਰਮੇਸ਼ਰ, ਮਹਾਨ ਪਰਮੇਸ਼ਰ (ਬਿਵਸਥਾ ਸਾਰ 7:21; ਬਿਵਸਥਾ ਸਾਰ 10:17)।

- ***ਏਲ ਗਿਬੋਓਰ:*** ਸ਼ਕਤੀਸ਼ਾਲੀ ਪਰਮੇਸ਼ਰ, ਯੋਧਾ ਪਰਮੇਸ਼ਰ (ਬਿਵਸਥਾ ਸਾਰ 10:17)।
- ***ਏਲ ਯਾਰੇ:*** ਭਿਆਨਕ ਪਰਮੇਸ਼ਰ, ਭੈਅ ਦਾਇਕ ਪਰਮੇਸ਼ਰ (ਬਿਵਸਥਾ ਸਾਰ 10:17)।
- ਬੇਇਨਸਾਫ਼ੀ ਤੋਂ ਬਿਨਾਂ ਸਚਿਆਈ ਦਾ ਇੱਕ ਪਰਮੇਸ਼ਰ *(ਏਲ)*; ਨੇਕ ਅਤੇ ਖੜ੍ਹਾ (ਬਿਵਸਥਾ ਸਾਰ 32:4)।
- ***ਏਲ ਖ਼ਾਹੇ:*** ਜਿਉਂਦੇ ਪਰਮੇਸ਼ਰ (ਯਹੋਸ਼ੁਆ 3:10)।

---

ਪਰਮੇਸ਼ਰ ਦੇ ਨਾਮ ਅਤੇ ਸਿਰਲੇਖ
ਪਰਮੇਸ਼ਰ ਦੇ ਸੁਭਾਅ ਅਤੇ ਗੁਣਾਂ ਦੇ
ਪਹਿਲੂਆਂ ਨੂੰ
ਪ੍ਰਗਟ ਕਰਦੇ ਹਨ।

---

## ਮੈਂ ਹਾਂ ਜੋ ਮੈਂ ਹਾਂ

**ਕੂਚ 3:13-15**

**13ਫੇਰ ਮੂਸਾ ਨੇ ਪਰਮੇਸ਼ਰ ਨੂੰ ਆਖਿਆ, ਵੇਖ ਜਦ ਮੈਂ ਇਸਰਾਏਲੀਆਂ ਦੇ ਕੋਲ ਜਾਵਾਂ ਅਰ ਉਨ੍ਹਾਂ ਨੂੰ ਆਖਾਂ ਭਈ ਤੁਹਾਡੇ ਪਿਉ ਦਾਦਿਆਂ ਦੇ ਪਰਮੇਸ਼ਰ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ ਤਾਂ ਓਹ ਮੈਨੂੰ ਆਖਣਗੇ ਭਈ ਉਸ ਦਾ ਨਾਮ ਕੀ ਹੈ? ਤਾਂ ਮੈਂ ਉਨ੍ਹਾਂ ਨੂੰ ਕੀ ਦੱਸਾਂ?**
**14ਪਰਮੇਸ਼ਰ ਨੇ ਮੂਸਾ ਨੂੰ ਆਖਿਆ, "ਮੈਂ ਹਾਂ ਜੋ ਮੈਂ ਹਾਂ" ਅਤੇ ਤੂੰ ਇਸਰਾਏਲੀਆਂ ਨੂੰ ਐਉਂ ਆਖੀਂ ਕਿ "ਮੈਂ ਹਾਂ" ਨਾਮੀ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ**
**15ਪਰਮੇਸ਼ਰ ਨੇ ਮੂਸਾ ਨੂੰ ਹੋਰ ਇਹ ਆਖਿਆ, ਤੂੰ ਇਸਰਾਏਲੀਆਂ ਨੂੰ ਐਉਂ ਆਖੀਂ ਕਿ ਯਹੋਵਾਹ ਤੁਹਾਡੇ ਪਿਉ ਦਾਦਿਆਂ ਦੇ ਪਰਮੇਸ਼ਰ, ਅਬਰਾਹਾਮ ਦੇ ਪਰਮੇਸ਼ਰ, ਇਸਹਾਕ ਦੇ ਪਰਮੇਸ਼ਰ, ਅਰ ਯਾਕੂਬ ਦੇ ਪਰਮੇਸ਼ਰ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ। ਸਦੀਪ ਕਾਲ ਤੋਂ ਮੇਰਾ ਏਹੋ ਹੀ ਨਾਮ ਹੈ ਅਤੇ ਪੀੜ੍ਹੀਓਂ ਪੀੜ੍ਹੀ ਮੇਰੀ ਏਹੋ ਹੀ ਯਾਦਗਾਰੀ ਹੈ**

ਜਿਸ ਤਰ੍ਹਾਂ ਕਿ ਕੂਚ 3 ਵਿੱਚ ਲਿਪੀਬੱਧ ਹੈ, ਕਿ ਜਦੋਂ ਮੂਸਾ ਨੇ ਪਰਮੇਸ਼ਰ ਤੋਂ ਉਹਨਾਂ ਦਾ ਨਾਮ ਪੁੱਛਿਆ, ਤਾਂ *'ਏਲੋਹਿਮ'* ਨੇ ਮੂਸਾ ਨੂੰ ਆਖਿਆ "ਮੈਂ ਹਾਂ" (ਹਮੇਸ਼ਾ ਹੋਂਦ 'ਚ ਰਹਿੰਦਾ ਹਾਂ, ਹਮੇਸ਼ਾ ਰਹਾਂਗਾ) "ਜੋ" "ਮੈਂ ਹਾਂ" (ਹਮੇਸ਼ਾ ਹੋਂਦ 'ਚ ਹਾਂ, ਹਮੇਸ਼ਾ ਰਹਾਂਗਾ), ਜਾਂ ਛੋਟਾ ਕਰਕੇ "ਮੈਂ ਹਾਂ" ਉਸ ਪਰਮੇਸ਼ਰ ਦਾ

ਉੱਲੇਖ ਕਰਨਾ ਹੈ ਜੋ ਹਮੇਸ਼ਾ ਹੋਂਦ ’ਚ ਹਨ, ਜੋ ਹਮੇਸ਼ਾ ਰਹਿਣਗੇ। ਬਾਈਬਲ ਦੇ ਪਰਮੇਸ਼ਰ ਉਹ ਪਰਮੇਸ਼ਰ ਹਨ ਜਿਹੜੇ ਸਮੇਂ ਤੋਂ ਸੁਤੰਤਰ ਹਨ। ਉਹ ਸਦੀਪਕਾਲ ਵਿੱਚ ਰਹਿੰਦੇ ਹਨ। ਉਹ ਹਨ। ਉਹ ਸਮੇਂ ਤੋਂ ਬਾਹਰ ਇੱਕ ਖੇਤਰ ਵਿੱਚ ਰਹਿੰਦੇ ਹਨ। ਸਮਾਂ ਜਿਸ ਤਰ੍ਹਾਂ ਕਿ ਸਾਨੂੰ ਇਹ ਪਤਾ ਹੈ ਕਿ ਪਰਮੇਸ਼ਰ ਲਈ ਮਹੱਤਵ ਨਹੀਂ ਰੱਖਦਾ। ਉਹ ਅਨਾਦੀ, ਸਵੈ-ਹੋਂਦ ਵਾਲੇ ਪਰਮੇਸ਼ਰ ਹਨ। ਇਹ ਮਹਾਨ ਮੈਂ ਹਾਂ *“ਅਬਰਾਹਾਮ ਦੇ ਪਰਮੇਸ਼ਰ, ਇਸਹਾਕ ਦੇ ਪਰਮੇਸ਼ਰ, ਅਤੇ ਯਾਕੂਬ ਦਾ ਪਰਮੇਸ਼ਰ ਹਨ।”* ਇਹ ਪੁਰਖੇ ਇਸ ਮਹਾਨ “ਮੈਂ ਹਾਂ” ਦੇ ਨਾਲ ਚੱਲੇ ਸਨ ਅਤੇ ਇਸ ਮਹਾਨ “ਮੈਂ ਹਾਂ” ਦੀ ਉਹਨਾਂ ਨੇ ਸੇਵਾ ਕੀਤੀ ਸੀ।

ਦਿਲਚਸਪ ਗੱਲ ਇਹ ਹੈ ਕਿ ਅਸੀਂ ਜਾਣਦੇ ਹਾਂ ਕਿ ਨਵੇਂ ਨੇਮ ਵਿੱਚ, ਪ੍ਰਭੂ ਯਿਸੂ ਮਸੀਹ ਨੇ ਆਪਣੇ ਲਈ ਇਸੇ ਸਿਰਲੇਖ ਦੀ ਵਰਤੋਂ ਕੀਤੀ ਸੀ। ਯਿਸੂ ਨੇ ਉਹਨਾਂ ਨੂੰ ਕਿਹਾ, *“ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਾਮ ਦੇ ਪੈਦਾ ਹੋਣ ਤੋਂ ਪਹਿਲਾਂ ਮੈਂ ਹਾਂ”* (ਯੂਹੰਨਾ 8:58)।

## ਯਹੋਵਾਹ (ਲੋਰਡ)

ਸ਼ਾਇਦ ਇਸਰਾਏਲ ਦੇ ਲੋਕਾਂ ਲਈ ਸਭ ਤੋਂ ਮਹੱਤਵਪੂਰਨ ਨਾਮ, ਅਤੇ ਪੁਰਾਣੇ ਨੇਮ ਵਿੱਚ ਵਰਤਿਆ ਜਾਣ ਵਾਲਾ ਇੱਕ ਨਾਮ ਇਬਰਾਨੀ ਨੇਮ ਦਾ ਨਾਮ “ਯਹੋਵਾਹ” (ਜਾਂ *ਯਹੋਵਾਹ* ਜਾਂ *ਯਾਹਵੇ*) ਹੈ। ਅੰਗਰੇਜ਼ੀ ਭਾਸ਼ਾ ਦੀ ਬਾਈਬਲ ਦੇ ਵੱਖ-ਵੱਖ ਵਰਜ਼ਨਸ ਵਿੱਚ ਇਸ ਨਾਮ ਦਾ ਅਨੁਵਾਦ ਲੋਰਡ, ਯਹੋਵਾਹ, ਯਾਹਵੇ, ਪਰਮੇਸ਼ਰ, ਆਦਿ ਵਜੋਂ ਕੀਤਾ ਗਿਆ ਹੈ। ਕਿੰਗ ਜੇਮਜ਼ ਵਰਜ਼ਨ ਅਤੇ ਨਿਊ ਕਿੰਗ ਜੇਮਜ਼ ਵਰਜ਼ਨ “ਯਹੋਵਾਹ” ਨੂੰ ਲੋਰਡ ਵਜੋਂ ਬਿਆਨ ਕਰਦੇ ਹਨ ਅਤੇ ਇਸ ਲਈ, ਇਹ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ।

**ਕੂਚ 6:2-4**
**2ਫੇਰ ਪਰਮੇਸ਼ਰ ਨੇ ਮੂਸਾ ਨਾਲ ਗੱਲ ਕੀਤੀ ਅਰ ਉਸ ਨੂੰ ਆਖਿਆ, ਮੈਂ ਯਹੋਵਾਹ ਹਾਂ,**
**3ਮੈਂ ਅਬਰਾਹਾਮ, ਇਸਹਾਕ, ਅਰ ਯਾਕੂਬ ਨੂੰ ਸਰਬ ਸ਼ਕਤੀਮਾਨ ਪਰਮੇਸ਼ਰ ਦੇ ਨਾਮ ਉੱਤੇ**
**ਦਰਸ਼ਣ ਦਿੱਤਾ ਪਰ ਮੈਂ ਆਪਣੇ ਯਹੋਵਾਹ ਨਾਮ ਨਾਲ ਉਨ੍ਹਾਂ ਉੱਤੇ ਪਰਗਟ ਨਹੀਂ ਹੋਇਆ**
**4ਮੈਂ ਉਨ੍ਹਾਂ ਨਾਲ ਆਪਣਾ ਨੇਮ ਵੀ ਕਾਇਮ ਕੀਤਾ ਤਾਂ ਜੋ ਮੈਂ ਉਹਨਾਂ ਨੂੰ ਕਨਾਨ ਦੇਸ ਦੇਵਾਂ**
**ਅਰਥਾਤ ਓਹਨਾਂ ਦੀ ਮੁਸਾਫਰੀ ਦਾ ਦੇਸ ਜਿਸ ਵਿੱਚ ਓਹ ਪਰਦੇਸੀ ਰਹੇ**

“ਯਹੋਵਾਹ” ਨਾਮ ਅਨਾਦੀ, ਸਵੈ-ਹੋਂਦ ਵਾਲੇ, ਨਾ ਬਦਲਣ ਵਾਲੇ ਪਰਮੇਸ਼ਰ ਨੂੰ ਦਰਸਾਉਂਦਾ ਹੈ ਜਿਹੜੇ ਨੇਮ ਨੂੰ ਪੂਰਾ ਕਰਦੇ ਹਨ। ਜਦੋਂ ਪਰਮੇਸ਼ਰ ਨੇ

ਮੂਸਾ ਨੂੰ ਸੌਂਪੇ ਹੋਏ ਕੰਮ ਲਈ ਭੇਜਣ ਦੀ ਗੱਲ ਕੀਤੀ ਸੀ, ਤਾਂ ਪਰਮੇਸ਼ਰ ਨੇ ਆਪਣੇ ਨਾਮ "ਯਹੋਵਾਹ" ਉੱਤੇ ਜ਼ੋਰ ਦਿੱਤਾ ਅਤੇ ਇਸ ਵੱਲ ਇਸ਼ਾਰਾ ਕੀਤਾ ਕਿ ਪਰਮੇਸ਼ਰ ਉਹ ਹੀ ਪਰਮੇਸ਼ਰ ਸਨ ਜੋ ਨੇਮ ਨੂੰ ਕਾਇਮ ਰੱਖਦੇ ਹਨ। "ਯਹੋਵਾਹ" ਨਾਮ ਪਰਮੇਸ਼ਰ ਦੇ ਖ਼ਾਸ ਲੋਕਾਂ ਲਈ ਪਰਮੇਸ਼ਰ ਦਾ ਨੇਮ ਵਾਲਾ ਨਾਮ ਹੈ। ਇਸ ਨਾਮ ਦੇ ਰਾਹੀਂ ਪਰਮੇਸ਼ਰ ਆਪਣੇ ਲੋਕਾਂ ਨਾਲ ਨੇਮ ਵਿੱਚ ਸਨ, ਅਤੇ ਜੋ ਵੀ ਉਹ ਹਨ, ਉਹਨਾਂ ਨੇ ਲੋਕਾਂ ਲਈ ਮੁਹੱਈਆ ਕਰਾਇਆ। ਪਰਮੇਸ਼ਰ ਨੇ ਉਮੀਦ ਕੀਤੀ ਕਿ ਉਹਨਾਂ ਦੇ ਲੋਕ ਉਹਨਾਂ ਦੇ ਨਾਮ ਨੂੰ ਸਤਿਕਾਰ ਨਾਲ ਪੁਕਾਰਨ ਅਤੇ ਕੇਵਲ ਉਹਨਾਂ ਨੂੰ ਹੀ ਵਡਿਆਈ ਦੇਣ। *"ਮੈਂ ਯਹੋਵਾਹ ਹਾਂ, ਇਹੋ ਹੀ ਮੇਰਾ ਨਾਮ ਹੈ, ਅਤੇ ਮੈਂ ਆਪਣਾ ਪਰਤਾਪ ਦੂਜੇ ਨੂੰ ਨਹੀਂ ਦਿਆਂਗਾ, ਨਾ ਆਪਣੀ ਉਸਤਤ ਮੂਰਤਾਂ ਨੂੰ"* (ਯਸਾਯਾਹ 42:8)।

ਅਸੀਂ ਪੁਰਾਣੇ ਨੇਮ ਦੀਆਂ ਆਇਤਾਂ ਵਿੱਚ, ਯਹੋਵਾਹ ਦੇ ਕਈ ਸਿਰਲੇਖਾਂ ਨੂੰ ਦੇਖਦੇ ਹਾਂ ਜਿਹੜੇ ਵੱਖ-ਵੱਖ ਪਹਿਲੂਆਂ ਨੂੰ ਪ੍ਰਗਟ ਕਰਦੇ ਹਨ ਕਿ ਯਹੋਵਾਹ ਪਰਮੇਸ਼ਰ ਕੌਣ ਹਨ, ਉਹ ਕੀ ਹੋਣਗੇ, ਅਤੇ ਉਹ ਆਪਣੇ ਲੋਕਾਂ ਲਈ ਕੀ ਕਰਨਗੇ।

- ***ਯਹੋਵਾਹ-ਏਲੋਹਿਮ:*** ਅਨਾਦੀ ਸਿਰਜਣਹਾਰ (ਉਤਪਤ 2:4-25)।
- ***ਆਡੋਨਾਈ-ਯਹੋਵਾਹ:*** ਯਹੋਵਾਹ ਸਾਡੇ ਪ੍ਰਭੂਸੱਤਾ; ਮਾਲਕ ਯਹੋਵਾਹ (ਉਤਪਤ 15:2,8)।
- ***ਯਹੋਵਾਹ-ਯਿਰਹ:*** ਯਹੋਵਾਹ ਵੇਖੇਗਾ ਜਾਂ ਪ੍ਰਬੰਧ ਕਰੇਗਾ (ਉਤਪਤ 22:8-14)।
- ***ਯਹੋਵਾਹ-ਰਾਫ਼ਾ:*** ਯਹੋਵਾਹ ਸਾਡੇ ਚੰਗਾ ਕਰਨ ਵਾਲੇ (ਕੂਚ 15:26)।
- ***ਯਹੋਵਾਹ-ਨਿੱਸੀ:*** ਯਹੋਵਾਹ ਸਾਡਾ ਝੰਡਾ (ਕੂਚ 17:15)।
- ***ਯਹੋਵਾਹ-ਏਲੋਹੇਕਾ:*** ਯਹੋਵਾਹ ਤੇਰਾ ਪਰਮੇਸ਼ਰ (ਕੂਚ 20:2,5,7)।
- ***ਯਹੋਵਾਹ-ਮੇਕਾਦੀਸ਼ਾਕੇਮ:*** ਯਹੋਵਾਹ ਸਾਡੇ ਪਵਿੱਤਰ ਕਰਨ ਵਾਲੇ (ਕੂਚ 31:13; ਲੇਵੀਆਂ 20:8; ਲੇਵੀਆਂ 21:8; ਲੇਵੀਆਂ 22:9,16,32; ਹਿਜ਼ਕੀਏਲ 20:12)।

- ***ਯਹੋਵਾਹ-ਸ਼ਾਲੋਮ:*** ਯਹੋਵਾਹ ਸਾਡੀ ਸ਼ਾਂਤੀ (ਨਿਆਈਆਂ ਦੀ ਪੋਥੀ 6:24)।
- ***ਯਹੋਵਾਹ-ਸਾਬਾਓਥ:*** ਸੈਨਾਵਾਂ ਦੇ ਯਹੋਵਾਹ (1 ਸਮੂਏਲ 1:3, ਆਦਿ 284 ਵਾਰ)।
- ***ਯਹੋਵਾਹ-ਏਲਯੋਨ:*** ਅੱਤ ਮਹਾਨ ਯਹੋਵਾਹ (ਜ਼ਬੂਰ 7:17; ਜ਼ਬੂਰ 47:2; ਜ਼ਬੂਰ 97:9)।
- ***ਯਹੋਵਾਹ-ਰੋਹੀ:*** ਯਹੋਵਾਹ ਮੇਰੇ ਚਰਵਾਹੇ (ਜ਼ਬੂਰ 23:1)।
- ***ਯਹੋਵਾਹ-ਹੋਸੀਨੂੰ:*** ਯਹੋਵਾਹ ਸਾਡੇ ਸਿਰਜਣਹਾਰ (ਜ਼ਬੂਰ 95:6)।
- ***ਯਹੋਵਾਹ-ਏਲੋਹੀਨੂੰ:*** ਯਹੋਵਾਹ ਸਾਡੇ ਪਰਮੇਸ਼ਰ (ਜ਼ਬੂਰ 99:5,8,9)।
- ***ਯਹੋਵਾਹ-ਤਸਿਦਕੇਨੁ:*** ਯਹੋਵਾਹ ਸਾਡੀ ਨੇਕੀ (ਯਿਰਮਿਯਾਹ 23:6; ਯਿਰਮਿਯਾਹ 33:16)।
- ***ਯਹੋਵਾਹ-ਸ਼ਾਮਾਹ:*** ਯਹੋਵਾਹ ਹਾਜ਼ਰ ਹਨ (ਹਿਜ਼ਕੀਏਲ 48:35)।
- ***ਯਹੋਵਾਹ-ਏਲੋਹਯ:*** ਯਹੋਵਾਹ ਮੇਰਾ ਪਰਮੇਸ਼ਰ (ਜ਼ਕਰਯਾਹ 14:5)।

## ਰੋਜ਼ਾਨਾ ਜੀਵਨ ਵਿੱਚ ਯਹੋਵਾਹ ਦਾ ਨਾਮ

ਹੁਣ ਅਸੀਂ ਇੱਕ ਤੀਬਰ ਸਰਵੇਖਣ ਪੇਸ਼ ਕਰਦੇ ਹਾਂ ਕਿ ਪੁਰਾਣੇ ਨੇਮ ਵਿੱਚ ਪਰਮੇਸ਼ਰ ਦੇ ਲੋਕਾਂ ਲਈ ਯਹੋਵਾਹ ਦੇ ਨਾਮ ਦਾ ਕੀ ਅਰਥ ਸੀ। ਸਾਨੂੰ ਇਹ ਮਨ ਵਿੱਚ ਰੱਖਣਾ ਚਾਹੀਦਾ ਹੈ ਕਿ ਇਹ ਪ੍ਰਕਾਸ਼ਨ ਜਾਂ ਆਤਮਿਕ ਸਮਝ ਪ੍ਰਗਤੀਸ਼ੀਲ ਸੀ। ਭਾਵ, ਪਰਮੇਸ਼ਰ ਦੇ ਲੋਕਾਂ ਨੇ ਸਮੇਂ ਅਤੇ ਪੀੜ੍ਹੀਆਂ ਦੇ ਨਾਲ ਇਹਨਾਂ ਗੱਲਾਂ ਨੂੰ ਸਮਝਿਆ।

**ਲੋਕਾਂ ਨੇ ਯਹੋਵਾਹ ਦੇ ਨਾਮ ਨੂੰ ਪੁਕਾਰ ਕੇ ਪਰਮੇਸ਼ਰ ਦੀ ਅਰਾਧਨਾ ਕੀਤੀ ਸੀ।** ਅਬਰਾਹਾਮ ਇਸ ਦੀ ਇੱਕ ਮਹਾਨ ਉਦਾਹਰਨ ਹੈ, ਕਿ ਜਿੱਥੇ ਉਸ ਨੇ ਆਪਣੀਆਂ ਯਾਤਰਾਵਾਂ ਦੌਰਾਨ ਵੱਖ-ਵੱਖ ਥਾਵਾਂ ਉੱਤੇ ਜਗਵੇਦੀਆਂ ਬਣਾਈਆਂ ਸਨ ਅਤੇ ਯਹੋਵਾਹ ਦੇ ਨਾਮ ਨੂੰ ਪੁਕਾਰਿਆ ਸੀ (ਉਤਪਤ 12:8; ਉਤਪਤ 13:4; ਉਤਪਤ 21:33; ਉਤਪਤ 22:14; ਉਤਪਤ 26:25)। ਖ਼ਾਸ ਆਹਮੋ-ਸਾਹਮਣੇ ਹੋਣ ਦੇ ਸਮੇਂ ਸਨ ਅਤੇ ਪਰਮੇਸ਼ਰ ਦੇ ਸੁਭਾਅ ਦੇ ਇੱਕ

ਨਿਸ਼ਚਿਤ ਪਹਿਲੂ ਨੂੰ ਪ੍ਰਗਟ ਕਰਨ ਵਾਲੇ ਪਰਮੇਸ਼ਰ ਦੇ ਇੱਕ ਨਵੇਂ ਨਾਮ ਨੂੰ ਜਾਣੂ ਕਰਵਾਇਆ ਗਿਆ ਸੀ। **ਉਦਾਹਰਨ ਵਜੋਂ:** *ਯਹੋਵਾਹ-ਯਿਰਹ* ਦਾ ਅਰਥ ਹੈ "ਯਹੋਵਾਹ ਪ੍ਰਬੰਧ ਕਰਨਗੇ" (ਉਤਪਤ 22:14)।

**ਲੋਕ ਅਕਸਰ ਪਰਮੇਸ਼ਰ ਨੂੰ ਪਰਮੇਸ਼ਰ ਦੇ ਕੀਤੇ ਕੰਮਾਂ ਦੇ ਆਧਾਰ ਉੱਤੇ ਪਛਾਣ ਦਿੰਦੇ ਸਨ।** ਲਾਲ ਸਾਗਰ ਪਾਰ ਕਰਨ ਤੋਂ ਬਾਅਦ, ਉਹਨਾਂ ਨੇ ਘੋਸ਼ਿਤ ਕੀਤਾ, *"ਯਹੋਵਾਹ ਯੋਧਾ ਪੁਰਸ਼ ਹੈ, ਯਹੋਵਾਹ ਉਸ ਦਾ ਨਾਮ ਹੈ"* (ਕੂਚ 15:3)। ਅਮਾਲੇਕੀਆਂ ਉੱਤੇ ਜਿੱਤ ਪਾਉਣ ਤੋਂ ਬਾਅਦ, *"ਮੂਸਾ ਨੇ ਜਗਵੇਦੀ ਬਣਾਈ ਅਰ ਉਸ ਦਾ ਨਾਉਂ ਯਹੋਵਾਹ ਨਿੱਸੀ ਰੱਖਿਆ"* (ਕੂਚ 17:15)।

**ਉਹਨਾਂ ਨੇ ਯਹੋਵਾਹ ਪਰਮੇਸ਼ਰ ਦਾ ਨਾਮ ਵਿਅਰਥ ਨਹੀਂ ਲੈਣਾ ਸੀ।** ਦਸ ਹੁਕਮਾਂ ਵਿੱਚੋਂ ਤੀਜਾ ਇਹ ਸੀ, *"ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਮ ਵਿਅਰਥ ਨਾ ਲੈ ਕਿਉਂ ਕਿ ਜਿਹੜਾ ਉਸ ਦਾ ਨਾਮ ਵਿਅਰਥ ਲੈਂਦਾ ਹੈ ਯਹੋਵਾਹ ਉਸ ਨੂੰ ਬੇਦੋਸ਼ ਨਾ ਠਹਿਰਾਵੇਗਾ"* (ਕੂਚ 20:7)। *"ਅਤੇ ਤੁਸਾਂ ਮੇਰਾ ਨਾਮ ਲੈਕੇ ਝੂਠੀ ਸੌਂਹ ਨਾ ਚੁੱਕਣੀ, ਨਾ ਆਪਣੇ ਪਰਮੇਸ਼ੁਰ ਦਾ ਨਾਮ ਬਦਨਾਮ ਕਰਨਾ। ਮੈਂ ਯਹੋਵਾਹ ਹਾਂ"* (ਲੇਵੀਆਂ 19:12)।

**ਨਾਮ ਦਾ ਪ੍ਰਚਾਰ ਕੀਤਾ ਜਾਣਾ ਮਹਿਮਾ ਪ੍ਰਗਟ ਹੋਣ ਦਾ ਕਾਰਨ ਬਣਿਆ ਸੀ** ਇਹ ਇੱਕ ਮਹੱਤਵਪੂਰਨ ਪ੍ਰਕਾਸ਼ਨ ਹੈ ਜਿਸ ਨੂੰ ਕਿ ਅਸੀਂ ਪੁਰਾਣੇ ਨੇਮ ਵਿੱਚ ਦੇਖਦੇ ਹਾਂ। ਜਦੋਂ ਮੂਸਾ ਨੇ ਪਰਮੇਸ਼ਰ ਦੀ ਮਹਿਮਾ ਵੇਖਣ ਲਈ ਕਿਹਾ, ਤਾਂ ਪਰਮੇਸ਼ਰ ਨੇ ਇਹ ਆਖ ਕੇ ਉੱਤਰ ਦਿੱਤਾ, *"ਰ ਤੇਰੇ ਅੱਗੇ ਯਹੋਵਾਹ ਦੇ ਨਾਉਂ ਦਾ ਪ੍ਰਚਾਰ ਕਰਾਂਗਾ"* (ਕੂਚ 33:19)। ਯਹੋਵਾਹ ਦੇ ਨਾਮ ਦਾ ਪ੍ਰਚਾਰ ਪਰਮੇਸ਼ਰ ਦੀ ਮਹਿਮਾ ਵਿੱਚ ਪ੍ਰਵੇਸ਼ਕ ਵਜੋਂ ਕੰਮ ਕਰਦਾ ਹੈ। ਇਹ ਰਾਜੇ ਦੇ ਆਉਣ ਦੀ ਘੋਸ਼ਣਾ ਦਾ ਪ੍ਰਦਸ਼ਨ ਕਰਦਾ ਹੈ। ਤਾਂ ਉਸ ਆਖਿਆ, ਮੈਨੂੰ ਆਪਣਾ ਤੇਜ ਵਿਖਾਈਂ। ਉਸ ਆਖਿਆ, *"ਮੈਂ ਆਪਣੀ ਸਾਰੀ ਭਲਿਆਈ ਤੇਰੇ ਅੱਗੋਂ ਦੀ ਲੰਘਾਵਾਂਗਾ ਅਰ ਤੇਰੇ ਅੱਗੇ ਯਹੋਵਾਹ ਦੇ ਨਾਉਂ ਦਾ ਪ੍ਰਚਾਰ ਕਰਾਂਗਾ ਅਰ ਜਿਸ ਉੱਤੇ ਦਿਆਲ ਹਾਂ ਉਸ ਉੱਤੇ ਦਿਆਲ ਹੋਵਾਂਗਾ ਅਤੇ ਜਿਸ ਉੱਤੇ ਰਹਮ ਕਰਨਾ ਹੈ ਰਹਮ ਕਰਾਂਗਾ"* (ਕੂਚ 33:18,19; ਕੂਚ 34:5-8 ਵੀ ਵੇਖੋ)।

ਯਹੋਵਾਹ ਦੇ ਨਾਮ ਦਾ ਪ੍ਰਚਾਰ
ਪਰਮੇਸ਼ਰ ਦੀ ਮਹਿਮਾ ਵਿੱਚ
ਪ੍ਰਵੇਸ਼ਕ ਵਜੋਂ ਕੰਮ ਕਰਦਾ ਹੈ।

**ਯਹੋਵਾਹ ਦੇ ਨਾਮ ਵਿੱਚ ਸੌਂਹ (ਸੁੱਖਣਾ ਸੁੱਖੋ) ਖਾਓ** ਦਿਲਚਸਪ ਗੱਲ ਇਹ ਹੈ, ਕਿ ਲੋਕਾਂ ਨੂੰ ਯਹੋਵਾਹ ਦੇ ਨਾਮ ਉੱਤੇ ਗੰਭੀਰ ਵਾਅਦੇ ਕਰਨ, ਸਹੁੰਆਂ ਖਾਣ ਅਤੇ ਸੁੱਖਣਾ ਸੁੱਖਣ ਹਦਾਇਤ ਦਿੱਤੀ ਸੀ। ਇਹ ਅਸਲ ਵਿੱਚ, ਪਰਮੇਸ਼ਰ ਨੂੰ ਸੁੱਖਣਾ ਵਿੱਚ ਗਵਾਹ ਵਜੋਂ ਰੱਖਣਾ ਸੀ ਅਤੇ ਇਸ ਲਈ, ਇਹ ਇੱਕ ਬੰਧਨ ਵਾਲਾ ਵਾਅਦਾ ਬਣ ਜਾਂਦਾ ਸੀ ਜੋ ਉਹਨਾਂ ਨੂੰ ਨਿਭਾਉਣਾ ਪੈਂਦਾ ਸੀ। *"ਯਹੋਵਾਹ ਆਪਣੇ ਪਰਮੇਸ਼ਰ ਤੋਂ ਡਰੋ, ਉਸੇ ਦੀ ਸੇਵਾ ਕਰੋ ਅਤੇ ਉਸ ਦੇ ਨਾਮ ਦੀ ਸਹੁੰ ਖਾਓ"* (ਬਿਵਸਥਾ ਸਾਰ 6:13)। ਯੋਨਾਥਨ ਅਤੇ ਦਾਊਦ ਦੋਵਾਂ ਨੇ ਯਹੋਵਾਹ ਦੇ ਨਾਮ ਉੱਤੇ ਸਹੁੰ ਖਾਧੀ ਸੀ (1 ਸਮੂਏਲ 20:42)। ਯਾਦ ਰੱਖੋ ਕਿ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਸਿਖਾਇਆ ਸੀ, *"ਕਦੀ ਵੀ ਸੌਂਹ ਨਾ ਚੁੱਕਣਾ,"* ਇਸ ਦੇ ਬਜਾਏ *"ਤੁਹਾਡੀ 'ਹਾਂ' ਦੀ 'ਹਾਂ', ਅਤੇ ਤੁਹਾਡੀ 'ਨਾ' ਦੀ 'ਨਾ' ਹੋਵੇ"* (ਮੱਤੀ 5:34,37)।

**ਜਾਜਕਾਂ ਨੇ ਯਹੋਵਾਹ ਦੇ ਨਾਮ ਵਿੱਚ ਲੋਕਾਂ ਨੂੰ ਅਸੀਸ ਦਿੱਤੀ।** ਯਹੋਵਾਹ ਨੇ ਜਾਜਕਾਂ ਨੂੰ ਆਪਣੀ ਸੇਵਾ ਕਰਨ ਅਤੇ ਯਹੋਵਾਹ ਦੇ ਨਾਮ ਵਿੱਚ ਲੋਕਾਂ ਨੂੰ ਅਸੀਸ ਦੇਣ ਲਈ ਨਿਯੁਕਤ ਕੀਤਾ ਸੀ। *"ਉਸ ਸਮੇਂ ਯਹੋਵਾਹ ਨੇ ਲੇਵੀ ਦੇ ਗੋਤ ਨੂੰ ਵੱਖਰਾ ਕਰ ਦਿੱਤਾ ਤਾਂ ਜੋ ਉਹ ਯਹੋਵਾਹ ਦੇ ਨੇਮ ਦੇ ਸੰਦੂਕ ਨੂੰ ਚੁੱਕਿਆ ਕਰਨ ਅਤੇ ਯਹੋਵਾਹ ਦੇ ਅੱਗੇ ਖੜ੍ਹੇ ਰਹਿ ਕੇ ਉਸ ਦੀ ਟਹਿਲ ਸੇਵਾ ਕਰਨ ਅਤੇ ਉਸ ਦੇ ਨਾਮ ਉੱਤੇ ਅਸੀਸ ਦਿਆ ਕਰਨ, ਜਿਵੇਂ ਅੱਜ ਦੇ ਦਿਨ ਤੱਕ ਦਿੰਦੇ ਆਏ ਹਨ"* (ਬਿਵਸਥਾ ਸਾਰ 10:8, ਬਿਵਸਥਾ ਸਾਰ 21:5 ਵੀ ਵੇਖੋ।)। ਰਾਜਾ ਦਾਊਦ ਨੇ ਨੇਮ ਦੇ ਸੰਦੂਕ ਨੂੰ ਯਰੂਸ਼ਲਮ ਸ਼ਹਿਰ ਵਿੱਚ ਲਿਆਉਣ ਤੋਂ ਬਾਅਦ, *"ਉਸ ਨੇ ਸੈਨਾਂ ਦੇ ਯਹੋਵਾਹ ਦਾ ਨਾਉਂ ਲੈ ਕੇ ਲੋਕਾਂ ਨੂੰ ਅਸੀਸ ਦਿੱਤੀ"* (2 ਸਮੂਏਲ 6:18)।

**ਜਾਜਕਾਂ ਅਤੇ ਲੇਵੀਆਂ ਨੇ ਯਹੋਵਾਹ ਦੇ ਨਾਮ ਉੱਤੇ ਸੇਵਾ ਕੀਤੀ।** *"ਕਿਉਂ ਜੋ ਯਹੋਵਾਹ ਤੁਹਾਡੇ ਪਰਮੇਸ਼ਰ ਨੇ ਉਸ ਨੂੰ ਤੁਹਾਡੇ ਸਾਰੇ ਗੋਤਾਂ ਵਿੱਚੋਂ ਚੁਣ ਲਿਆ ਹੈ ਕਿ ਉਹ ਅਤੇ ਉਹ ਦੇ ਪੁੱਤਰ ਯਹੋਵਾਹ ਦੇ ਨਾਮ ਦੀ ਉਪਾਸਨਾ ਕਰਨ*

*ਲਈ ਸਦਾ ਖੜ੍ਹੇ ਰਿਹਾ ਕਰਨ"* (ਬਿਵਸਥਾ ਸਾਰ 18:5)। ਇਸ ਲਈ ਜਾਜਕ ਲੋਕਾਂ ਲਈ ਪਰਮੇਸ਼ਰ ਦੇ ਪ੍ਰਤੀਨਿਧੀ ਬਣ ਗਏ ਅਤੇ ਪਰਮੇਸ਼ਰ ਨੂੰ ਲੋਕਾਂ ਦੀ ਪ੍ਰਤੀਨਿੱਧਤਾ ਕੀਤੀ।

**ਨਬੀ ਯਹੋਵਾਹ ਦੇ ਨਾਮ ਵਿੱਚ ਬੋਲੇ ਸਨ** ਮੁੱਢੋਂ ਅਖੀਰ ਤੱਕ ਪੁਰਾਣੇ ਨੇਮ ਵਿੱਚ, ਨਬੀ ਉਹ ਲੋਕ ਸਨ ਜਿਹੜੇ ਯਹੋਵਾਹ ਦੇ ਨਾਮ ਵਿੱਚ ਬੋਲਦੇ ਸਨ (ਯਾਕੂਬ 5:10)। ਜਿਹੜੀਆਂ ਗੱਲਾਂ ਨਬੀਆਂ ਨੇ ਯਹੋਵਾਹ ਦੇ ਨਾਮ ਵਿੱਚ ਬੋਲੀਆਂ ਸਨ, ਰਾਜਿਆਂ ਅਤੇ ਲੋਕਾਂ ਨੇ ਉਹਨਾਂ ਗੱਲਾਂ ਉੱਤੇ ਵਿਸ਼ਵਾਸ ਕੀਤਾ ਅਤੇ ਉਹਨਾਂ ਗੱਲਾਂ ਅਨੁਸਾਰ ਕੰਮ ਕੀਤਾ ਸੀ। ਉਦਾਹਰਨ ਵਜੋਂ, 1 ਇਤਿਹਾਸ 21:19 ਲਿਪੀਬੱਧ ਕੀਤਾ ਗਿਆ ਹੈ, *"ਫਿਰ ਦਾਊਦ ਗਾਦ ਦੀ ਆਗਿਆ ਅਨੁਸਾਰ, ਜਿਹੜੀ ਉਸ ਨੇ ਯਹੋਵਾਹ ਦੇ ਨਾਮ ਉੱਤੇ ਦਿੱਤੀ ਸੀ, ਚਲਾ ਗਿਆ।"*

**ਜਿੱਥੇ ਪਰਮੇਸ਼ਰ ਦਾ ਨਾਮ ਹੈ, ਪਰਮੇਸ਼ਰ ਉੱਥੇ ਵਾਸ ਕਰਦੇ ਹਨ।** ਇੱਕ ਹੋਰ ਦਿਲਚਸਪ ਸਚਿਆਈ ਜਿਸ ਵਿੱਚ ਲੋਕ ਚੱਲਦੇ ਸਨ, ਉਹ ਇਹ ਸੀ ਕਿ ਜਿਸ ਸਥਾਨ ਉੱਤੇ ਪਰਮੇਸ਼ਰ ਨੇ ਆਪਣਾ ਨਾਮ ਰੱਖਿਆ ਸੀ, ਪਰਮੇਸ਼ਰ ਉੱਥੇ ਵਾਸ ਕਰਦੇ ਸਨ, ਕਿ ਲੋਕ ਉੱਥੇ ਉਹਨਾਂ ਦੀ ਅਰਾਧਨਾ ਕਰ ਸਕਣ। *"ਪਰ ਉਹ ਸਥਾਨ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਡੇ ਸਾਰੇ ਗੋਤਾਂ ਦੇ ਵਿੱਚੋਂ ਆਪਣਾ ਨਾਮ ਵਸਾਉਣ ਲਈ ਚੁਣੇਗਾ, ਤੁਸੀਂ ਉਸ ਦੇ ਉਸੇ ਡੇਰੇ ਨੂੰ ਭਾਲਣਾ ਅਤੇ ਉੱਥੇ ਹੀ ਜਾਇਆ ਕਰਨਾ"* (ਬਿਵਸਥਾ ਸਾਰ 12:5)। ਨਵੇਂ ਨੇਮ ਵਿੱਚ, ਵਿਸ਼ਵਾਸੀ ਪਰਮੇਸ਼ਰ ਦੇ ਆਤਮਾ ਰਾਹੀਂ ਪਰਮੇਸ਼ਰ ਦੇ ਵਾਸ ਕਰਨ ਦੇ ਸਥਾਨ ਹਨ। ਪੁਰਾਣੇ ਨੇਮ ਦੇ ਭਿੰਨ, ਨਵੇਂ ਨੇਮ ਵਿੱਚ, ਪ੍ਰਭੂ ਦੇ ਨਾਮ ਵਿੱਚ ਵਿਸ਼ਵਾਸੀਆਂ ਦਾ ਇਕੱਠਾ ਹੋਣਾ ਪਰਮੇਸ਼ਰ ਦੀ ਹਜ਼ੂਰੀ ਦਾ ਸਥਾਨ ਬਣ ਜਾਂਦਾ ਹੈ।

**ਇੱਕ ਲੋਕ ਜਿਹਨਾਂ ਨੂੰ ਯਹੋਵਾਹ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ।** ਇਸਰਾਏਲੀ ਉਹ ਲੋਕ ਸਨ ਜਿਹਨਾਂ ਨੂੰ ਯਹੋਵਾਹ ਪਰਮੇਸ਼ਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। *"ਅਤੇ ਧਰਤੀ ਦੇ ਸਾਰੇ ਲੋਕ ਵੇਖਣਗੇ ਕਿ ਤੁਸੀਂ ਯਹੋਵਾਹ ਦੇ ਨਾਮ ਤੋਂ ਪੁਕਾਰੇ ਜਾਂਦੇ ਹੋ, ਤਾਂ ਉਹ ਤੁਹਾਡੇ ਤੋਂ ਡਰਨਗੇ"* (ਬਿਵਸਥਾ ਸਾਰ 28:10)। ਕਿਉਂਜੋ ਉਹਨਾਂ ਨੂੰ ਪਰਮੇਸ਼ਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਅਤੇ ਆਪਣੇ ਨਾਮ ਦੇ ਆਦਰ ਲਈ ਪਰਮੇਸ਼ਰ ਆਪਣੇ ਲੋਕਾਂ ਨੂੰ ਨਹੀਂ ਤਿਆਗਣਗੇ। *"ਕਿਉਂ ਜੋ ਯਹੋਵਾਹ ਆਪਣੇ ਵੱਡੇ ਨਾਮ ਦੇ ਕਾਰਨ ਆਪਣੀ ਪਰਜਾ ਦਾ ਤਿਆਗ ਨਾ ਕਰੇਗਾ ਇਸ ਲਈ ਜੋ ਯਹੋਵਾਹ ਨੇ ਆਪਣੀ ਹੀ ਮਰਜ਼ੀ ਨਾਲ*

*ਤੁਹਾਨੂੰ ਆਪਣੀ ਪਰਜਾ ਬਣਾਇਆ ਹੈ"* (1 ਸਮੂਏਲ 12:22)। ਇਸ ਦੇ ਕਾਰਨ, ਉਹਨਾਂ ਨੇ ਮਾਫੀ ਮੰਗੀ, ਮੁੜ ਸੁਰਜੀਤ ਹੋਣ ਲਈ ਕਿਹਾ, ਅਤੇ ਯਹੋਵਾਹ ਦੇ ਨਾਮ ਉੱਤੇ ਕੌਮੀ ਤੌਰ ਤੇ ਇਲਾਹੀ ਦਖਲ ਅੰਦਾਜ਼ੀ ਦੀ ਮੰਗ ਕੀਤੀ। *"ਹੇ ਯਹੋਵਾਹ, ਆਪਣੇ ਨਾਮ ਦੇ ਨਮਿੱਤ ਮੇਰੀ ਬਦੀ ਨੂੰ ਖਿਮਾ ਕਰ ਕਿਉਂ ਜੋ ਉਹ ਵੱਡੀ ਹੈ"* (ਜ਼ਬੂਰ 25:11)। ਉਹਨਾਂ ਨੇ ਮੁੜ ਤੋਂ ਸਜੀਵ ਹੋਣ ਲਈ ਯਹੋਵਾਹ ਦੇ ਨਾਮ ਵਿੱਚ ਪ੍ਰਾਰਥਨਾ ਕੀਤੀ ਸੀ। ਹੇ ਯਹੋਵਾਹ, *"ਆਪਣੇ ਨਾਮ ਦੇ ਸਦਕੇ ਮੈਨੂੰ ਜਿਉਂਦਾ ਰੱਖ"* (ਜ਼ਬੂਰ 143:11)। *"ਹੇ ਪ੍ਰਭੂ, ਸੁਣ! ਹੇ ਪ੍ਰਭੂ, ਬਖ਼ਸ਼ ਦੇਹ! ਹੇ ਪ੍ਰਭੂ, ਸੁਣ ਲੈ ਅਤੇ ਕੰਮ ਕਰ! ਹੇ ਮੇਰੇ ਪਰਮੇਸ਼ਰ, ਆਪਣੇ ਹੀ ਲਈ ਢਿੱਲ ਨਾ ਲਾ ਇਸ ਲਈ ਜੋ ਤੇਰਾ ਸ਼ਹਿਰ ਅਤੇ ਤੇਰੀ ਪਰਜਾ ਤੇਰੇ ਨਾਮ ਦੀ ਸਦਾਉਂਦੀ ਹੈ"* (ਦਾਨੀਏਲ 9:19)।

**ਉਹਨਾਂ ਨੇ ਯਹੋਵਾਹ ਦੇ ਨਾਮ ਉੱਤੇ ਵੈਰੀਆਂ ਦਾ ਸਾਹਮਣਾ ਕੀਤਾ ਸੀ।** ਉਹ ਯਹੋਵਾਹ ਦੇ ਨਾਮ ਵਿੱਚ ਯੁੱਧ ਲਈ ਨਿੱਕਲੇ ਸਨ। *"ਦਾਊਦ ਨੇ ਫ਼ਲਿਸਤੀ ਨੂੰ ਆਖਿਆ, ਤੂੰ ਤਲਵਾਰ ਅਤੇ ਬਰਛਾ ਅਤੇ ਢਾਲ਼ ਲੈ ਕੇ ਮੇਰੇ ਕੋਲ ਆਉਂਦਾ ਹੈ ਪਰ ਮੈਂ ਸੈਨਾਵਾਂ ਦੇ ਯਹੋਵਾਹ ਦੇ ਨਾਮ ਉੱਤੇ ਜੋ ਇਸਰਾਏਲ ਦੇ ਦਲਾਂ ਦਾ ਪਰਮੇਸ਼ਰ ਹੈ ਜਿਸ ਨੂੰ ਤੂੰ ਲਲਕਾਰਿਆ ਹੈ ਤੇਰੇ ਕੋਲ ਆਉਂਦਾ ਹਾਂ"* (1 ਸਮੂਏਲ 17:45)। *"ਅਸੀਂ ਤੇਰੇ ਬਚਾਓ ਦੇ ਕਾਰਨ ਜੈ ਜੈ ਕਾਰ ਕਰਾਂਗੇ, ਅਤੇ ਆਪਣੇ ਪਰਮੇਸ਼ਰ ਦੇ ਨਾਮ ਤੋਂ ਆਪਣੇ ਝੰਡੇ ਖੜੇ ਕਰਾਂਗੇ। ਯਹੋਵਾਹ ਤੇਰੀਆਂ ਸਾਰੀਆਂ ਮੰਗਾਂ ਨੂੰ ਪੂਰਾ ਕਰੇ"* (ਜ਼ਬੂਰ 20:5)। *"ਕੋਈ ਰਥਾਂ ਨੂੰ ਅਤੇ ਕੋਈ ਘੋੜਿਆਂ ਨੂੰ, ਪਰ ਅਸੀਂ ਯਹੋਵਾਹ ਆਪਣੇ ਪਰਮੇਸ਼ਰ ਦੇ ਨਾਮ ਨੂੰ ਯਾਦ ਕਰਾਂਗੇ"* (ਜ਼ਬੂਰ 20:7)।

**ਉਹਨਾਂ ਨੇ ਯਹੋਵਾਹ ਦੇ ਨਾਮ ਦੇ ਗੀਤ ਗਾਏ ਅਤੇ ਮਹਿਮਾ ਕੀਤੀ।** ਯਹੋਵਾਹ ਦੇ ਨਾਮ ਦਾ ਗੁਣ ਗਾਇਨ ਕਰਨਾ, ਯਹੋਵਾਹ ਦਾ ਹੀ ਗੁਣ ਗਾਇਨ ਕਰਨਾ ਹੈ। ਇਸ ਲਈ, *"ਹੇ ਯਹੋਵਾਹ, ਮੈਂ ਕੌਮਾਂ ਵਿੱਚ ਤੇਰਾ ਧੰਨਵਾਦ ਕਰਾਂਗਾ, ਅਤੇ ਤੇਰੇ ਨਾਮ ਦਾ ਜਸ ਗਾਵਾਂਗਾ"* (ਜ਼ਬੂਰ 18:49)। ਯਹੋਵਾਹ ਦਾ ਨਾਮ ਇੱਕ ਸ਼ਾਨਦਾਰ, ਅਚਰਜ, ਪ੍ਰਤਾਪਵਾਨ, ਅਤੇ ਮਹਿਮਾ ਕੀਤੇ ਜਾਣ ਦੇ ਯੋਗ ਹੈ। ਹੇ ਯਹੋਵਾਹ, ਸਾਡੇ ਪ੍ਰਭੂ, *"ਸਾਰੀ ਧਰਤੀ ਉੱਤੇ ਤੇਰਾ ਨਾਮ ਕਿੰਨ੍ਹਾਂ ਹੀ ਸ਼ਾਨਦਾਰ ਹੈ, ਜਿਸ ਨੇ ਆਪਣੇ ਤੇਜ ਨੂੰ ਅਕਾਸ਼ ਉੱਤੇ ਰੱਖਿਆ ਹੈ"* (ਜ਼ਬੂਰ 8:1)। ਉਹਨਾਂ ਨੇ ਯਹੋਵਾਹ ਦੇ ਨਾਮ ਨੂੰ ਵਡਿਆਈ ਦੇਣੀ ਸੀ (ਜ਼ਬੂਰ 29:2; ਜ਼ਬੂਰ 115:1);

ਯਹੋਵਾਹ ਦੇ ਨਾਮ ਨੂੰ ਧੰਨਵਾਦ ਦਿਓ (ਜ਼ਬੂਰ 30:4); ਯਹੋਵਾਹ ਦੇ ਨਾਮ ਨੂੰ ਉੱਚਾ ਕਰੋ (ਜ਼ਬੂਰ 34:3); ਯਹੋਵਾਹ ਦੇ ਨਾਮ ਦੀ ਮਹਿਮਾ ਕਰੋ (ਜ਼ਬੂਰ 54:6); ਯਹੋਵਾਹ ਦੇ ਨਾਮ ਨੂੰ ਧੰਨ ਆਖੋ (ਜ਼ਬੂਰ 96:2); ਯਹੋਵਾਹ ਦੇ ਨਾਮ ਦਾ ਭੈਅ ਮੰਨੋ (ਜ਼ਬੂਰ 86:11)। *"ਸੂਰਜ ਦੇ ਚੜ੍ਹਨ ਤੋਂ ਉਹ ਦੇ ਲਹਿਣ ਤੱਕ ਯਹੋਵਾਹ ਦੇ ਨਾਮ ਦੀ ਉਸਤਤ ਹੋਵੇ"* (ਜ਼ਬੂਰ 113:3)। ਪਰਮੇਸ਼ਰ ਨੇ ਆਪਣੇ ਨਾਮ ਅਤੇ ਆਪਣੇ ਵਚਨ ਨੂੰ ਸਭ ਤੋਂ ਉੱਚਾ ਰੱਖਿਆ ਹੋਇਆ ਹੈ—*"ਮੈਂ ਤੇਰੀ ਪਵਿੱਤਰ ਹੈਕਲ ਵਿੱਚ ਮੱਥਾ ਟੇਕਾਂਗਾ, ਅਤੇ ਮੈਂ ਤੇਰੀ ਦਯਾ ਦੇ ਕਾਰਨ ਤੇ ਤੇਰੀ ਵਫ਼ਾਦਾਰੀ ਦੇ ਕਾਰਨ, ਤੇਰੇ ਨਾਮ ਦਾ ਧੰਨਵਾਦ ਕਰਾਂਗਾ, ਕਿਉਂ ਜੋ ਤੂੰ ਸਭ ਦੇ ਉੱਤੇ ਆਪਣੇ ਨਾਮ ਨੂੰ, ਆਪਣੇ ਵਚਨ ਨੂੰ ਵਡਿਆਇਆ ਹੈ"* (ਜ਼ਬੂਰ 138:2)।

**ਉਹਨਾਂ ਕੋਲ ਯਹੋਵਾਹ ਦੇ ਨਾਮ ਵਿੱਚ ਸਹਾਇਤਾ, ਬਚਾਓ ਅਤੇ ਸੁਰੱਖਿਆ ਸੀ।** *"...ਯਾਕੂਬ ਦੇ ਪਰਮੇਸ਼ਰ ਦਾ ਨਾਮ ਤੈਨੂੰ ਉੱਚਿਆਂ ਕਰੇ"* (ਜ਼ਬੂਰ 20:1)। *"ਯਹੋਵਾਹ ਦਾ ਨਾਮ ਇੱਕ ਪੱਕਾ ਬੁਰਜ ਹੈ, ਨੇਕ ਭੱਜ ਕੇ ਉਹ ਦੇ ਵਿੱਚ ਜਾਂਦਾ ਤੇ ਬਚਿਆ ਰਹਿੰਦਾ ਹੈ"* (ਕਹਾਉਤਾਂ 18:10)। *"ਸਾਡੀ ਸਹਾਇਤਾ ਯਹੋਵਾਹ ਦੇ ਨਾਮ ਵਿੱਚ ਹੈ, ਜਿਹੜਾ ਅਕਾਸ਼ ਅਤੇ ਧਰਤੀ ਦਾ ਕਰਤਾ ਹੈ"* (ਜ਼ਬੂਰ 124:8)।

**ਉਹਨਾਂ ਨੇ ਉਹਨਾਂ ਨੂੰ ਸਵੀਕਾਰ ਕੀਤਾ ਜਿਹੜੇ ਯਹੋਵਾਹ ਦੇ ਨਾਮ ਉੱਤੇ ਆਏ ਸਨ।** *"ਮੁਬਾਰਕ ਉਹ ਹੈ ਜਿਹੜਾ ਯਹੋਵਾਹ ਦੇ ਨਾਮ ਤੇ ਆਉਂਦਾ ਹੈ, ਅਸੀਂ ਤੁਹਾਨੂੰ ਯਹੋਵਾਹ ਦੇ ਭਵਨ ਤੋਂ ਬਰਕਤ ਦਿੱਤੀ"* (ਜ਼ਬੂਰ 118:26)। ਇਹ ਪ੍ਰਭੂ ਯਿਸੂ ਮਸੀਹ ਬਾਰੇ ਭਵਿੱਖਬਾਣੀ ਵੀ ਸ਼ਬਦ ਬੋਲ ਰਿਹਾ ਸੀ।

**ਯਹੋਵਾਹ ਦੇ ਨਾਮ ਉੱਤੇ ਭਰੋਸਾ ਕਰਨਾ, ਖੁਦ ਯਹੋਵਾਹ ਉੱਤੇ ਹੀ ਭਰੋਸਾ ਕਰਨਾ ਹੈ।** *"ਤੁਹਾਡੇ ਵਿੱਚ ਕੌਣ ਯਹੋਵਾਹ ਤੋਂ ਡਰਦਾ ਹੈ, ਅਤੇ ਉਸ ਦੇ ਦਾਸ ਦੀ ਅਵਾਜ਼ ਸੁਣਦਾ ਹੈ? ਜਿਹੜਾ ਹਨੇਰੇ ਵਿੱਚ ਚੱਲਦਾ ਅਤੇ ਉਸ ਦੇ ਲਈ ਚਾਨਣ ਨਾ ਹੋਵੇ, ਉਹ ਯਹੋਵਾਹ ਦੇ ਨਾਮ ਉੱਤੇ ਭਰੋਸਾ ਰੱਖੇ, ਅਤੇ ਆਪਣੇ ਪਰਮੇਸ਼ਰ ਉੱਤੇ ਢਾਸਣਾ ਲਾਵੇ"* (ਯਸਾਯਾਹ 50:10)। *"ਕਿਉਂ ਜੋ ਮੈਂ ਤੇਰੇ ਵਿੱਚ ਕੰਗਾਲ ਅਤੇ ਗਰੀਬ ਲੋਕਾਂ ਨੂੰ ਬਚਾ ਕੇ ਰੱਖਾਂਗਾ ਅਤੇ ਉਹ ਯਹੋਵਾਹ ਦੇ ਨਾਮ ਵਿੱਚ ਪਨਾਹ ਲੈਣਗੇ"* (ਸਫ਼ਨਯਾਹ 3:12)।

**ਕੌਮਾਂ ਯਹੋਵਾਹ ਦੇ ਨਾਮ ਵੱਲ ਮੁੜਨਗੀਆਂ।** ਨਬੀਆਂ ਨੇ ਉਸ ਸਮੇਂ ਬਾਰੇ ਗੱਲ ਕੀਤੀ ਜਦੋਂ ਗ਼ੈਰ-ਯਹੂਦੀ ਲੋਕ ਯਹੋਵਾਹ ਦਾ ਨਾਮ ਨੂੰ ਪੁਕਾਰਨਗੇ ਅਤੇ

ਇਕੱਲੇ ਯਹੋਵਾਹ ਹੀ ਹੋਣਗੇ ਜਿਹਨਾਂ ਦੀ ਅਰਾਧਨਾ ਹੋਵੇਗੀ। ਉਸ ਵੇਲੇ ਉਹ ਯਰੂਸ਼ਲਮ ਨੂੰ *"ਯਹੋਵਾਹ ਦਾ ਸਿੰਘਾਸਣ" ਆਖਣਗੇ ਅਤੇ ਉਹ ਦੇ ਕੋਲ ਯਹੋਵਾਹ ਦੇ ਨਾਮ ਉੱਤੇ ਸਾਰੀਆਂ ਕੌਮਾਂ ਯਰੂਸ਼ਲਮ ਵਿੱਚ ਇਕੱਠੀਆਂ ਹੋਣਗੀਆਂ। ਉਹ ਫਿਰ ਆਪਣੇ ਬੁਰੇ ਦਿਲ ਦੀ ਅੜੀ ਪਿੱਛੇ ਨਾ ਚੱਲਣਗੀਆਂ"* (ਯਿਰਮਿਯਾਹ 3:17)। *"ਉਸ ਵੇਲੇ ਹਰੇਕ ਜੋ ਯਹੋਵਾਹ ਦਾ ਨਾਮ ਲੈ ਕੇ ਪੁਕਾਰੇਗਾ, ਉਹ ਬਚਾਇਆ ਜਾਵੇਗਾ, ਕਿਉਂ ਜੋ ਯਹੋਵਾਹ ਦੇ ਬਚਨ ਅਨੁਸਾਰ ਸੀਯੋਨ ਦੇ ਪਰਬਤ ਵਿੱਚ ਅਤੇ ਯਰੂਸ਼ਲਮ ਵਿੱਚ ਛੁਟਕਾਰਾ ਹੋਵੇਗਾ, ਅਤੇ ਜਿਨ੍ਹਾਂ ਨੂੰ ਯਹੋਵਾਹ ਬੁਲਾਵੇ ਉਹ ਬਚਾਏ ਜਾਣਗੇ"* (ਯੋਏਲ 2:32)। *"ਸਾਰੀ ਧਰਤੀ ਉੱਤੇ ਯਹੋਵਾਹ ਹੀ ਪਾਤਸ਼ਾਹ ਹੋਵੇਗਾ, ਉਸ ਦਿਨ ਯਹੋਵਾਹ ਇੱਕੋ ਹੀ ਹੋਵੇਗਾ ਅਤੇ ਉਸ ਦਾ ਨਾਮ ਇੱਕ ਹੀ ਹੋਵੇਗਾ"* (ਜ਼ਕਰਯਾਹ 14:9)। *"ਕਿਉਂਕਿ ਸੂਰਜ ਦੇ ਚੜ੍ਹਦੇ ਤੋਂ ਲਹਿੰਦੇ ਤੱਕ ਕੌਮਾਂ ਵਿੱਚ ਮੇਰਾ ਨਾਮ ਮਹਾਨ ਹੈ, ਹਰ ਥਾਂ ਉੱਤੇ ਮੇਰੇ ਨਾਮ ਲਈ ਧੂਫ਼ ਧੁਖਾਉਣਗੇ ਅਤੇ ਸ਼ੁੱਧ ਚੜ੍ਹਾਵਾ ਚੜ੍ਹਾਉਣਗੇ, ਕਿਉਂ ਜੋ ਕੌਮਾਂ ਵਿੱਚ ਮੇਰਾ ਨਾਮ ਮਹਾਨ ਹੈ, ਸੈਨਾਂ ਦਾ ਯਹੋਵਾਹ ਆਖਦਾ ਹੈ"* (ਮਲਾਕੀ 1:11)।

**ਜਦੋ ਅਸੀਂ ਉਹਨਾਂ ਦੇ ਨਾਮ ਦਾ ਵਿਚਾਰ ਕਰਦੇ ਹਾਂ ਤਾਂ ਪਰਮੇਸ਼ਰ ਇਸ ਨੂੰ ਧਿਆਨ ਵਿੱਚ ਲੈਂਦੇ ਹਾਂ।** *"ਤਦ ਯਹੋਵਾਹ ਦਾ ਭੈ ਮੰਨਣ ਵਾਲਿਆਂ ਨੇ ਇੱਕ ਦੂਜੇ ਨਾਲ ਗੱਲਾਂ ਕੀਤੀਆਂ। ਯਹੋਵਾਹ ਨੇ ਧਿਆਨ ਦੇ ਕੇ ਸੁਣੀਆਂ ਤਾਂ ਯਹੋਵਾਹ ਤੋਂ ਡਰਨ ਵਾਲਿਆਂ ਲਈ ਅਤੇ ਉਸ ਦੇ ਨਾਮ ਦਾ ਵਿਚਾਰ ਕਰਨ ਵਾਲਿਆਂ ਲਈ ਉਸ ਦੇ ਸਨਮੁਖ ਯਾਦਗੀਰੀ ਦੀ ਪੁਸਤਕ ਲਿਖੀ ਗਈ"* (ਮਲਾਕੀ 3:16)।

## ਯਿਸੂ: ਇੱਕ ਨਾਮ ਵਿੱਚ ਸਾਰੇ ਪਰਮੇਸ਼ਰ

ਪੁਰਾਣੇ ਨੇਮ ਦੇ ਇਸ ਤੀਬਰ ਸਰਵੇਖਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ, ਕਿ ਯਹੋਵਾਹ ਦੇ ਨਾਮ ਵਰਤੋਂ ਕਰਨਾ ਯਹੂਦੀ ਲੋਕਾਂ ਦੇ ਰੋਜ਼ਾਨਾ ਜੀਵਨ ਦਾ ਇੱਕ ਮਹੱਤਵਪੂਰਨ ਭਾਗ ਸੀ। ਯਹੋਵਾਹ ਆਪਣੇ ਨਾਮ ਦੇ ਉੱਲੇਖ ਰਾਹੀਂ ਆਪਣੇ ਲੋਕਾਂ ਦੇ ਨੇੜੇ ਸਨ। ਉਹ ਯਹੋਵਾਹ ਦੇ ਨਾਮ ਦੀ ਮਹੱਤਤਾ ਨੂੰ ਸਮਝਦੇ ਸਨ।

ਹੁਣ ਸੋਚੋ ਕਿ ਪ੍ਰਭੂ ਯਿਸੂ ਮਸੀਹ ਅਜਿਹੀ ਇੱਕ ਪਰਿਸਥਿਤੀ ਵਿੱਚ ਕਦਮ ਰੱਖਦੇ ਹਨ। ਪਰਮੇਸ਼ਰ ਦੇ ਪੁੱਤਰ, ਦੇਹਧਾਰੀ ਸ਼ਬਦ ਨਾਸਰਤ ਤੋਂ ਇੱਕ ਸਧਾਰਨ ਅਤੇ ਦੀਨ ਤਰਖਾਣ ਵਜੋਂ ਆਉਂਦੇ ਹਨ। ਉਹ ਆਪਣੀ ਸੇਵਕਾਈ ਦੀ ਸ਼ੁਰੂਆਤ ਕਰਦੇ ਹਨ ਅਤੇ 12 ਆਦਮੀਆਂ ਨੂੰ ਜੋ ਕਿ ਸਾਰੇ ਯਹੂਦੀ ਸਨ ਇਕੱਠਾ ਕਰਦੇ ਹਨ ਅਤੇ ਫਿਰ ਉਹਨਾਂ ਨੂੰ ਆਪਣੇ ਨਾਮ ਉੱਤੇ ਜਾਣ ਲਈ

ਭੇਜਦੇ ਹਨ। ਥੋੜ੍ਹਾ ਸੋਚਣ ਦੀ ਕੋਸ਼ਿਸ਼ ਕਰੋ ਕਿ ਪ੍ਰਭੂ ਯਿਸੂ ਮਸੀਹ ਆਪਣੇ 12 ਰਸੂਲਾਂ ਨੂੰ ਆਖ ਰਹੇ ਹਨ, "ਜਾਓ ਮੇਰੇ ਨਾਮ ਨੂੰ ਵਰਤੋਂ", ਯਿਸੂ ਮਸੀਹ ਮਸੀਹ!

ਪ੍ਰਭੂ ਯਿਸੂ ਮਸੀਹ ਦੇ ਚੇਲੇ, ਪਹਿਲਾਂ 12 ਚੇਲੇ, ਅਤੇ ਬਾਅਦ ਵਿੱਚ 70 ਚੇਲੇ, ਬਾਹਰ ਜਾ ਕੇ ਰੋਗੀਆਂ ਨੂੰ ਚੰਗਾ ਕਰਨ, ਦੁਸ਼ਟ ਆਤਮਾਵਾਂ ਨੂੰ ਕੱਢਣ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਅਧਿਕਾਰ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਿਉਂ ਕਰਨਗੇ? "ਯਹੋਵਾਹ" ਨਾਮ ਅਤੇ ਪਰਮੇਸ਼ਰ ਦੇ ਸਾਰੇ ਨੇਮ ਦੇ ਨਾਮਾਂ ਬਾਰੇ ਕੀ ਜਿਸ ਤੋਂ ਉਹ ਆਪਣੇ ਯਹੂਦੀ ਵਿਸ਼ਵਾਸ ਦੇ ਹਿੱਸੇ ਵਜੋਂ ਚੰਗੀ ਤਰ੍ਹਾਂ ਜਾਣੂ ਸਨ?

ਇੱਥੇ ਦੋ ਮਹੱਤਵਪੂਰਨ ਜਾਣਕਾਰੀਆਂ ਹਨ ਜਿਹਨਾਂ ਵੱਲ ਅਸੀਂ ਇਸ਼ਾਰਾ ਕਰ ਸਕਦੇ ਹਾਂ।

ਪਹਿਲੀ ਜਾਣਕਾਰੀ ਇਹ ਹੈ, ਕਿ 12 ਰਸੂਲਾਂ ਨੂੰ ਪਰਕਾਸ਼ ਹੋਇਆ ਸੀ – ਉਹਨਾਂ ਨੇ ਪਰਮੇਸ਼ਰ ਦੇ ਪੁੱਤਰ ਪ੍ਰਭੂ ਯਿਸੂ ਮਸੀਹ ਨੂੰ ਮਸੀਹਾ ਵਜੋਂ ਪਛਾਣ ਕੇ ਵਿਸ਼ਵਾਸ ਕੀਤਾ ਸੀ। ਇਹ ਹੀ ਕਾਰਨ ਸੀ ਕਿ ਉਹਨਾਂ ਨੇ ਪ੍ਰਭੂ ਯਿਸੂ ਮਸੀਹ ਦਾ ਅਨੁਸਰਨ ਕੀਤਾ ਸੀ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਪ੍ਰਭੂ ਯਿਸੂ ਮਸੀਹ ਨੂੰ ਮਸੀਹਾ ਵਜੋਂ ਘੋਸ਼ਿਤ ਕਰਨ ਵੱਲ ਇਸ਼ਾਰਾ ਕੀਤਾ, ਉਹ ਜਿਹੜੇ ਉਸ ਤੋਂ ਪਹਿਲਾਂ ਸਨ, ਉਹ ਜਿਹੜੇ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੰਦੇ ਹਨ, ਪਰਮੇਸ਼ਰ ਦੇ ਲੇਲੇ, ਅਤੇ ਪਰਮੇਸ਼ਰ ਦੇ ਪੁੱਤਰ (ਯੂਹੰਨਾ 1:29-34)। ਅੰਦ੍ਰਿਯਾਸ ਪ੍ਰਭੂ ਯਿਸੂ ਮਸੀਹ ਦੇ ਪਿੱਛੇ ਚੱਲਿਆ, ਕਿਉਂਕਿ ਉਸ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਸੁਣਿਆ ਸੀ। ਅੰਦ੍ਰਿਯਾਸ ਸਾਰਿਆਂ ਤੋਂ ਪਹਿਲਾਂ ਆਪਣੇ ਭਰਾ ਸ਼ਮਊਨ ਨੂੰ ਮਿਲਿਆ ਅਤੇ ਉਸ ਨੂੰ ਕਿਹਾ, *"ਸਾਨੂੰ ਮਸੀਹ (ਭਾਵ ਪਰਮੇਸ਼ਰ ਦਾ ਮਸਹ ਕੀਤਾ ਹੋਇਆ) ਲੱਭ ਗਏ ਹਨ"* (ਯੂਹੰਨਾ 1:41)। ਫ਼ਿਲਿੱਪੁਸ, ਨਥਾਨਿਏਲ ਨੂੰ ਮਿਲਿਆ ਅਤੇ ਨਥਾਨਿਏਲ ਨੇ ਪ੍ਰਭੂ ਯਿਸੂ ਮਸੀਹ ਨੂੰ ਮਿਲਣ ਸਮੇਂ ਆਖਿਆ, ਗੁਰੂ ਜੀ, *"ਤੁਸੀਂ ਪਰਮੇਸ਼ਰ ਦੇ ਪੁੱਤਰ ਹੋ! ਤੁਸੀਂ ਇਸਰਾਏਲ ਦੇ ਰਾਜਾ ਹੋ"* (ਯੂਹੰਨਾ 1:49)। ਮੱਤੀ 16:16 ਵਿੱਚ, ਅਸੀਂ ਸ਼ਮਊਨ ਪਤਰਸ ਦੀ ਘੋਸ਼ਣਾ ਨੂੰ ਵੀ ਜਾਣਦੇ ਹਾਂ, *"ਤੁਸੀਂ ਜਿਉਂਦੇ ਪਰਮੇਸ਼ਰ ਦੇ ਪੁੱਤਰ"* 'ਮਸੀਹ' ਹੋ। ਇਸ ਲਈ, ਇਹ ਬਿਲਕੁਲ ਹੀ ਪ੍ਰਤੱਖ ਹੈ ਕਿ ਇਹ ਯਹੂਦੀ ਆਦਮੀ, ਜਿਹਨਾਂ ਨੂੰ ਪ੍ਰਭੂ ਯਿਸੂ ਮਸੀਹ ਨੇ ਆਪਣੇ ਰਸੂਲਾਂ ਵਜੋਂ ਨਿਰਧਾਰਿਤ ਕੀਤਾ ਸੀ, ਉਹ ਆਦਮੀ

ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦੇ ਸਨ ਕਿ ਉਹ ਪਰਮੇਸ਼ਰ ਦੇ ਪੁੱਤਰ ਮਸੀਹ ਹਨ।

ਦੂਜੀ ਜਾਣਕਾਰੀ ਇਹ ਹੈ, ਕਿ ਇਹਨਾਂ 12 ਰਸੂਲਾਂ ਨੇ ਪ੍ਰਭੂ ਯਿਸੂ ਮਸੀਹ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਚਮਤਕਾਰੀ ਕੰਮ ਕਰਦੇ ਵੇਖਿਆ ਸੀ। ਉਹਨਾਂ ਨੇ ਚੰਗਿਆਈਆਂ, ਛੁਟਕਾਰੇ ਅਤੇ ਚਮਤਕਾਰ ਵੇਖੇ ਸਨ। ਇਸ ਲਈ, ਜਦੋਂ ਪ੍ਰਭੂ ਯਿਸੂ ਮਸੀਹ ਨੇ ਉਹਨਾਂ ਨੂੰ ਅਧਿਕਾਰ ਦਿੱਤਾ ਅਤੇ ਉਹਨਾਂ ਨੂੰ ਆਪਣੇ ਨਾਮ, "ਯਿਸੂ ਮਸੀਹ ਨਾਸਰੀ" ਨਾਮ ਦੀ ਵਰਤੋਂ ਕਰਨ ਲਈ ਭੇਜਿਆ, ਤਾਂ ਉਹਨਾਂ ਨੇ ਅਜਿਹਾ ਖੁਸ਼ੀ ਨਾਲ ਕੀਤਾ ਸੀ। ਅਤੇ ਬਿਨਾਂ ਕਿਸੇ ਸ਼ੱਕ ਉਹਨਾਂ ਨੇ ਇਸ ਦਾ ਨਤੀਜਾ ਵੇਖਿਆ ਸੀ। ਇਸ ਨੇ ਉਹਨਾਂ ਨੂੰ ਉਹ ਕੰਮ ਕਰਦੇ ਰਹਿਣ ਦਾ ਆਤਮ ਵਿਸ਼ਵਾਸ ਦਿੱਤਾ ਜਿਸ ਨੂੰ ਕਰਨ ਲਈ ਉਹ ਚੁਣੇ ਗਏ ਸਨ। ਜੋ ਪ੍ਰਭੂ ਯਿਸੂ ਮਸੀਹ ਅਤੇ 12 ਰਸੂਲਾਂ ਦੁਆਰਾ ਹੋ ਰਿਹਾ ਸੀ ਇਹ ਸਭ ਹੋਰਾਂ ਕਈਆਂ ਨੇ ਵੀ ਵੇਖਿਆ, ਤਾਂ ਉਹ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਰਤੋਂ ਕਰਨ ਲਈ ਗਏ ਅਤੇ ਪ੍ਰਭੂ ਯਿਸੂ ਮਸੀਹ ਨੇ ਉਹਨਾਂ ਨੂੰ ਰੋਕਿਆ ਨਹੀਂ ਸੀ (ਮਰਕੁਸ 9:30-38; ਲੂਕਾ 9:49,50)। ਪ੍ਰਭੂ ਯਿਸੂ ਮਸੀਹ ਨੇ ਹੋਰ 70 ਯਹੂਦੀ ਚੇਲਿਆਂ ਨੂੰ ਆਪਣੇ ਨਾਮ ਵਿੱਚ ਪ੍ਰਚਾਰ ਕਰਨ ਅਤੇ ਵੱਡੇ ਕੰਮ ਕਰਨ ਲਈ ਚੁਣਿਆ ਸੀ ਅਤੇ ਉਹਨਾਂ ਨੇ ਇਹ ਸਭ ਕੀਤਾ ਸੀ (ਲੂਕਾ 10:1,9,17)।

ਇਹਨਾਂ ਯਹੂਦੀ ਵਿਸ਼ਵਾਸੀਆਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਸਮਰੱਥਾ ਦਾ ਆਪ ਅਨੁਭਵ ਕੀਤਾ ਸੀ। ਪਰਮੇਸ਼ਰ ਨੇ *ਯਹੋਵਾਹ* ਦੇ ਸਿਰਲੇਖਾਂ ਰਾਹੀਂ ਆਪਣੇ ਆਪ ਬਾਰੇ ਜੋ ਕੁਝ ਵੀ ਪ੍ਰਗਟ ਕੀਤਾ ਹੈ, ਉਹ ਸਭ ਹੁਣ ਇਸ ਇੱਕ ਨਾਮ—ਯਿਸੂ ਦੇ ਨਾਮ ਵਿੱਚ ਲਪੇਟਿਆ ਹੋਇਆ ਹੈ।

ਅੱਜ ਸਾਡੇ ਲਈ ਦੋ ਮਹੱਤਵਪੂਰਨ ਸਿੱਖਿਆਵਾਂ ਹਨ। ਪਹਿਲੀ ਸਿੱਖਿਆ, ਸਾਨੂੰ ਇਹ ਪਛਾਣਨਾ ਲਾਜ਼ਮੀ ਹੈ ਕਿ ਪ੍ਰਭੂ ਯਿਸੂ ਮਸੀਹ ਕੌਣ ਹਨ। ਸਾਨੂੰ ਵਿਅਕਤੀ ਪ੍ਰਭੂ ਯਿਸੂ ਮਸੀਹ ਦੀ ਮਹਾਨਤਾ ਦਾ ਇੱਕ ਨਿੱਜੀ ਪਰਕਾਸ਼ ਹੋਣਾ ਚਾਹੀਦਾ ਹੈ। ਦੂਜੀ ਸਿੱਖਿਆ, ਸਾਨੂੰ ਇਹ ਪਤਾ ਹੋਣਾ ਲਾਜ਼ਮੀ ਹੈ ਕਿ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਆਪਣੇ ਨਾਮ ਵਰਤੋਂ ਕਰਨ ਲਈ ਅਧਿਕਾਰ ਦਿੱਤਾ ਹੈ ਅਤੇ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਲਈ ਦਲੇਰੀ ਨਾਲ ਬਾਹਰ ਕਦਮ ਰੱਖਣਾ ਚਾਹੀਦਾ ਹੈ।

ਜੋ ਸਭ ਪਰਮੇਸ਼ਰ ਹਨ,
ਉਹ ਸਭ ਇਸ ਇੱਕ ਨਾਮ,
ਯਿਸੂ ਨਾਮ ਵਿੱਚ ਸਮਾਇਆ ਹੋਇਆ ਹੈ!

## ਸਮੀਖਿਆ

1) ਸਮੀਖਿਆ ਕਰੋ ਕਿ ਪੁਰਾਣੇ ਨੇਮ ਦੇ ਸਮੇਂ ਦੌਰਾਨ ਲੋਕ ਆਪਣੇ ਰੋਜ਼ਾਨਾ ਜੀਵਨ ਵਿੱਚ ਯਹੋਵਾਹ ਦੇ ਨਾਮ ਦੀ ਵਰਤੋਂ ਕਿਸ ਤਰ੍ਹਾਂ ਕਰਦੇ ਸਨ। ਇਹਨਾਂ ਵਿੱਚੋਂ ਘੱਟੋ-ਘੱਟ ਪੰਜ ਨਾਮ ਨੂੰ ਲਵੋ ਜਿਹੜੇ ਨਵੇਂ ਨੇਮ ਵਿੱਚ ਇੱਕ ਵਿਸ਼ਵਾਸੀ ਦੇ ਸਮਾਨ ਹਨ। ਚਰਚਾ ਕਰੋ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਇਸੇ ਤਰ੍ਹਾਂ (ਹੋ ਸਕਦਾ ਇਸੇ ਤਰ੍ਹਾਂ ਨਾ ਹੋਵੇ) ਕਿਵੇਂ ਕਰਦੇ ਹਾਂ।

2) ਜੇਕਰ ਤੁਸੀਂ 12 ਰਸੂਲਾਂ ਵਿੱਚੋਂ ਇੱਕ ਹੁੰਦੇ ਜਾਂ ਉਹਨਾਂ 70 ਚੇਲਿਆਂ ਵਿੱਚੋਂ ਇੱਕ ਹੁੰਦੇ ਜਿਹੜੇ ਯਹੋਵਾਹ ਪਰਮੇਸ਼ਰ ਦੇ ਨਾਮ ਦੀ ਮਜ਼ਬੂਤ ਸਮਝ ਨਾਲ ਯਹੂਦੀਆਂ ਵਜੋਂ ਜੰਮੇ-ਪਲੇ ਸਨ...

a) ਜਦੋਂ ਨਾਸਰਤ ਦੇ ਇੱਕ ਜੁਆਨ ਤਰਖਾਣ ਨੇ ਆਖਿਆ ਹੁੰਦਾ, ਕਿ ਤੁਸੀਂ ਉਸ ਦੇ ਨਾਮ ਦੀ ਵਰਤੋਂ ਕਰਕੇ ਵੱਡੇ ਕੰਮ ਕਰ ਸਕਦੇ ਹੋ, ਤਾਂ ਤੁਸੀਂ ਕੀ ਪ੍ਰਤਿਕਿਰਿਆ ਦਿੱਤੀ ਹੁੰਦੀ?

b) ਤੁਸੀਂ ਕਿਸ ਤਰ੍ਹਾਂ ਦੇ ਪ੍ਰਸ਼ਨਾ ਨਾਲ ਸੰਘਰਸ਼ ਕੀਤਾ ਹੁੰਦਾ?

c) ਉਹ ਕਿਹੜੇ ਮੁੱਖ ਤਸੱਲੀਬਖ਼ਸ਼ ਕਾਰਨ ਹੋ ਸਕਦੇ ਸਨ ਜਿਹਨਾਂ ਨੇ ਜਾ ਕੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦੀ ਤੁਹਾਨੂੰ ਪੁਸ਼ਟੀ ਦਿੱਤੀ ਹੁੰਦੀ?

# 4
# ਮੇਰੇ ਪਿਤਾ ਦੇ ਨਾਮ ਵਿੱਚ

**ਯੂਹੰਨਾ 5:43**
**"ਮੈਂ ਆਪਣੇ ਪਿਤਾ ਦੇ ਨਾਮ ਉੱਤੇ ਆਇਆ ਹਾਂ ਅਤੇ ਤੁਸੀਂ ਮੈਨੂੰ ਨਹੀਂ ਮੰਨਦੇ। ਜੇ ਕੋਈ ਹੋਰ ਆਪਣੇ ਨਾਉਂ ਉੱਤੇ ਆਵੇ ਤਾਂ ਉਹ ਨੂੰ ਤੁਸੀਂ ਮੰਨ ਲਓਗੇ।"**

**ਯੂਹੰਨਾ 10:25**
**"ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤਾਂ ਤੁਹਾਨੂੰ ਦੱਸਿਆ ਪਰ ਤੁਸੀਂ ਪਰਤੀਤ ਨਹੀਂ ਕਰਦੇ। ਜਿਹੜੇ ਕੰਮ ਮੈਂ ਆਪਣੇ ਪਿਤਾ ਦੇ ਨਾਮ ਤੇ ਕਰਦਾ ਹਾਂ ਓਹ ਮੇਰੇ ਉੱਤੇ ਸਾਖੀ ਦਿੰਦੇ ਹਨ"।**

ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਵੀ ਉੱਲੇਖ ਕੀਤਾ ਸੀ, ਕਿ ਪ੍ਰਭੂ ਯਿਸੂ ਮਸੀਹ ਸਾਨੂੰ ਸੌਂਪੇ ਗਏ ਆਤਮਿਕ ਅਧਿਕਾਰ ਵਿੱਚ ਚੱਲਣ ਦੇ ਅਰਥ ਦੀ ਸੰਪੂਰਨ ਉਦਹਾਰਨ ਅਤੇ ਰੂਪ ਹਨ। ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਮ ਵਿੱਚ ਆਏ ਸਨ ਅਤੇ ਪਿਤਾ ਦੇ ਨਾਮ ਵਿੱਚ ਉਹਨਾਂ ਨੇ ਆਪਣੇ ਕੰਮਾਂ ਨੂੰ ਕੀਤਾ ਸੀ।

ਜਦੋਂ ਪ੍ਰਭੂ ਯਿਸੂ ਮਸੀਹ ਨੇ ਕਿਹਾ, *"ਕਿ ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਇਆ ਹਾਂ"* ਤਾਂ ਇਸ ਦਾ ਅਰਥ ਇਹ ਸੀ ਕਿ ਉਹ ਪਿਤਾ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ ਪਿਤਾ ਵੱਲੋਂ ਸੌਂਪੇ ਗਏ ਅਧਿਕਾਰ ਨਾਲ ਆਏ ਸਨ। ਇਸ ਦਾ ਅਰਥ ਇਹ ਸੀ ਕਿ ਪਿਤਾ ਦੇ ਸ਼ਬਦਾਂ ਨੂੰ ਬੋਲਣ ਅਤੇ ਪਿਤਾ ਦੇ ਕੰਮ ਕਰਨ ਅਤੇ ਪਿਤਾ ਦੀ ਮਰਜ਼ੀ ਪੂਰੀ ਕਰਨ ਅਤੇ ਪਿਤਾ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੇ ਹੁਕਮ ਨੂੰ ਪ੍ਰਭੂ ਯਿਸੂ ਮਸੀਹ ਨਿਭਾਇਆ ਹੈ।

---

ਜਦੋਂ ਪ੍ਰਭੂ ਯਿਸੂ ਮਸੀਹ ਨੇ ਕਿਹਾ,
"ਕਿ ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਇਆ ਹਾਂ"
ਤਾਂ ਇਸ ਦਾ ਅਰਥ ਇਹ ਸੀ ਕਿ ਉਹ
ਪਿਤਾ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ
ਪਿਤਾ ਵੱਲੋਂ ਸੌਂਪੇ ਗਏ ਅਧਿਕਾਰ ਨਾਲ ਆਏ ਸਨ।

---

ਪਿਤਾ ਦੇ ਨਾਮ ਵਿੱਚ ਕੰਮ ਕਰਨ ਤੋਂ ਇਹ ਭਾਵ ਸੀ ਕਿ ਪ੍ਰਭੂ ਯਿਸੂ ਮਸੀਹ ਠੀਕ ਉਸ ਤਰ੍ਹਾਂ ਹੀ ਕਰਨਗੇ ਜੋ ਪਿਤਾ ਕਰਦੇ ਹਨ, ਅਰਥਾਤ, ਪੂਰੀ ਤਰ੍ਹਾਂ ਪਿਤਾ ਦੀ ਪ੍ਰਤੀਨਿੱਧਤਾ ਕਰਦਿਆਂ ਹੋਇਆ, ਪਿਤਾ ਦੇ ਬਦਲੇ ਅਤੇ ਪਿਤਾ ਦੀ ਥਾਂ ਤੇ ਕੰਮ ਕਰਦਿਆਂ ਹੋਇਆ, ਕਿਉਂਕਿ ਪਿਤਾ ਵੱਲੋਂ ਹੀ ਪ੍ਰਭੂ ਯਿਸੂ ਮਸੀਹ ਨੂੰ ਅਧਿਕਾਰ ਸੌਂਪਿਆਂ ਗਿਆ ਸੀ।

ਇਸ ਅਧਿਆਇ ਵਿੱਚ, ਅਸੀਂ ਵਿਚਾਰ ਕਰਦੇ ਹਾਂ ਕਿ ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਲ ਕਿਸ ਤਰ੍ਹਾਂ ਚੱਲੇ ਸਨ, ਤਾਂ ਕਿ ਪਿਤਾ ਦੇ ਬਦਲੇ ਬੋਲਦਿਆਂ ਹੋਇਆ ਅਤੇ ਉਹ ਹੀ ਕਰਦਿਆਂ ਹੋਇਆ ਜੋ ਪਿਤਾ ਕਰਦੇ ਹਨ ਉਹ ਪਿਤਾ ਦੇ ਨਾਮ ਵਿੱਚ ਕੰਮ ਕਰ ਸਕਣ। ਇਹ ਸਾਵਧਾਨੀ ਨਾਲ ਅਧਿਐਨ ਕਰਨ ਲਈ ਚੰਗੀ ਤਰ੍ਹਾਂ ਸਾਡੀ ਸਹਾਇਤਾ ਕਰੇਗਾ ਕਿ ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਮ ਵਿੱਚ ਆਉਣ ਤੇ ਪਿਤਾ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ ਆਪਣੇ ਪਿਤਾ ਨਾਲ ਉਹਨਾਂ ਦੇ ਹੁਕਮ ਨੂੰ ਪੂਰਾ ਕਰਨ ਲਈ ਕਿਸ ਤਰ੍ਹਾਂ ਚੱਲੇ ਸਨ। ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਵਿੱਚ ਉਹਨਾਂ ਨੂੰ ਪੇਸ਼ ਕਰਨ ਲਈ ਸਾਨੂੰ ਭੇਜਿਆ ਹੈ ਕਿ ਜਿਵੇਂ ਉਹ ਪਿਤਾ ਦੇ ਨਾਮ ਵਿੱਚ ਪਿਤਾ ਨੂੰ ਪੇਸ਼ ਕਰਨ ਲਈ ਆਏ ਸਨ। ਜਿਸ ਤਰ੍ਹਾਂ ਕਿ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਭੇਜਿਆ ਗਿਆ ਹੈ, ਤਾਂ ਸਾਡੇ ਲਈ ਉਸ ਉਦਹਾਰਨ ਦੀ ਪਾਲਣਾ ਕਰਨੀ ਜਰੂਰੀ ਹੈ ਜਿਹੜੀ ਪ੍ਰਭੂ ਯਿਸੂ ਮਸੀਹ ਨੇ ਸਾਡੇ ਲਈ ਕਾਇਮ ਕੀਤੀ ਹੈ।

## ਪਿਤਾ ਦੇ ਨਾਮ ਵਿੱਚ ਬਤੀਤ ਕੀਤਾ ਇੱਕ ਜੀਵਨ

“ਮੇਰੇ ਪਿਤਾ ਦੇ ਨਾਮ ਵਿੱਚ” ਇਹ “ਭੇਜਣ ਵਾਲੀ ਇੱਕ ਸੰਸਥਾ” ਦੇ ਇੱਕ ਦਾਅਵੇ ਤੋਂ ਵੱਧ ਕੇ ਸੀ। ਧਰਤੀ ਉੱਤੇ ਪ੍ਰਭੂ ਯਿਸੂ ਮਸੀਹ ਦੇ ਜੀਵਨ ਬਾਰੇ ਸਭ ਕੁਝ ਇਸ ਸੱਚ ਤੋਂ ਛੂਹਿਆ ਗਿਆ ਕਿ ਉਹ ਇੱਥੇ ਪਿਤਾ ਦੇ ਨਾਮ ਵਿੱਚ ਆਏ ਸਨ।

ਇਸ ਤਰ੍ਹਾਂ ਪ੍ਰਭੂ ਯਿਸੂ ਮਸੀਹ ਨੇ ਕਿਸੇ ਉਸ ਮਨੁੱਖ ਵਜੋਂ ਆਪਣੇ ਜੀਵਨ ਨੂੰ ਬਤੀਤ ਕੀਤਾ ਜੋ ਪਿਤਾ ਦੇ ਨਾਮ ਵਿੱਚ ਆਇਆ ਸੀ।

**ਪ੍ਰਭੂ ਯਿਸੂ ਮਸੀਹ ਪਿਤਾ ਦੀ ਗੋਦ ਵਿੱਚ ਰਹਿੰਦੇ ਸਨ, ਪਿਤਾ ਦੇ ਨਾਲ ਗੂੜ੍ਹੀ ਸੰਗਤ ਵਿੱਚ ਚੱਲੇ ਸਨ ਅਤੇ ਪਿਤਾ ਨੂੰ ਪ੍ਰਗਟ ਕੀਤਾ ਸੀ (ਯੂਹੰਨਾ 1:18)।** *“ਜਿਸ ਪਰਕਾਰ ਪਿਤਾ ਮੈਨੂੰ ਸਿਆਣਦਾ ਹੈ ਅਰ ਮੈਂ ਪਿਤਾ ਨੂੰ ਸਿਆਣਦਾ ਹਾਂ ।*

*ਮੈਂ ਭੇਡਾਂ ਦੇ ਬਦਲੇ ਆਪਣੀ ਜਾਨ ਦਿੰਦਾ ਹਾਂ"* (ਯੂਹੰਨਾ 10:15)।

**ਪ੍ਰਭੂ ਯਿਸੂ ਮਸੀਹ ਪਿਤਾ ਨਾਲ ਸੰਪੂਰਨ ਮਿਲਾਪ ਨਾਲ ਚੱਲੇ ਸਨ** ਤਾਂ ਜੋ ਉਹ ਆਖ ਸਕਣ, *"ਮੈਂ ਅਰ ਮੇਰਾ ਪਿਤਾ ਇੱਕੋ ਹਾਂ"* (ਯੂਹੰਨਾ 10:30)। *"ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ"* (ਯੂਹੰਨਾ 14:7)। *"...ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ"* (ਯੂਹੰਨਾ 14:9)।

**ਉਹ ਪਿਤਾ ਦੇ ਪਿਆਰ ਤੋਂ ਬਹੁਤ ਜਾਣੂ ਸਨ ਅਤੇ ਉਹ ਆਪਣੇ ਲਈ ਪਿਤਾ ਦੇ ਪਿਆਰ ਵਿੱਚ ਸਥਿਰ ਸਨ।** *"ਪਿਤਾ ਪੁੱਤ੍ਰ ਨਾਲ ਪਿਆਰ ਕਰਦਾ ਹੈ"* (ਯੂਹੰਨਾ 3:35)। *"ਪਿਤਾ ਤਾਂ ਪੁੱਤ੍ਰ ਨਾਲ ਤੇਹ ਕਰਦਾ ਹੈ ਅਤੇ ਜੋ ਕੰਮ ਉਹ ਆਪ ਕਰਦਾ ਹੈ ਸੋ ਸਭ ਉਹ ਨੂੰ ਵਿਖਾਲਦਾ ਹੈ ਅਤੇ ਉਹ ਇਨ੍ਹਾਂ ਨਾਲੋਂ ਵੱਡੇ ਕੰਮ ਉਸ ਨੂੰ ਵਿਖਾਵੇਗਾ ਭਈ ਤੁਸੀਂ ਅਚਰਜ ਹੋਵੋ"* (ਯੂਹੰਨਾ 5:20)। ਯੂਹੰਨਾ 10:17 ਵੀ ਵੇਖੋ।

**ਪ੍ਰਭੂ ਯਿਸੂ ਮਸੀਹ ਆਪਣੇ ਪਿਤਾ ਨਾਲ ਆਪਣੇ ਰਿਸ਼ਤੇ ਨੂੰ ਮੰਨਣ ਤੋਂ ਨਹੀਂ ਡਰਦੇ ਸਨ** ਭਾਵੇਂ ਕਿ ਇਸ ਲਈ ਪ੍ਰਭੂ ਯਿਸੂ ਮਸੀਹ ਨੂੰ ਮਾਰ ਵੀ ਦਿੱਤਾ ਜਾਂਦਾ (ਯੂਹੰਨਾ 5:18)।

**ਪ੍ਰਭੂ ਯਿਸੂ ਮਸੀਹ ਜਾਣਦੇ ਸਨ ਕਿ ਜੇਕਰ ਲੋਕ ਉਹਨਾਂ ਦਾ ਨਿਰਾਦਰ ਕਰਦੇ ਹਨ ਜਾਂ ਉਹਨਾਂ ਨੂੰ ਰੱਦ ਕਰਦੇ ਹਨ, ਤਾਂ ਲੋਕ ਉਹਨਾਂ ਨੂੰ ਭੇਜਣ ਵਾਲੇ ਪਿਤਾ ਦਾ ਨਿਰਾਦਰ ਕਰ ਰਹੇ ਹਨ ਅਤੇ ਪਿਤਾ ਨੂੰ ਰੱਦ ਕਰ ਰਹੇ ਹਨ। (ਯੂਹੰਨਾ 5:23)** *"ਜਿਹੜਾ ਮੇਰੇ ਨਾਲ ਵੈਰ ਕਰਦਾ ਹੈ ਉਹ ਮੇਰੇ ਪਿਤਾ ਦੇ ਨਾਲ ਵੈਰ ਕਰਦਾ ਹੈ"* (ਯੂਹੰਨਾ 15:23)।

**ਪ੍ਰਭੂ ਯਿਸੂ ਮਸੀਹ ਪਿਤਾ ਦੀ ਮਰਜ਼ੀ ਨੂੰ ਪੂਰਾ ਕਰਦੇ ਹੋਏ ਅਤੇ ਪਿਤਾ ਦੇ ਕੰਮ ਨੂੰ ਕਰਦੇ ਹੋਏ, ਉਤਸ਼ਾਹਿਤ, ਬਲ ਨਾਲ ਭਰੇ ਅਤੇ ਸੰਭਾਲੇ ਗਏ ਸਨ।** ਪਰ ਯਿਸੂ ਨੇ ਉਹਨਾਂ ਨੂੰ ਕਿਹਾ *"ਯਿਸੂ ਨੇ ਉਨ੍ਹਾਂ ਨੂੰ ਆਖਿਆ, ਮੇਰਾ ਭੋਜਨ ਇਹੋ ਹੈ ਜੋ ਆਪਣੇ ਭੇਜਣ ਵਾਲੇ ਦੀ ਮਰਜ਼ੀ ਉੱਤੇ ਚੱਲਾਂ ਅਰ ਉਹ ਦਾ ਕੰਮ ਸੰਪੂਰਨ ਕਰਾਂ"* (ਯੂਹੰਨਾ 4:34)। *"ਮੈਂ ਆਪ ਕੁਝ ਨਹੀਂ ਕਰ ਸੱਕਦਾ।...ਕਿਉਂ ਜੋ ਮੈਂ ਆਪਣੀ ਮਰਜ਼ੀ ਨਹੀਂ ਭਾਲਦਾ ਪਰ ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ"* (ਯੂਹੰਨਾ 5:30)। *"ਜਿਸ ਤਰਾਂ ਜੀਉਂਦੇ ਪਿਤਾ ਨੇ ਮੈਨੂੰ ਭੇਜਿਆ ਅਤੇ ਮੈਂ ਪਿਤਾ*

*ਦੇ ਕਾਰਨ ਜੀਉਂਦਾ ਹਾਂ......"* (ਯੂਹੰਨਾ 6:57)। *"ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰ ਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ"* (ਯੂਹੰਨਾ 17:4)।

**ਪ੍ਰਭੂ ਯਿਸੂ ਮਸੀਹ ਨੇ ਪਿਤਾ ਦੇ ਕੰਮ ਕੀਤੇ ਸਨ।** ਪ੍ਰਭੂ ਯਿਸੂ ਮਸੀਹ ਉਹ ਵੇਖਣ ਅਤੇ ਕਰਨ ਲਈ ਸਮਰਪਿਤ ਸਨ ਜੋ ਪਿਤਾ ਕਰ ਰਹੇ ਸਨ (ਯੂਹੰਨਾ 5:17,19)।

**ਪ੍ਰਭੂ ਯਿਸੂ ਮਸੀਹ ਸਮਝ ਗਏ ਸਨ ਕਿ ਪਿਤਾ ਦੇ ਜਿਹੜੇ ਕੰਮ ਉਹਨਾਂ ਨੇ ਕੀਤੇ ਸਨ, ਉਹ ਕੰਮ ਗਵਾਹ, ਇੱਕ ਪ੍ਰਮਾਣ, ਅਤੇ ਸੱਚ ਦੀ ਇੱਕ ਗਵਾਹੀ ਸਨ ਕਿ ਉਹ ਪਿਤਾ ਵੱਲੋਂ ਭੇਜੇ ਗਏ ਸਨ (ਯੂਹੰਨਾ 5:36)। ਪ੍ਰਭੂ ਯਿਸੂ ਮਸੀਹ ਨੂੰ ਆਪਣੇ ਜੀਵਨ ਉੱਤੇ ਪਿਤਾ ਦੀ ਲਾਈ ਹੋਈ ਮੋਹਰ ਦੀ ਪੁਸ਼ਟੀ ਦਾ ਭਰੋਸਾ ਸੀ (ਯੂਹੰਨਾ 6:27)।**

**ਜਿਹੜੇ ਕੰਮ ਪ੍ਰਭੂ ਯਿਸੂ ਮਸੀਹ ਨੇ ਕੀਤੇ ਸਨ ਉਹ ਪਿਤਾ ਨਾਲ ਉਹਨਾਂ ਦੀ ਏਕਤਾ ਦਾ ਇੱਕ ਪ੍ਰਗਟਾਵਾ ਸਨ।** *"......ਪਰ ਜੇ ਮੈਂ ਕਰਦਾ ਹਾਂ ਤਾਂ ਭਾਵੇਂ ਮੇਰੀ ਪਰਤੀਤ ਨਾ ਕਰੋ ਤਦ ਵੀ ਉਨ੍ਹਾਂ ਕੰਮਾਂ ਦੀ ਪਰਤੀਤ ਕਰੋ ਤਾਂ ਤੁਸੀਂ ਜਾਣੋ ਅਤੇ ਸਮਝੋ ਜੋ ਪਿਤਾ ਮੇਰੇ ਵਿੱਚ ਅਤੇ ਮੈਂ ਪਿਤਾ ਦੇ ਵਿੱਚ ਹਾਂ"* (ਯੂਹੰਨਾ 10:38)। *"ਪਿਤਾ ਮੇਰੇ ਵਿੱਚ ਰਹਿੰਦਿਆ ਆਪਣੇ ਕੰਮ ਕਰਦਾ ਹੈ"* (ਯੂਹੰਨਾ 14:10) । *"ਮੇਰੀ ਪਰਤੀਤ ਕਰੋ ਕਿ ਮੈਂ ਪਿਤਾ ਅਰ ਪਿਤਾ ਮੇਰੇ ਵਿੱਚ ਹੈ, ਨਹੀਂ ਤਾਂ ਕੰਮਾਂ ਹੀ ਦੇ ਕਾਰਨ ਮੇਰੀ ਪਰਤੀਤ ਕਰੋ"* (ਯੂਹੰਨਾ 14:11)।

**ਪ੍ਰਭੂ ਯਿਸੂ ਮਸੀਹ ਉਹ ਬੋਲੇ ਸਨ ਜੋ ਪਿਤਾ ਨੇ ਉਹਨਾਂ ਨੂੰ ਸਿਖਾਇਆ ਸੀ।** *"......ਜੋ ਮੈਂ ਆਪਣੀ ਵੱਲੋਂ ਕੁਝ ਨਹੀਂ ਕਰਦਾ ਪਰ ਜਿੱਦਾਂ ਪਿਤਾ ਨੇ ਮੈਨੂੰ ਸਿਖਾਲਿਆ ਹੈ ਓਦਾਂ ਹੀ ਮੈਂ ਏਹ ਗੱਲਾਂ ਆਖਦਾ ਹਾਂ"* (ਯੂਹੰਨਾ 8:28)। *"ਮੈਂ ਜੋ ਕੁਝ ਆਪਣੇ ਪਿਤਾ ਦੇ ਕੋਲ ਵੇਖਿਆ ਹੈ ਸੋਈ ਕਹਿੰਦਾ ਹਾਂ"* (ਯੂਹੰਨਾ 8:38)। *"ਕਿਉਂ ਜੋ ਮੈਂ ਆਪ ਤੋਂ ਨਹੀਂ ਬੋਲਿਆ ਪਰ ਪਿਤਾ ਜਿਨ ਮੈਨੂੰ ਘੱਲਿਆ ਉਸੇ ਨੇ ਮੈਨੂੰ ਹੁਕਮ ਦਿੱਤਾ ਭਈ ਮੈਂ ਕੀ ਬਚਨ ਕਰਾਂ ਅਤੇ ਕੀ ਬੋਲਾਂ......ਅਰ ਮੈਂ ਜਾਣਦਾ ਹਾਂ ਕਿ ਉਹ ਦਾ ਬਚਨ ਸਦੀਪਕ ਜੀਉਣ ਹੈ। ਇਸ ਕਾਰਨ ਮੈਂ ਜੋ ਕੁਝ ਬੋਲਦਾ ਹਾਂ ਸੋ ਜਿਵੇਂ ਪਿਤਾ ਨੇ ਮੈਨੂੰ ਆਖਿਆ ਹੈ ਤਿਵੇਂ ਬੋਲਦਾ ਹਾਂ"* (ਯੂਹੰਨਾ 12:49,50)। *"ਏਹ ਗੱਲਾਂ ਜਿਹੜੀਆਂ ਮੈਂ ਤੁਹਾਨੂੰ ਆਖਦਾ ਹਾਂ ਆਪ ਤੋਂ ਨਹੀਂ*

*ਆਖਦਾ ਪਰ ਪਿਤਾ ਮੇਰੇ ਵਿੱਚ ਰਹਿੰਦਿਆ ਆਪਣੇ ਕੰਮ ਕਰਦਾ ਹੈ"* (ਯੂਹੰਨਾ 14:10)। *"...ਇਹ ਬਚਨ ਜੋ ਤੁਸੀਂ ਸੁਣਦੇ ਹੋ ਮੇਰਾ ਨਹੀਂ ਸਗੋਂ ਪਿਤਾ ਦਾ ਹੈ ਜਿਨ ਮੈਨੂੰ ਘੱਲਿਆ"* (ਯੂਹੰਨਾ 14:24)।

**ਪ੍ਰਭੂ ਯਿਸੂ ਮਸੀਹ ਨੂੰ ਬਿਲਕੁਲ ਪੂਰਾ ਭਰੋਸਾ ਸੀ ਕਿ ਜਦੋਂ ਉਹ ਪ੍ਰਾਰਥਨਾ ਕਰਦੇ ਸਨ ਤਾਂ ਪਿਤਾ ਉਹਨਾਂ ਦੀ ਸੁਣਦੇ ਸਨ।** ਲਾਜ਼ਰ ਦੇ ਕਬਰ ਦੇ ਸਾਹਮਣੇ ਖੜ੍ਹੇ ਹੋ ਕੇ ਪ੍ਰਭੂ ਯਿਸੂ ਮਸੀਹ ਨੇ ਆਖਿਆ ਸੀ, *"ਪਿਤਾ, ਮੈਂ ਤੇਰਾ ਸ਼ੁਕਰ ਕਰਦਾ ਹਾਂ ਜੋ ਤੈਂ ਮੇਰੀ ਸੁਣੀ"* (ਯੂਹੰਨਾ 11:41)।

**ਪ੍ਰਭੂ ਯਿਸੂ ਮਸੀਹ ਜਾਣਦੇ ਸਨ, *"...ਤਾਂ ਜਿਹ ਨੂੰ ਪਿਤਾ ਨੇ ਪਵਿੱਤਰ ਕਰ ਕੇ ਜਗਤ ਵਿੱਚ ਘੱਲਿਆ..."* (ਯੂਹੰਨਾ 10:36)।**

**ਪ੍ਰਭੂ ਯਿਸੂ ਮਸੀਹ ਇਸ ਪੁਸ਼ਟੀ ਨਾਲ ਚੱਲੇ ਸਨ, *"ਜੋ ਕੁਝ ਪਿਤਾ ਮੈਨੂੰ ਦਿੰਦਾ ਹੈ ਮੇਰੇ ਕੋਲ ਆਵੇਗਾ ਅਤੇ ਜੋ ਮੇਰੇ ਕੋਲ ਆਉਂਦਾ ਹੈ"* (ਯੂਹੰਨਾ 6:37)।** ਜੋ ਲੋਕ ਪ੍ਰਭੂ ਯਿਸੂ ਮਸੀਹ ੜੇ ਕੋਲ ਆਉਣ ਲਈ ਨਿਯੁਕਤ ਕੀਤੇ ਗਏ ਸਨ ਉਹ ਉਹਨਾਂ ਦੇ ਕੋਲ ਆਉਣਗੇ। ਪ੍ਰਭੂ ਯਿਸੂ ਮਸੀਹ ਇਹ ਵੀ ਜਾਣਦਾ ਸਨ ਕਿ ਉਹ ਲੋਕ ਪਿਤਾ ਦੇ ਹੱਥ ਵਿੱਚ ਸੁਰੱਖਿਅਤ ਸਨ। *"ਮੇਰਾ ਪਿਤਾ ਜਿਹ ਨੇ ਮੈਨੂੰ ਓਹ ਦਿੱਤੀਆ ਹਨ ਸਭਨਾਂ ਤੋਂ ਵੱਡਾ ਹੈ ਅਤੇ ਕੋਈ ਪਿਤਾ ਦੇ ਹੱਥੋਂ ਉਨ੍ਹਾਂ ਨੂੰ ਖੋਹ ਨਹੀਂ ਸੱਕਦਾ"* (ਯੂਹੰਨਾ 10:29)।

**ਪ੍ਰਭੂ ਯਿਸੂ ਮਸੀਹ ਨੂੰ ਭਰੋਸਾ ਸੀ ਅਤੇ ਵਿਸ਼ਵਾਸ ਸੀ ਕਿ ਪਿਤਾ ਹਰ ਸਮੇਂ ਉਹਨਾਂ ਦੇ ਨਾਲ ਹਨ।** *"ਕਿਉਂ ਜੋ ਮੈਂ ਇਕੱਲਾ ਨਹੀਂ ਹਾਂ ਪਰ ਮੈਂ ਅਤੇ ਮੇਰਾ ਘੱਲਣ ਵਾਲਾ"* (ਯੂਹੰਨਾ 8:16)। *"ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ,..."* (ਯੂਹੰਨਾ 8:29)। *"ਵੇਖੋ, ਸਮਾਂ ਆਉਂਦਾ ਹੈ ਸਗੋਂ ਆ ਪਹੁੰਚਿਆ ਹੈ ਜੋ ਤੁਸੀਂ ਸੱਭੇ ਆਪੋ ਆਪਣੇ ਥਾਈਂ ਖਿੰਡ ਜਾਓਗੇ ਅਤੇ ਮੈਨੂੰ ਇਕੱਲਾ ਛੱਡ ਦਿਓਗੇ ਪਰ ਤਾਂ ਵੀ ਮੈਂ ਇਕੱਲਾ ਨਹੀਂ ਕਿਉਂ ਜੋ ਪਿਤਾ ਮੇਰੇ ਨਾਲ ਹੈ"* (ਯੂਹੰਨਾ 16:32)।

**ਪ੍ਰਭੂ ਯਿਸੂ ਮਸੀਹ ਨੇ ਇਸ ਤਰ੍ਹਾਂ ਦਾ ਜੀਵਨ ਬਤੀਤ ਕੀਤਾ ਸੀ ਜਿਸ ਨੇ ਪਿਤਾ ਨੂੰ ਹਮੇਸ਼ਾ ਪ੍ਰਸੰਨ ਕੀਤਾ ਸੀ** *"ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ"* (ਯੂਹੰਨਾ 8:29)। ਪ੍ਰਭੂ ਯਿਸੂ ਮਸੀਹ ਪਿਤਾ ਦੀ ਅਧੀਨਗੀ ਵਿੱਚ

ਚੱਲੇ ਸਨ, *"...ਕਿਉਂ ਜੋ ਪਿਤਾ ਮੈਥੋਂ ਵੱਡਾ ਹੈ"* (ਯੂਹੰਨਾ 14:28)। *"ਮੈਂ ਉਸੇ ਤਰ੍ਹਾਂ ਕਰਦਾ ਹਾਂ ਜੋ ਪਿਤਾ ਨੇ ਮੈਨੂੰ ਹੁਕਮ ਦਿੱਤਾ ਹੈ ਕਿ ਸੰਸਾਰ ਜਾਣੇ ਕਿ ਮੈਂ ਪਿਤਾ ਨਾਲ ਪਿਆਰ ਕਰਦਾ ਹਾਂ"* (ਯੂਹੰਨਾ 14:31)। *"...ਭਈ ਮੈਂ ਪਿਤਾ ਨਾਲ ਪਿਆਰ ਕਰਦਾ ਹਾਂ, ਤਾਂ ਜਿਵੇਂ ਪਿਤਾ ਨੇ ਮੈਨੂੰ ਆਗਿਆ ਦਿੱਤੀ ਹੈ ਮੈਂ ਤਿਵੇਂ ਕਰਦਾ ਹਾਂ"* (ਯੂਹੰਨਾ 15:10)।

**ਪ੍ਰਭੂ ਯਿਸੂ ਮਸੀਹ ਪਿਤਾ ਨੇ ਪਿਤਾ ਨੂੰ ਮਹਿਮਾ ਦੇਣ ਲਈ ਜੀਵਨ ਬਤੀਤ ਕੀਤਾ।** ਉਹਨਾਂ ਨੇ ਪ੍ਰਾਰਥਨਾ ਕੀਤੀ ਸੀ *"ਹੇ ਪਿਤਾ, ਆਪਣੇ ਨਾਮ ਨੂੰ ਮਹਿਮਾ ਦਿਓਹੇ ਪਿਤਾ ਆਪਣੇ ਨਾਮ ਨੂੰ ਵਡਿਆਈ ਦੇਹ"* (ਯੂਹੰਨਾ 12:28)। *"ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ"* (ਯੂਹੰਨਾ 17:4)।

## ਤੁਹਾਡੇ ਨਾਮ ਨੂੰ ਪ੍ਰਗਟ ਅਤੇ ਘੋਸ਼ਿਤ ਕੀਤਾ

ਯੂਹੰਨਾ 17 ਵਿੱਚ ਪਿਤਾ ਨੂੰ ਆਪਣੀ ਪ੍ਰਾਰਥਨਾ ਵਿੱਚ, ਪ੍ਰਭੂ ਯਿਸੂ ਮਸੀਹ ਨੇ ਪਿਤਾ ਦੇ ਨਾਮ ਦੀ ਵਰਤੋਂ ਦਾ ਉੱਲੇਖ ਕੀਤਾ ਹੈ। ਅਸੀਂ ਇਹਨਾਂ ਬਿਆਨਾਂ ਤੋਂ ਕੁਝ ਜਾਣਕਾਰੀਆਂ ਨੂੰ ਪ੍ਰਾਪਤ ਕਰਦੇ ਹਾਂ।

**ਯੂਹੰਨਾ 17:6,26**
**6 ਜਿਹੜੇ ਮਨੁੱਖ ਤੈਂ ਜਗਤ ਵਿੱਚੋਂ ਮੈਨੂੰ ਦਿੱਤੇ ਓਹਨਾਂ ਉੱਤੇ ਮੈਂ ਤੇਰਾ ਨਾਮ ਪਰਗਟ ਕੀਤਾ । ਓਹ ਤੇਰੇ ਸਨ ਅਤੇ ਤੈਂ ਓਹ ਮੈਨੂੰ ਦਿੱਤੇ ਅਰ ਓਹਨਾਂ ਨੇ ਤੇਰੇ ਬਚਨ ਦੀ ਪਾਲਨਾ ਕੀਤੀ ਹੈ।**
**26 ਅਰ ਮੈਂ ਤੇਰਾ ਨਾਮ ਏਹਨਾਂ ਉੱਤੇ ਪਰਗਟ ਕੀਤਾ ਅਤੇ ਪਰਗਟ ਕਰਾਂਗਾ ਤਾਂ ਜਿਸ ਪ੍ਰੇਮ ਨਾਲ ਤੈਂ ਮੈਨੂੰ ਪਿਆਰ ਕੀਤਾ ਸੋਈ ਓਹਨਾਂ ਵਿੱਚ ਹੋਵੇ ਅਤੇ ਮੈਂ ਓਹਨਾਂ ਵਿੱਚ ਹੋਵਾਂ।"**

**ਯੂਹੰਨਾ 17:6,26 (ਦ ਪੈਸ਼ਨ ਟ੍ਰਾਂਸਲੇਸ਼ਨ)**
**6 "ਹੇ ਪਿਤਾ, ਮੈਂ ਸਪਸ਼ਟ ਕੀਤਾ ਹੈ ਕਿ ਤੁਸੀਂ ਅਸਲ ਵਿੱਚ ਕੌਣ ਹੋ ਅਤੇ ਮੈਂ ਤੁਹਾਨੂੰ ਉਹਨਾਂ ਆਦਮੀਆਂ ਅਤੇ ਇਸਤਰੀਆਂ ਨੂੰ ਪ੍ਰਗਟ ਕੀਤਾ ਹੈ ਜਿਹੜੇ ਤੁਸੀਂ ਮੈਨੂੰ ਦਿੱਤੇ ਹਨ। ਉਹ ਤੁਹਾਡੇ ਸਨ, ਅਤੇ ਤੁਸੀਂ ਉਹਨਾਂ ਨੂੰ ਮੈਨੂੰ ਦੇ ਦਿੱਤਾ ਸੀ, ਅਤੇ ਉਹਨਾਂ ਨੇ ਤੁਹਾਡੇ ਵਚਨਾਂ ਨੂੰ ਦ੍ਰਿੜ੍ਹਤਾ ਨਾਲ ਆਪਣੇ ਹਿਰਦਿਆਂ ਵਿੱਚ ਪੱਕਾ ਕਰ ਲਿਆ ਹੈ।**
**26 ਮੈਂ ਉਹਨਾਂ ਨੂੰ ਪ੍ਰਗਟ ਕਰ ਦਿੱਤਾ ਹੈ ਕਿ ਤੁਸੀਂ ਕੌਣ ਹੋ ਅਤੇ ਮੈਂ ਤੁਹਾਨੂੰ ਉਹਨਾਂ ਨੂੰ ਹੋਰ ਵੀ ਸਪਸ਼ਟ ਤੌਰ ਤੇ ਪ੍ਰਗਟ ਕਰਨਾ ਲਗਾਤਾਰ ਜਾਰੀ ਰੱਖਾਂਗਾ, ਤਾਂ ਕਿ ਇਹ ਲੋਕ ਉਸੇ ਅਨੰਤ ਪਿਆਰ ਦਾ ਅਨੁਭਵ ਕਰ ਸਕਣ ਜਿਹੜਾ ਤੁਸੀਂ ਮੇਰੇ ਨਾਲ ਕਰਦੇ ਹੋ, ਕਿਉਂਕਿ ਤੁਹਾਡਾ ਪਿਆਰ ਹੁਣ ਉਹਨਾਂ ਵਿੱਚ ਰਹੇਗਾ, ਜਿਸ ਤਰ੍ਹਾਂ ਮੈਂ ਉਹਨਾਂ ਵਿੱਚ ਰਹਿੰਦਾ ਹਾਂ!**

ਜਦੋਂ ਕਿ ਨਿਉ ਕਿੰਗ ਜੇਮਜ਼ ਵਰਜ਼ਨ ਪ੍ਰਭੂ ਯਿਸੂ ਮਸੀਹ ਦੇ ਇਸ ਬਿਆਨ ਦਾ ਸ਼ਾਬਦਿਕ ਅਨੁਵਾਦ ਪ੍ਰਦਾਨ ਕਰਦਾ ਹੈ, *"ਮੈਂ ਤੁਹਾਡਾ ਨਾਮ ਪ੍ਰਗਟ ਕੀਤਾ ਹੈ"*

ਪਰ ਦ ਪੈਸ਼ਨ ਟਰਾਂਜ਼ਲੇਸ਼ਨ (ਦ ਪੈਸ਼ਨ ਟ੍ਰਾਂਸਲੇਸ਼ਨ) ਇਸ ਬਿਆਨ ਦਾ ਅਰਥ ਪ੍ਰਦਾਨ ਕਰਦੀ ਹੈ, *"ਮੈਂ ਸਪਸ਼ਟ ਕੀਤਾ ਹੈ ਕਿ ਤੁਸੀਂ ਅਸਲ ਵਿੱਚ ਕੌਣ ਹੋ"*। ਇਹ ਸਪਸ਼ਟ ਕਰਦਾ ਹੈ ਕਿ ਪਿਤਾ ਦੇ ਨਾਮ ਵਿੱਚ ਆਉਣ, ਬੋਲਣ ਅਤੇ ਕੰਮ ਕਰਨ ਦਾ ਪ੍ਰਭੂ ਯਿਸੂ ਮਸੀਹ ਦਾ ਮਨੋਰਥ ਇਹ ਸਪਸ਼ਟ ਕਰਨਾ ਅਤੇ ਪ੍ਰਗਟ ਕਰਨਾ ਸੀ ਕਿ ਪਿਤਾ ਅਸਲ ਵਿੱਚ ਕੌਣ ਹਨ। ਅਜਿਹਾ ਹੀ, ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਣ ਦਾ ਸਾਡਾ ਮਨੋਰਥ ਲੋਕਾਂ ਨੂੰ ਸਪਸ਼ਟ ਕਰਨਾ ਅਤੇ ਪ੍ਰਗਟ ਕਰਨਾ ਹੈ ਕਿ ਪ੍ਰਭੂ ਯਿਸੂ ਮਸੀਹ ਅਸਲ ਵਿੱਚ ਕੌਣ ਹਨ।

ਇਹ ਸਪਸ਼ਟ ਕਰਦਾ ਹੈ ਕਿ ਪਿਤਾ ਦੇ ਨਾਮ ਵਿੱਚ ਆਉਣ,
ਬੋਲਣ ਅਤੇ ਕੰਮ ਕਰਨ ਦਾ ਪ੍ਰਭੂ ਯਿਸੂ ਮਸੀਹ ਦਾ ਮਨੋਰਥ
ਇਹ ਸਪਸ਼ਟ ਕਰਨਾ ਅਤੇ ਪ੍ਰਗਟ ਕਰਨਾ ਸੀ
ਕਿ ਪਿਤਾ ਅਸਲ ਵਿੱਚ ਕੌਣ ਹਨ।
ਅਜਿਹਾ ਹੀ, ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਜਾਣ ਦਾ ਸਾਡਾ ਮਨੋਰਥ ਲੋਕਾਂ ਨੂੰ
ਸਪਸ਼ਟ ਕਰਨਾ ਅਤੇ ਪ੍ਰਗਟ ਕਰਨਾ ਹੈ
ਕਿ ਪ੍ਰਭੂ ਯਿਸੂ ਮਸੀਹ ਅਸਲ ਵਿੱਚ ਕੌਣ ਹਨ।

## ਤੁਹਾਡੇ ਨਾਮ ਦੇ ਰਾਹੀਂ ਸੁਰੱਖਿਅਤ

**ਯੂਹੰਨਾ 17:11,12**

**11 "ਮੈਂ ਅੱਗੇ ਨੂੰ ਜਗਤ ਵਿੱਚ ਨਹੀਂ ਪਰ ਏਹ ਜਗਤ ਵਿੱਚ ਹਨ ਅਤੇ ਮੈਂ ਤੇਰੇ ਕੋਲ ਆਉਂਦਾ ਹਾਂ । ਹੇ ਪਵਿੱਤ੍ਰ ਪਿਤਾ ਆਪਣੇ ਹੀ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਓਹਨਾਂ ਦੀ ਰੱਛਿਆ ਕਰ ਇਸ ਲਈ ਜੋ ਓਹ ਸਾਡੇ ਵਾਂਗਰ ਇੱਕ ਹੋਣ ।**
**12 ਜਿੱਨਾ ਚਿਰ ਮੈਂ ਓਹਨਾਂ ਦੇ ਨਾਲ ਸਾਂ ਮੈਂ ਤੇਰੇ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਓਹਨਾਂ ਦੀ ਰੱਛਿਆ ਕੀਤੀ ਅਤੇ ਮੈਂ ਓਹਨਾਂ ਦੀ ਰਾਖੀ ਕੀਤੀ ਅਤੇ ਨਾਸ਼ ਦੇ ਪੁੱਤ੍ਰ ਬਾਝੋਂ ਓਹਨਾਂ ਵਿੱਚੋਂ ਕਿਸੇ ਦਾ ਨਾਸ ਨਾ ਹੋਇਆ ਤਾਂ ਜੋ ਲਿਖਤ ਪੂਰੀ ਹੋਵੇ"।**

ਦੋਵਾਂ ਆਇਤਾਂ 11 ਅਤੇ 12 ਵਿੱਚ, ਪ੍ਰਭੂ ਯਿਸੂ ਮਸੀਹ ਨੇ ਉਸੇ ਸ਼ਬਦ "ਰਾਖੀ ਕਰਨਾ" (ਯੂਨਾਨੀ ਭਾਸ਼ਾ ਦੇ ਸ਼ਬਦ *'ਟੇਰਿਓ'*) ਦੀ ਵਰਤੋਂ ਕੀਤੀ ਹੈ ਜਿਸ ਦਾ ਅਰਥ ਹੈ "ਰੱਖਿਆ ਕਰਨਾ, ਸੁਰੱਖਿਅਤ ਰੱਖਣਾ, ਸਾਵਧਾਨੀ ਪੂਰਵਕ ਨਜ਼ਰ ਵਿੱਚ ਰੱਖਣਾ"। ਜਦੋਂ ਪਿਤਾ ਦੇ ਨਾਮ ਵਿੱਚ, ਪ੍ਰਭੂ ਯਿਸੂ ਮਸੀਹ ਸਰੀਰਕ

ਤੌਰ ਤੇ ਚੇਲਿਆਂ ਦੇ ਨਾਲ ਸਨ, ਅਰਥਾਤ, ਪਿਤਾ ਦੇ ਅਧਿਕਾਰ ਰਾਹੀਂ, ਪ੍ਰਭੂ ਯਿਸੂ ਯਿਸੂ ਮਸੀਹ ਨੇ ਉਹਨਾਂ ਲੋਕਾਂ ਉੱਤੇ ਆਤਮਿਕ ਸੁਰੱਖਿਆ ਵਧਾ ਦਿੱਤੀ ਜਿਹੜੇ ਪ੍ਰਭੂ ਯਿਸੂ ਮਸੀਹ ਨੂੰ ਦਿੱਤੇ ਗਏ ਸਨ। ਅਤੇ ਹੁਣ, ਜਿਸ ਤਰ੍ਹਾਂ ਕਿ ਪ੍ਰਭੂ ਯਿਸੂ ਮਸੀਹ ਇਸ ਗੱਲ ਤੋਂ ਜਾਣੂ ਸਨ ਕਿ ਉਹਨਾਂ ਦੇ ਜਾਣ ਦਾ ਵੇਲਾ ਨੇੜੇ ਹੈ, ਇਸ ਲਈ ਉਹ ਆਪਣੇ ਚੇਲਿਆਂ ਦੀ ਸੰਭਾਲ ਅਤੇ ਰਾਖੀ ਕਰਨਾ ਲਗਾਤਾਰ ਜਾਰੀ ਰੱਖਣ ਲਈ ਪਿਤਾ ਦੇ ਨਾਮ ਰਾਹੀਂ ਉਪਲੱਬਧ ਉਸੇ ਆਤਮਿਕ ਸੁਰੱਖਿਆ ਦੀ ਮੰਗ ਕਰਦੇ ਹਨ। ਇਹ ਸਾਨੂੰ ਸਿਖਾਉਂਦਾ ਹੈ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਉਹਨਾਂ ਲੋਕਾਂ ਉੱਤੇ ਆਤਮਿਕ ਸੁਰੱਖਿਆ ਵਧਾ ਸਕਦੇ ਹਾਂ ਜਿਹਨਾਂ ਦੀ ਅਸੀਂ ਪਰਵਾਹ ਕਰਦੇ ਹਾਂ ਅਤੇ ਜਿਹਨਾਂ ਲੋਕਾਂ ਨੂੰ ਸਾਨੂੰ ਸੌਂਪਿਆ ਗਿਆ ਹੈ।

## ਪਿਤਾ ਨਾਲ ਪੂਰਨ ਏਕਤਾ ਵਿੱਚ ਬਤੀਤ ਕੀਤਾ ਜੀਵਨ

**ਯੂਹੰਨਾ 20:21**

**ਤਦ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ, ਤੁਹਾਡੀ ਸ਼ਾਂਤੀ ਹੋਵੇ! ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ।"**

ਇਹ ਨਿਰੀਖਣ ਵਿੱਚ ਕਿ ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਮ ਵਿੱਚ ਕਿਸ ਪ੍ਰਕਾਰ ਚੱਲੇ ਸਨ, ਅਸੀਂ ਇਸ ਬਾਰੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰਦੇ ਹਾਂ ਕਿ ਸਾਡੇ ਚੇਲੇ ਹੋਣ ਵਜੋਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਕੀ ਅਰਥ ਹੈ। ਸਾਡੇ ਲਈ "ਯਿਸੂ ਦੇ ਨਾਮ ਵਿੱਚ" ਕਹਿਣਾ ਇੱਕ ਕਥਨ ਤੋਂ ਵੱਧ ਹੈ ਜਿਸ ਦੀ ਅਸੀਂ ਵਰਤੋਂ ਕਰਦੇ ਹਾਂ। ਸਾਡੇ ਲਈ ਵੀ "ਯਿਸੂ ਨਾਮ ਵਿੱਚ" ਕਹਿਣ ਦਾ ਅਰਥ ਉਹ ਹੀ ਹੋਣਾ ਚਾਹੀਦਾ ਹੈ, ਜਿਹੜਾ "ਮੇਰੇ ਪਿਤਾ ਦੇ ਨਾਮ ਵਿੱਚ" ਕਹਿਣ ਦਾ ਅਰਥ ਪ੍ਰਭੂ ਯਿਸੂ ਮਸੀਹ ਦਾ ਸੀ। ਇਸ ਨੇ ਸਭ ਕੁਝ ਨੂੰ ਛੂਹਿਆ ਸੀ। ਸਾਰਾ ਧਰਤੀ ਦਾ ਜੀਵਨ ਇਸ ਸੱਚ ਤੋਂ ਵਹਿੰਦਾ ਸੀ ਕਿ ਉਹ ਪਿਤਾ ਦੇ ਨਾਮ ਵਿੱਚ ਇੱਥੇ ਸਨ। ਇਹ ਪਿਤਾ ਨਾਲ ਪੂਰਨ ਏਕਤਾ ਵਿੱਚ ਬਤੀਤ ਕੀਤਾ ਇੱਕ ਜੀਵਨ ਸੀ।

*"ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਇਆ ਹਾਂ"* ਅਸੀਂ ਪ੍ਰਭੂ ਯਿਸੂ ਮਸੀਹ ਦੇ ਇਸ ਬਿਆਨ ਨੂੰ ਪਿਤਾ ਦੇ ਨਾਲ ਉਹਨਾਂ ਦੀ ਨਿੱਜੀ ਚਾਲ ਤੋਂ ਵੱਖਰਾ ਨਹੀਂ ਕਰ ਸਕਦੇ ਹਾਂ। ਇਹ ਸੱਚ ਕਿ ਉਹ ਪਿਤਾ ਦੇ ਨਾਮ ਵਿੱਚ ਆਏ ਸਨ, ਇਸ ਦਾ ਅਰਥ ਇਹ ਵੀ ਸੀ ਕਿ ਉਹ ਪਿਤਾ ਦੇ ਨਾਲ ਇੱਕ ਢੁਕਵੇਂ ਤਰੀਕੇ ਵਿੱਚ ਚੱਲਦੇ ਸਨ—ਪਿਤਾ ਦੇ ਨਾਲ ਇੱਕ ਪੂਰਨ ਏਕਤਾ ਦੀ ਚਾਲ। ਅਜਿਹਾ ਹੀ, ਸਾਨੂੰ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਲ ਸਾਡੇ

ਨਿੱਜੀ ਚਾਲ ਚੱਲਣ ਤੋਂ ਵੱਖਰਾ ਨਹੀਂ ਕਰਨਾ ਚਾਹੀਦਾ ਹੈ। ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਹਾਂ ਅਤੇ ਉਹ ਸਾਡੇ ਵਿੱਚ ਹਨ। ਪ੍ਰਭੂ ਯਿਸੂ ਮਸੀਹ ਦੇ ਨਾਲ ਇਹ ਏਕਤਾ ਅਤੇ ਅਸੀਂ ਇਸ ਨੂੰ ਕਿਸ ਤਰ੍ਹਾਂ ਬਤੀਤ ਕਰਦੇ ਹਾਂ, ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਸਾਡੀ ਵਰਤੋਂ ਲਈ ਪ੍ਰਤੇਕ ਦਿਨ ਮਹੱਤਵਪੂਰਨ ਹੈ।

ਪ੍ਰਭੂ ਯਿਸੂ ਮਸੀਹ ਨੇ ਪਿਤਾ ਦੇ ਨਾਲ ਏਕਤਾ ਵਿੱਚ ਧਰਤੀ ਉੱਤੇ ਆਪਣਾ ਜੀਵਨ ਜਿਸ ਤਰੀਕੇ ਨਾਲ ਬਤੀਤ ਕੀਤਾ ਸੀ, ਇਹ ਇੱਕ ਨਮੂਨਾ ਹੈ ਕਿ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਲ ਏਕਤਾ ਵਿੱਚ ਕਿਸ ਤਰੀਕੇ ਨਾਲ ਜੀਵਨ ਬਤੀਤ ਕਰਨਾ ਚਾਹੀਦਾ ਹੈ। *"ਜਿਸ ਤਰਾਂ ਜੀਉਂਦੇ ਪਿਤਾ ਨੇ ਮੈਨੂੰ ਭੇਜਿਆ ਅਤੇ ਮੈਂ ਪਿਤਾ ਦੇ ਕਾਰਨ ਜੀਉਂਦਾ ਹਾਂ ਉਸੇ ਤਰਾਂ ਜਿਹੜਾ ਮੈਨੂੰ ਖਾਂਦਾ ਹੈ ਸੋ ਮੇਰੇ ਕਾਰਨ ਜੀਏਗਾ"* (ਯੂਹੰਨਾ 6:57)। *"ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ"* (ਯੂਹੰਨਾ 14:20)। *"ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ"* (1 ਯੂਹੰਨਾ 2:6)।

ਇੱਕ ਵਿਸ਼ਵਾਸੀ ਦੁਆਰਾ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ, ਭਾਵੇਂ ਕਿ ਇਹ ਪ੍ਰਭੂ ਯਿਸੂ ਮਸੀਹ ਰਾਹੀਂ ਸਾਨੂੰ ਸੌਂਪੇ ਗਏ ਅਧਿਕਾਰ ਦਾ ਪ੍ਰਗਟਾਵਾ ਹੈ, ਪਰ ਇਹ ਇਸ ਤੋਂ ਕਿਤੇ ਵੱਧ ਫੈਲਿਆ ਹੋਇਆ ਹੈ। ਇਹ ਇਸ ਬਾਰੇ ਹੈ ਕਿ ਅਸੀਂ ਕੌਣ ਹਾਂ, ਅਸੀਂ ਆਪਣੇ ਜੀਵਨ ਨੂੰ ਕਿਸ ਤਰ੍ਹਾਂ ਬਤੀਤ ਕਰਦੇ ਹਾਂ, ਅਤੇ ਅਸੀਂ ਕੀ ਆਖਦੇ ਹਾਂ ਅਤੇ ਕਰਦੇ ਹਾਂ। ਇਹ ਇੱਕ ਜੀਵਨ ਹੈ ਜੋ ਪ੍ਰਭੂ ਯਿਸੂ ਮਸੀਹ ਦੇ ਨਾਲ ਪੂਰਨ ਏਕਤਾ ਵਿੱਚ ਬਤੀਤ ਹੁੰਦਾ ਹੈ। ਇਹ ਪ੍ਰਭੂ ਯਿਸੂ ਮਸੀਹ ਨੂੰ ਹਰ ਤਰੀਕੇ ਨਾਲ, ਹਰ ਗੱਲ ਵਿੱਚ, ਹਰ ਸਮੇਂ ਪੂਰੀ ਤਰ੍ਹਾਂ ਵਰਣਨ ਕਰਨਾ ਹੈ।

---

ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਮ ਵਿੱਚ ਆਇਆ ਸੀ।
ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਵਿੱਚ ਸਾਨੂੰ ਭੇਜਿਆ ਹੈ।
ਜਿਸ ਤਰ੍ਹਾਂ ਕਿ ਪ੍ਰਭੂ ਯਿਸੂ ਮਸੀਹ ਪਿਤਾ ਦੇ ਨਾਲ ਏਕਤਾ ਵਿੱਚ ਚੱਲੇ ਸਨ,
ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਲ ਏਕਤਾ ਵਿੱਚ ਚੱਲਣਾ ਚਾਹੀਦਾ ਹੈ,
ਤਾਂ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਰਾਹੀਂ,
ਅਸੀਂ ਪੂਰੀ ਤਰ੍ਹਾਂ ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰੀਏ।

---

## ਸਮੀਖਿਆ

1) ਸਮੀਖਿਆ ਕਰੋ ਕਿ ਪ੍ਰਭੂ ਯਿਸੂ ਮਸੀਹ ਲਈ ਇਸ ਤੋਂ ਕੀ ਭਾਵ ਸੀ ਜਦੋਂ ਉਹਨਾਂ ਨੇ ਕਿਹਾ, *"ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਇਆ ਹਾਂ।"* ਹੇਠਾਂ ਲਿਖੇ ਪ੍ਰਭਾਸ਼ਿਕ ਸ਼ਬਦਾਂ ਵਿੱਚ ਇਸ ਦਾ ਕੀ ਅਰਥ ਹੈ...

- ਪ੍ਰਭੂ ਯਿਸੂ ਮਸੀਹ ਦੇ ਅਧਿਕਾਰ ਦਾ ਸ੍ਰੋਤ – ਪਿਤਾ ਨੇ ਮੈਨੂੰ ਅਧਿਕਾਰ ਦਿੱਤਾ ਹੈ,
- ਪ੍ਰਭੂ ਯਿਸੂ ਮਸੀਹ ਨੂੰ ਸੌਂਪੀ ਜ਼ਿੰਮੇਵਾਰੀ ਦਾ ਮਨੋਰਥ – ਪਿਤਾ ਨੂੰ ਪ੍ਰਗਟ ਕਰਨਾ ਅਤੇ ਪਿਤਾ ਦੀ ਮਹਿਮਾ ਕਰਨਾ,
- ਪ੍ਰਭੂ ਯਿਸੂ ਮਸੀਹ ਦੇ ਰੋਜ਼ਾਨਾ ਜੀਵਨ ਦਾ ਗਠਜੋੜ – ਪਿਤਾ ਦੇ ਨਾਲ ਪੂਰਨ ਏਕਤਾ ਵਿੱਚ ਰਹਿਣਾ,
- ਸੇਵਕਾਈ ਨੂੰ ਪੇਸ਼ਕਸ਼ – ਉਹ ਬੋਲੋ ਜੋ ਪਿਤਾ ਬੋਲਦੇ ਹਨ, ਉਹ ਕੀਤਾ ਜੋ ਪਿਤਾ ਕਰਦੇ ਹਨ।

ਜਦੋਂ ਅਸੀਂ "ਯਿਸੂ ਦੇ ਨਾਮ ਵਿੱਚ" ਬਾਹਰ ਜਾਂਦੇ ਹਾਂ, ਤਾਂ ਅਸੀਂ ਇਸ ਦਾ ਅਨੁਕਰਨ ਕਿਵੇਂ ਕਰਦੇ ਹਾਂ?

# 5
# ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ

ਅਸੀਂ ਪਹਿਲਾਂ ਉੱਲੇਖ ਕੀਤਾ ਸੀ, ਕਿ ਪ੍ਰਭੂ ਯਿਸੂ ਮਸੀਹ ਨੇ ਉਹਨਾਂ ਦੇ 12 ਰਸੂਲਾਂ ਅਤੇ ਬਾਅਦ ਵਿੱਚ ਹੋਰ 70 ਚੇਲਿਆ ਨੂੰ ਭੇਜਿਆ ਸੀ ਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਕੇ ਉਹ ਦੀ ਪ੍ਰਤੀਨਿੱਧਤਾ ਕਰਨ ਅਤੇ ਜਾ ਕੇ ਉਹ ਹੀ ਪ੍ਰਚਾਰ ਕਰਨ ਜੋ ਪ੍ਰਭੂ ਯਿਸੂ ਨੇ ਪ੍ਰਚਾਰ ਕੀਤਾ ਸੀ ਅਤੇ ਉਹ ਹੀ ਕੰਮ ਕਰਨ ਜੋ ਪ੍ਰਭੂ ਯਿਸੂ ਨੇ ਕੀਤੇ ਸਨ – ਚੰਗਿਆਈਆਂ, ਛੁਟਕਾਰੇ, ਅਤੇ ਚਮਤਕਾਰ। ਇਸ ਲਈ, ਇਹ ਲੋਕ "ਯਿਸੂ ਮਸੀਹ ਨਾਸਰੀ ਦੇ ਨਾਮ ਵਿੱਚ" ਵੱਡੇ ਕੰਮ ਕਰਦੇ ਹੋਏ ਚਲੇ ਗਏ।

## ਪਹਿਲੇ ਚੇਲੇ

ਪ੍ਰਭੂ ਯਿਸੂ ਮਸੀਹ ਦਾ 12 ਰਸੂਲਾਂ ਨੂੰ ਜਾ ਕੇ ਉਹ ਕੰਮ ਕਰਨ ਲਈ ਜੋ ਪ੍ਰਭੂ ਯਿਸੂ ਮਸੀਹ ਕਰ ਰਹੇ ਸਨ ਇਹ ਹੁਕਮ ਦੇਣ ਦਾ ਸਾਡੇ ਕੋਲ ਇੰਜੀਲਾਂ ਵਿੱਚ ਲਿਖਤੀ ਵੇਰਵਾ ਹੈ।

**ਮੱਤੀ 10:1,7,8 (ਮਰਕੁਸ 6:7,12,13 ਵੀ ਦੇਖੋ)**

**1 ਉਸ ਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਇਖ਼ਤਿਆਰ ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨ।**

**7 ਅਤੇ ਤੁਰਦੇ ਤੁਰਦੇ ਪ੍ਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ ।**

**8 ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।**

**ਲੂਕਾ 9:1,2,6,10**

**1 ਉਸ ਨੇ ਬਾਰਾਂ ਚੇਲਿਆਂ ਨੂੰ ਇੱਕਠੇ ਬੁਲਾ ਕੇ ਉਨ੍ਹਾਂ ਨੂੰ ਸਾਰਿਆਂ ਭੂਤਾਂ ਉੱਤੇ ਅਤੇ ਰੋਗਾਂ ਦੇ ਦੂਰ ਕਰਨ ਦੀ ਸ਼ਕਤੀ ਤੇ ਇਖ਼ਤਿਆਰ ਦਿੱਤਾ।**

**2 ਅਰ ਉਨ੍ਹਾਂ ਨੂੰ ਪਰਮੇਸ਼ਰ ਦੇ ਰਾਜ ਦਾ ਪ੍ਰਚਾਰ ਕਰਨ ਅਤੇ ਰੋਗੀਆਂ ਨੂੰ ਚੰਗੇ ਕਰਨ ਲਈ ਘੱਲਿਆ ।**

**6 ਤਾਂ ਓਹ ਬਾਹਰ ਜਾਕੇ ਪਿੰਡੋ ਪਿੰਡ ਹਰ ਥਾਂ ਖੁਸ਼ ਖਬਰੀ ਸੁਣਾਉਂਦੇ ਅਤੇ ਰੋਗਾਂ ਨੂੰ ਦੂਰ ਕਰਦੇ**

**ਫਿਰੇ।**
**10 ਰਸੂਲਾਂ ਨੇ ਮੁੜ ਆ ਕੇ ਜੋ ਕੁਝ ਕੀਤਾ ਸੀ ਸੋ ਉਹ ਨੂੰ ਦੱਸਿਆ ਅਰ ਉਹ ਉਨ੍ਹਾਂ ਨੂੰ ਨਾਲ ਲੈ ਕੇ ਅਲੱਗ ਬੈਤਸੈਦਾ ਨਾਉਂ ਦੇ ਇੱਕ ਨਗਰ ਵਿੱਚ ਗਿਆ।**

ਜਦੋਂ ਕਿ ਸਾਡੇ ਕੋਲ ਪ੍ਰਭੂ ਯਿਸੂ ਮਸੀਹ ਦੇ 12 ਰਸੂਲਾਂ ਨੂੰ ਸਪਸ਼ਟ ਤੌਰ ਤੇ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਬਾਰੇ ਸਿਖਾਉਣ ਦਾ ਕੋਈ ਵੇਰਵਾ ਨਹੀਂ ਹੈ, ਅਸੀਂ ਜਾਣਦੇ ਹਾਂ ਕਿ ਚੇਲੇ ਪ੍ਰਭੂ ਯਿਸੂ ਦੇ ਨਾਮ ਦੀ ਵਰਤੋਂ ਕਰਦੇ ਹੋਏ ਗਏ ਸਨ। ਲੂਕਾ ਦੀ ਇੰਜੀਲ 9 ਅਧਿਆਇ ਵਿੱਚ, ਰਸੂਲਾਂ ਨੂੰ ਭੇਜੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਦਾ ਸਾਡੇ ਕੋਲ ਹੇਠਾਂ ਲਿਖਿਆਂ ਵੇਰਵਾ ਹੈ।

**ਲੂਕਾ 9:49,50**
**49 ਯੂਹੰਨਾ ਨੇ ਅੱਗੋ ਆਖਿਆ, ਸੁਆਮੀ ਜੀ ਅਸਾਂ ਇੱਕ ਮਨੁੱਖ ਤੇਰੇ ਨਾਮ ਨਾਲ ਭੂਤਾਂ ਨੂੰ ਕੱਢਦੇ ਵੇਖਿਆ ਅਤੇ ਉਹ ਨੂੰ ਵਰਜਿਆ ਇਸ ਲਈ ਜੋ ਉਹ ਸਾਡੇ ਨਾਲ ਤੇਰੇ ਮਗਰ ਨਹੀਂ ਚੱਲਦਾ।"**
**50 ਪਰ ਯਿਸੂ ਨੇ ਉਹ ਨੂੰ ਆਖਿਆ, ਨਾ ਵਰਜੋ ਕਿਉਂਕਿ ਜਿਹੜਾ ਤੁਹਾਡੇ ਵਿੱਰੁਧ ਨਹੀਂ ਉਹ ਤੁਹਾਡੀ ਵੱਲ ਹੈ।"**

ਇਸ ਲਈ ਪ੍ਰਤੱਖ ਰੂਪ ਵਿੱਚ, ਇੱਕ ਹੋਰ ਵਿਅਕਤੀ ਜਿਹੜਾ 12 ਰਸੂਲਾਂ ਦਾ ਹਿੱਸਾ ਨਹੀਂ ਸੀ, ਜੋ ਹੋ ਰਿਹਾ ਸੀ ਉਹ ਹੀ ਕਰਦਾ ਹੋਇਆ "ਦੇਖਿਆ" ਗਿਆ। ਉਸ ਵਿਅਕਤੀ ਨੇ ਵੀ ਜ਼ਰੂਰ ਪ੍ਰਭੂ ਯਿਸੂ ਮਸੀਹ ਨੂੰ ਦੇਖਿਆ ਅਤੇ ਸੁਣਿਆ ਹੋਵੇਗਾ, ਅਤੇ ਪ੍ਰਭੂ ਯਿਸੂ ਮਸੀਹ ਉੱਤੇ ਪਰਮੇਸ਼ਰ ਦੇ ਪੁੱਤਰ, ਮਸੀਹ, ਵਜੋਂ ਵਿਸ਼ਵਾਸ ਕੀਤਾ ਸੀ, ਅਤੇ ਫਿਰ ਦੁਸ਼ਟ ਆਤਮਾਵਾਂ ਨੂੰ ਕੱਢਣ ਅਤੇ ਚਮਤਕਾਰ ਕਰਨ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਲਈ ਅੱਗੇ ਵਧਿਆ ਸੀ (ਮਰਕੁਸ 9:38,39 ਵੀ ਦੇਖੋ)। ਇਸ ਲਈ, ਸਾਨੂੰ ਪਤਾ ਹੈ ਕਿ 12 ਰਸੂਲਾਂ ਨੇ ਦਲੇਰੀ ਨਾਲ ਯਿਸੂ ਮਸੀਹ ਨਾਸਰੀ ਦੇ ਨਾਮ ਦੀ ਵਰਤੋਂ ਕਰਕੇ ਪ੍ਰਭੂ ਯਿਸੂ ਦੇ ਕੰਮ ਕੀਤੇ ਸਨ, ਅਤੇ ਅਜਿਹਾ ਹੀ ਕਿਸੇ ਹੋਰ ਨੇ ਵੀ ਕੀਤਾ ਸੀ।

ਪ੍ਰਭੂ ਯਿਸੂ ਮਸੀਹ ਨੇ ਹੋਰ 70 ਚੇਲਿਆਂ ਨੂੰ ਚੁਣਿਆ ਅਤੇ ਪ੍ਰਭੂ ਯਿਸੂ ਮਸੀਹ ਨੇ ਉਹਨਾਂ ਨੂੰ ਉਹ ਹੀ ਕੰਮ ਕਰਨ ਦਾ ਹੁਕਮ ਦਿੱਤਾ ਜਿਸ ਦਾ ਪ੍ਰਭੂ ਯਿਸੂ ਮਸੀਹ ਨੇ 12 ਰਸੂਲਾਂ ਨੂੰ ਹੁਕਮ ਦਿੱਤਾ ਸੀ।

**ਲੂਕਾ 10:1,9,17-19**
**1 ਇਨ੍ਹਾਂ ਗੱਲਾਂ ਦੇ ਪਿੱਛੋਂ ਪ੍ਰਭੂ ਨੇ ਸੱਤਰ ਹੋਰ ਵੀ ਠਹਿਰਾਏ ਅਰ ਹਰ ਨਗਰ ਅਤੇ ਹਰ ਥਾਂ ਜਿੱਥੇਂ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਆਪਣੇ ਅੱਗੇ ਘੱਲਿਆ।**

**[9] ਅਰ ਉੱਥੋਂ ਦੇ ਰੋਗੀਆਂ ਨੂੰ ਚੰਗੇ ਕਰੋ ਅਤੇ ਉਨ੍ਹਾਂ ਨੂੰ ਕਹੋ ਭਈ ਪਰਮੇਸ਼ਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ।**
**[17] ਉਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ ਕਿ ਪ੍ਰਭੂ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ!**
**[18] ਉਸ ਨੇ ਉਨ੍ਹਾਂ ਨੂੰ ਆਖਿਆ, ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਅਕਾਸ਼ ਤੋਂ ਡਿੱਗਾ ਹੋਇਆ ਡਿੱਠਾ।**
**[19] ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਬਿੱਛੂਆਂ ਨੂੰ ਕੁਚਲਣ ਦਾ ਅਤੇ ਵੈਰੀ ਦੀ ਸਾਰੀ ਸਮਰੱਥਾ ਉੱਤੇ ਅਧਿਕਾਰ ਦਿੱਤਾ ਹੈ ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ।**

ਇਹ ਬਹੁਤ ਸਪਸ਼ਟ ਕਰਦਾ ਹੈ, ਕਿ ਇਹ ਰਸੂਲ ਅਤੇ ਚੇਲੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ ਕਰ ਰਹੇ ਸਨ ਅਤੇ ਚੰਗਿਆਈ ਅਤੇ ਛੁਟਕਾਰੇ ਦੇ ਵੱਡੇ ਕੰਮ ਕਰ ਰਹੇ ਸਨ। ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਦੇ ਨਤੀਜੇ ਵੇਖ ਕੇ ਅੰਨਦਿਤ ਸਨ। ਪ੍ਰਭੂ ਜੀ, *"ਤੇਰੇ ਨਾਮ ਕਰਕੇ ਭੂਤ ਵੀ ਸਾਡੇ ਵੱਸ ਵਿੱਚ ਹਨ"* (ਆਇਤ 17)। ਪ੍ਰਭੂ ਯਿਸੂ ਮਸੀਹ ਫਿਰ ਉਹਨਾਂ ਨੂੰ ਆਪਣੇ ਨਾਮ ਦੀ ਵਰਤੋਂ ਰਾਹੀਂ ਉਹਨਾਂ ਕੋਲ ਅਧਿਕਾਰ ਦੇ ਮੰਤਵ ਦੀ ਵਿਆਖਿਆ ਕਰਦੇ ਹਨ। ਜਿਸ ਅਧਿਕਾਰ ਵਿੱਚ ਉਹਨਾਂ ਨੇ ਚੱਲਣਾ ਸੀ ਉਹ *"ਵੈਰੀ ਦੀ ਸਾਰੀ ਸ਼ਕਤੀ ਉੱਤੇ ਅਧਿਕਾਰ"* ਸੀ। ਅਤੇ ਉਹਨਾਂ ਨੂੰ ਉਹਨਾਂ ਦੇ ਵਿਰੁੱਧ ਸਫਲਤਾ ਪੂਰਵਕ ਬਦਲਾ ਲੈਣ ਵਾਲੇ ਵੈਰੀ ਤੋਂ ਡਰਨ ਦੀ ਲੋੜ ਨਹੀਂ ਹੈ ਕਿਉਂਕਿ ਪ੍ਰਭੂ ਯਿਸੂ ਮਸੀਹ ਨੇ ਆਖਿਆ ਸੀ, *"ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ"।*

---

ਪ੍ਰਭੂ ਯਿਸੂ ਮਸੀਹ ਦਾ ਨਾਮ
ਸਾਨੂੰ ਸਾਰੀਆਂ ਦੁਸ਼ਟ ਆਤਮਾਵਾਂ
ਅਤੇ ਸ਼ੈਤਾਨ ਦੀ ਸਾਰੀ ਸ਼ਕਤੀ
ਉੱਤੇ ਅਧਿਕਾਰ ਦਿੰਦਾ ਹੈ।

---

## ਪ੍ਰਭੂ ਯਿਸੂ ਮਸੀਹ ਸਾਰੇ ਵਿਸ਼ਵਾਸੀਆਂ ਨੂੰ ਆਪਣੇ ਨਾਮ ਦੀ ਵਰਤੋਂ ਕਰਨ ਦੇ ਅਧਿਕਾਰ ਨੂੰ ਵਧਾ ਦਿੰਦੇ ਹਨ

ਯੂਹੰਨਾ ਦੀ ਇੰਜੀਲ ਵਿੱਚ, ਸਾਡੇ ਕੋਲ ਲਿਖਤੀ ਵੇਰਵਾ ਹੈ ਕਿ ਪ੍ਰਭੂ ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਉਹਨਾਂ ਦੇ ਕੰਮ ਕਰਨ ਅਤੇ ਪ੍ਰਾਰਥਨਾ ਦੇ ਸੰਬੰਧ ਵਿੱਚ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਬਾਰੇ ਸਿਖਾਇਆ ਸੀ। ਅਸੀਂ ਇਹਨਾਂ

ਆਇਤਾਂ ਦਾ ਇੱਥੇ ਉੱਲੇਖ ਕੀਤਾ ਹੈ, ਅਤੇ ਬਾਅਦ ਵਿੱਚ ਦੁਬਾਰਾ ਵਿਸਥਾਰ ਨਾਲ ਇਹਨਾਂ ਨੂੰ ਸਮਝਾਂਗੇ।

**ਯੂਹੰਨਾ 14:12-14**
**12 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਇਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।**
**13 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ।**
**14 ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।"**

**ਯੂਹੰਨਾ 16:23,24**
**23 "ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਸਵਾਲ ਨਾ ਕਰੋਗੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ।**
**24 ਅਜੇ ਤੀਕੁਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ।**

ਕਿਰਪਾ ਕਰਕੇ ਹੇਠਾਂ ਦਿੱਤੇ ਹੋਏ ਧਿਆਨ ਦਿਓ।

ਯੂਹੰਨਾ 14:12-14 ਵਿੱਚ, ਇਹ ਪ੍ਰਸੰਗ ਕਿ ਸਾਰੇ ਵਿਸ਼ਵਾਸੀ ਉਹ ਕੰਮ ਕਰਨਗੇ ਜਿਹੜੇ ਪ੍ਰਭੂ ਯਿਸੂ ਮਸੀਹ ਕਰ ਰਹੇ ਸਨ ਅਤੇ ਹੋਰ ਵੀ ਵੱਡੇ ਕੰਮ, ਇਹ ਕੰਮ ਪ੍ਰਭੂ ਯਿਸੂ ਮਸੀਹ ਦੇ ਸਵਰਗ ਵਿੱਚ ਉਠਾਏ ਜਾਣ ਪਿੱਛੋਂ ਜਿਸ ਤੋਂ ਬਾਅਦ ਪ੍ਰਭੂ ਯਿਸੂ ਮਸੀਹ ਨੇ ਸਾਰੇ ਵਿਸ਼ਵਾਸੀਆਂ ਨੂੰ ਸਮਰੱਥਾ ਨਾਲ ਭਰਨ ਲਈ ਪਵਿੱਤਰ ਆਤਮਾ ਭੇਜਿਆ। ਯੂਹੰਨਾ 16:23,24 ਦਾ ਪ੍ਰਸੰਗ *"ਉਸ ਦਿਨ"* ਵੀ ਪ੍ਰਭੂ ਯਿਸੂ ਮਸੀਹ ਦੇ ਜੀ ਉੱਠਣ ਤੋਂ ਬਾਅਦ ਦੇ ਸਮੇਂ ਦਾ ਵੇਰਵਾ ਦਿੰਦਾ ਹੈ, ਜਿਸ ਸਮੇਂ ਵਿੱਚ ਅਸੀਂ ਹਾਂ।

ਇਸ ਲਈ, ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਅਤੇ ਜਿਹੜੇ ਕੰਮ ਪ੍ਰਭੂ ਯਿਸੂ ਮਸੀਹ ਨੇ ਕੀਤੇ ਸਨ ਉਹਨਾਂ ਕੰਮਾਂ ਨੂੰ ਕਰਨ ਅਤੇ ਉਹਨਾਂ ਕੰਮਾਂ ਤੋਂ ਵੀ ਵੱਡੇ ਕੰਮ ਕਰਨ ਦਾ ਅਧਿਕਾਰ ਹਰੇਕ ਵਿਸ਼ਵਾਸੀ ਨੂੰ ਦਿੱਤਾ ਗਿਆ ਹੈ। ਸਾਡੀਆਂ ਮਿੰਨਤਾਂ ਨੂੰ ਸਿੱਧਾ ਪਿਤਾ ਕੋਲ ਲਿਆਉਣ ਅਤੇ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਲੈਣ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਹਰੇਕ ਵਿਸ਼ਵਾਸੀ ਨੂੰ ਦਿੱਤਾ ਗਿਆ ਹੈ।

ਪ੍ਰਭੂ ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਆਪਣੇ ਨਾਮ ਦੀ ਵਰਤੋਂ ਕਰਨ ਲਈ ਕਈ ਹੋਰ ਪਹਿਲੂਆਂ ਦੀ ਵੀ ਸਿੱਖਿਆ ਦਿੱਤੀ ਸੀ। ਅਸੀਂ ਇਹਨਾਂ ਉੱਤੇ ਅਗਲੇ ਅਧਿਆਵਾਂ ਵਿੱਚ ਵਿਚਾਰ ਕਰਾਂਗੇ।

ਪ੍ਰਭੂ ਯਿਸੂ ਮਸੀਹ ਦੇ ਜੀ ਉੱਠਣ ਤੋਂ ਬਾਅਦ, ਮਹਾਨ ਹੁਕਮ ਵਿੱਚ, ਅਸੀਂ ਇੱਕ ਵਾਰ ਦੁਬਾਰਾ ਤੋਂ ਸਾਰੇ ਵਿਸ਼ਵਾਸੀਆਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤੇ ਜਾਣ ਬਾਰੇ ਵੇਖਦੇ ਹਾਂ।

**ਮਰਕੁਸ 16:17,18**
**17 ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ।**
**18 ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਗੜੇਗਾ । ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।"**

ਇਸ ਹੁਕਮ ਵਿੱਚ ਨਿਸ਼ਚਿਤ ਤੱਥ ਇਹ ਹੈ ਕਿ ਉਹ ਸਾਰੇ ਜਿਹੜੇ ਵਿਸ਼ਵਾਸ ਕਰਦੇ ਹਨ, ਸਾਰੇ ਵਿਸ਼ਵਾਸੀ, ਜਿਸ ਦਾ ਪ੍ਰਭੂ ਯਿਸੂ ਮਸੀਹ ਨੇ ਉੱਲੇਖ ਕੀਤਾ ਹੈ ਉਹ ਸਭ ਕੁਝ ਕਰਨ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰ ਸਕਦੇ ਹਨ। ਸਾਰੇ ਵਿਸ਼ਵਾਸੀ ਮੁਕਾਬਲਾ ਕਰ ਸਕਦੇ ਹਨ, ਅਧਿਕਾਰ ਦੀ ਵਰਤੋਂ ਕਰ ਸਕਦੇ ਹਨ, ਅਤੇ ਦੁਸ਼ਟ ਆਤਮਾਵਾਂ ਨੂੰ ਕੱਢ ਸਕਦੇ ਹਨ। ਜੇਕਰ ਅਜਿਹੇ ਹਾਲਾਤ ਪੈਦਾ ਹੁੰਦੇ ਹਨ ਜਿੱਥੇ ਉਹਨਾਂ ਨੂੰ ਖ਼ਤਰਨਾਕ ਕੰਮ ਕਰਨੇ ਪੈਂਦੇ ਹਨ (ਉਦਾਹਰਨ ਵਜੋਂ, ਸੱਪਾਂ ਨੂੰ ਚੁੱਕਣਾ, ਕੋਈ ਵੀ ਜ਼ਹਿਰੀਲੀ ਚੀਜ਼ ਪੀਣਾ, ਆਦਿ), ਤਾਂ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸੱਟ ਰਹਿਤ ਰਹਿਣਗੇ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਉਹ ਰੋਗੀਆਂ ਲਈ ਚੰਗਿਆਈ ਦੀ ਸੇਵਾ ਕਰਨਗੇ।

## ਸਾਰੇ ਵਿਸ਼ਵਾਸੀਆਂ ਨੂੰ ਵਕੀਲ ਦਾ ਇਖ਼ਤਿਆਰ ਦਿੱਤਾ ਗਿਆ ਹੈ

ਅੱਜ ਦੀ ਭਾਸ਼ਾ ਵਿੱਚ, ਅਸੀਂ ਕਹਾਂਗੇ ਕਿ ਪ੍ਰਭੂ ਯਿਸੂ ਮਸੀਹ ਨੇ ਸਾਨੂੰ "ਵਕੀਲ ਦਾ ਇਖ਼ਤਿਆਰ" ਦਿੱਤਾ ਹੈ, ਜਿਹੜਾ ਕਿ ਪ੍ਰਭੂ ਯਿਸੂ ਮਸੀਹ ਦੇ ਦੱਸੇ ਉਦੇਸ਼ ਨੂੰ ਲੈ ਕੇ ਜਾਣ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਹੈ।

ਬਹੁਤ ਸਾਰੇ ਕਾਨੂੰਨੀ ਵੇਰਵਿਆਂ ਵਿੱਚ ਜਾਣ ਤੋਂ ਬਿਨਾਂ, ਕੇਵਲ ਸਮਝੋ, ਵਕੀਲ ਦਾ ਇਖ਼ਤਿਆਰ ਇਸ ਉੱਤੇ ਨਿਰਭਰ ਕਰਦਾ ਹੈ ...

1) ਉਸ ਨਾਮ ਦੇ ਪਿੱਛੇ ਕੌਣ ਹੈ – ਤੁਸੀਂ ਉਸ ਵਿਅਕਤੀ ਦੀ ਪੇਸ਼ਕਾਰੀ ਕਰ

ਰਹੇ ਹੋ, ਉਹ ਮੁੱਦਿਆ ਵਿੱਚ ਜਿਹੜੇ ਉਹਨਾਂ ਨਾਲ ਸਬੰਧਤ ਹਨ

2) ਵਰਤੋਂ ਦੀ ਹੱਦ – ਉਹ ਮਿਆਦ ਜਾਂ ਸਮਾਂ ਜਿਸ ਦੌਰਾਨ ਵਕੀਲ ਦਾ ਇਖ਼ਤਿਆਰ ਪ੍ਰਭਾਵੀ ਹੈ, ਤੁਸੀਂ ਇਸ ਦੀ ਵਰਤੋਂ ਅਜਿਹਾ ਅਤੇ ਅਜਿਹਾ ਕਰਨ ਲਈ ਕਰ ਸਕਦੇ ਹੋ।

ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਦੀ ਵਰਤੋਂ ਕਰਨ ਦਾ ਵਿਸ਼ੇਸ਼ ਅਧਿਕਾਰ ਅਤੇ ਹੱਕ ਸਾਨੂੰ ਦਿੱਤਾ ਹੈ। ਪ੍ਰਭੂ ਯਿਸੂ ਮਸੀਹ ਆਪਣੇ ਨਾਮ ਦੇ ਪਿੱਛੇ ਹਨ। ਅਸੀਂ ਉਸ ਵਿਅਕਤੀ ਦੀ ਮਹਾਨਤਾ ਦੀ ਝਾਤ ਪਾਉਣ ਲਈ ਸਮਾਂ ਕੱਢਿਆ ਹੈ ਜਿਸ ਨੇ ਸਾਨੂੰ ਆਪਣੇ ਨਾਮ ਦੀ ਵਰਤੋਂ ਕਰਨ ਦਾ ਵਿਸ਼ੇਸ਼ ਅਧਿਕਾਰ ਦਿੱਤਾ ਹੈ। ਸ਼ਾਇਦ ਸਾਡੇ ਹਿਰਦੇ ਅਤੇ ਮਨ ਕਦੇ ਵੀ ਪੂਰੀ ਤਰ੍ਹਾਂ ਇਸ ਡੂੰਘਾਈ ਨੂੰ ਨਾਪਣ ਦੇ ਯੋਗ ਨਹੀਂ ਹੋਣਗੇ, ਅਤੇ ਸਾਡੇ ਸ਼ਬਦ ਉਸ ਮਹਾਨ ਵਿਸ਼ੇਸ਼ ਅਧਿਕਾਰ ਦਾ ਵਰਣਨ ਕਰਨ ਲਈ ਥੋੜ੍ਹੇ ਹੋਣਗੇ ਜਿਹੜਾ ਅਧਿਕਾਰ ਪ੍ਰਭੂ ਯਿਸੂ ਮਸੀਹ ਵਿੱਚ ਸਾਨੂੰ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਲਈ ਦਿੱਤਾ ਗਿਆ ਹੈ।

ਅਸੀਂ ਇੱਥੇ ਪ੍ਰਭੂ ਯਿਸੂ ਮਸੀਹ ਦੀ ਪ੍ਰਤੀਨਿੱਧਤਾ ਕਰਨ, ਪ੍ਰਭੂ ਯਿਸੂ ਮਸੀਹ ਨੂੰ ਪਰਗਟ ਕਰਨ, ਰਾਜ ਨੂੰ ਅੱਗੇ ਵਧਾਉਣ, ਪ੍ਰਭੂ ਯਿਸੂ ਮਸੀਹ ਦੀ ਕਲੀਸਿਯਾ ਦਾ ਨਿਰਮਾਣ ਕਰਨ, ਲੋਕਾਂ ਦੀ ਸੇਵਾ ਕਰਨ, ਪਿਤਾ ਦੀ ਵਡਿਆਈ ਕਰਨ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਭੂ ਯਿਸੂ ਮਸੀਹ ਦੇ ਕੰਮ ਕਰਨ ਲਈ ਹਾਂ। ਪ੍ਰਭੂ ਯਿਸੂ ਮਸੀਹ ਨੇ ਸਾਨੂੰ ਉਹਨਾਂ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ ਅਧਿਕਾਰ ਦਿੱਤਾ ਹੈ ।

ਜਿੱਥੋਂ ਤੱਕ ਅਸੀਂ ਪਵਿੱਤਰ-ਗ੍ਰੰਥ ਤੋਂ ਜਾਣਦੇ ਹਾਂ, ਕਲੀਸਿਯਾ, ਅਤੇ ਸੰਤ ਇਸ ਮੌਜੂਦਾ ਯੁੱਗ (ਜਿਸ ਨੂੰ "ਕਲੀਸਿਯਾ ਦਾ ਯੁੱਗ" ਕਿਹਾ ਜਾਂਦਾ ਹੈ) ਅਤੇ ਮਿਲੈੱਨਿਅਮ (ਪ੍ਰਭੂ ਯਿਸੂ ਮਸੀਹ ਦੇ -1000ਸਾਲ ਦੇ ਰਾਜ) ਦੌਰਾਨ ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰਨਗੇ। ਇਸ ਲਈ, ਸਾਡੇ ਵਕੀਲ ਵਾਲੇ ਇਖ਼ਤਿਆਰ ਦੀ ਮਿਆਦ ਛੇਤੀ ਹੀ ਖ਼ਤਮ ਨਹੀਂ ਹੋ ਰਹੀ ਹੈ!

ਪ੍ਰਭੂ ਯਿਸੂ ਮਸੀਹ ਨੇ ਛੋਟੇ ਬੱਚੇ ਤੋਂ ਲੈ ਕੇ ਸਭ ਤੋਂ ਵੱਡੇ ਸਿਆਣੇ ਬਜ਼ੁਰਗ ਤੱਕ, ਹਰੇਕ ਵਿਸ਼ਵਾਸੀ ਨੂੰ ਵਕੀਲ ਦਾ ਇਖ਼ਤਿਆਰ, ਵਿਸ਼ੇਸ਼ ਅਧਿਕਾਰ, ਅਤੇ ਉਹ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ ਉਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਹੈ। ਸਾਡੇ ਵਿੱਚ ਹਰੇਕ ਉਸ ਸਮਰੱਥਾ ਅਤੇ ਅਧਿਕਾਰ ਵਿੱਚ

ਚੱਲ ਸਕਦਾ ਹੈ ਜੋ ਪ੍ਰਭੂ ਯਿਸੂ ਦਾ ਨਾਮ ਪੇਸ਼ ਕਰਦਾ ਹੈ। ਸਾਡੇ ਲਈ ਕਿੰਨੇ ਵੱਡੇ ਸਨਮਾਨ ਦੀ ਗੱਲ ਹੈ! ਸਾਡੇ ਹਿਰਦੇ ਇਸ ਨੂੰ ਸਮਝ ਲੈਣ! ਆਓ ਅਸੀਂ ਉੱਠੀਏ ਅਤੇ ਉਸ ਸਮਰੱਥਾ ਅਤੇ ਅਧਿਕਾਰ ਵਿੱਚ ਚੱਲੀਏ ਜਿਹੜਾ ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਵਿੱਚ ਸਾਡਾ ਹੈ!

ਪ੍ਰਭੂ ਯਿਸੂ ਮਸੀਹ ਨੇ ਛੋਟੇ ਬੱਚੇ ਤੋਂ ਲੈ ਕੇ
ਸਭ ਤੋਂ ਵੱਡੇ ਸਿਆਣੇ ਬਜ਼ੁਰਗ ਤੱਕ,
ਹਰੇਕ ਵਿਸ਼ਵਾਸੀ ਨੂੰ ਵਕੀਲ ਦਾ ਇਖ਼ਤਿਆਰ, ਵਿਸ਼ੇਸ਼ ਅਧਿਕਾਰ,
ਅਤੇ ਉਹ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ
ਉਹ ਦੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਹੈ।

## ਸਮੀਖਿਆ

1) ਇਸ ਅਧਿਆਇ ਵਿੱਚ ਪੇਸ਼ ਕੀਤੀਆਂ ਗਈਆਂ ਆਇਤਾਂ ਦੀ ਸਮੀਖਿਆ ਕਰੋ, ਜਿਹੜੀਆਂ ਸਪਸ਼ਟ ਤੌਰ ਤੇ ਇਸ਼ਾਰਾ ਕਰਦੀਆਂ ਹਨ ਕਿ ਹਰੇਕ ਵਿਸ਼ਵਾਸੀ ਨੂੰ ਵੱਡੇ ਕੰਮ ਕਰਨ ਅਤੇ ਪ੍ਰਾਰਥਨਾ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ।

2) ਜੇਕਰ ਵਿਸ਼ਵਾਸੀ ਦਾ ਵਕੀਲ ਵਾਲਾ ਇਖ਼ਤਿਆਰ ਹੁਣ ਤੱਕ ਵੀ ਪ੍ਰਭਾਵੀ ਹੈ, ਤਾਂ ਕੀ ਇਹ ਕਹਿਣਾ ਸਹੀ ਹੈ ਕਿ ਕਲੀਸਿਯਾ ਲਈ ਚਮਤਕਾਰਾਂ ਦੇ ਦਿਨ ਪਹਿਲੀ ਸਦੀ ਦੀ ਕਲੀਸਿਯਾ ਦੇ (ਜਾਂ ਜਦੋਂ ਆਖ਼ਰੀ ਰਸੂਲ ਦੀ ਮੌਤ ਹੋ ਗਈ ਸੀ) ਅੰਤ ਨਾਲ ਹੀ ਖ਼ਤਮ ਹੋ ਗਏ ਸਨ? ਕੀ ਪ੍ਰਭੂ ਯਿਸੂ ਮਸੀਹ ਨੇ ਕਿਤੇ ਵੀ ਇਸ਼ਾਰਾ ਕੀਤਾ ਸੀ ਕਿ ਪਵਿੱਤਰ-ਗ੍ਰੰਥ ਲਿਖੇ ਜਾਣ ਤੋਂ ਬਾਅਦ ਵਕੀਲ ਦੇ ਇਖ਼ਤਿਆਰ ਦਾ ਮੰਤਵ ਬਦਲ ਜਾਵੇਗਾ?

# 6
# ਪਰਮੇਸ਼ਰ ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਥੇ ਹੈ

**ਯੂਹੰਨਾ 14:16-18,26**
**16 ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ,**
**17 ਅਰਥਾਤ ਸਚਿਆਈ ਦਾ ਆਤਮਾ ਜਿਹ ਨੂੰ ਜਗਤ ਨਹੀਂ ਪਾ ਸੱਕਦਾ ਕਿਉਂ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿੱਚ ਹੋਵੇਗਾ।**
**18 ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ।**
**26 ਪਰ ਉਹ ਸਹਾਇਕ ਅਰਥਾਤ ਪਵਿੱਤ੍ਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਲ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ।**

**ਯੂਹੰਨਾ 14:26 (AMPC)**
**ਪਰ ਤਸੱਲੀ ਦੇਣ ਵਾਲਾ (ਸਲਾਹਕਾਰ, ਸਹਾਇਕ, ਵਿਚੋਲਗੀ ਕਰਨ ਵਾਲਾ, ਵਕੀਲ, ਬਲ ਦੇਣ ਵਾਲਾ, ਨਾਲ ਖੜ੍ਹਾ ਰਹਿਣ ਵਾਲਾ), ਪਵਿੱਤਰ ਆਤਮਾ, ਜਿਸ ਨੂੰ ਪਿਤਾ ਮੇਰੇ ਨਾਮ ਵਿੱਚ [ਮੇਰੀ ਥਾਂ ਉੱਤੇ ਮੈਨੂੰ ਪੇਸ਼ ਕਰਨ ਅਤੇ ਮੇਰੇ ਲਈ ਕੰਮ ਕਰਨ ਲਈ] ਭੇਜੇਗਾ, ਉਹ ਤੁਹਾਨੂੰ ਸਭ ਕੁਝ ਸਿਖਾਏਗਾ। ਅਤੇ ਉਹ ਤੁਹਾਨੂੰ ਉਹ ਸਭ ਕੁਝ ਯਾਦ ਕਰਵਾਉਣ ਦਾ ਕਾਰਨ ਬਣੇਗਾ (ਤੁਹਾਨੂੰ ਯਾਦ ਦਿਵਾਵਾਂਗੇ, ਤੁਹਾਡੇ ਚੇਤੇ ਵਿੱਚ ਲਿਆਵਾਂਗੇ) ਜੋ ਮੈਂ ਤੁਹਾਨੂੰ ਦੱਸਿਆ ਹੈ।**

ਪਵਿੱਤਰ ਆਤਮਾ ਦਾ ਉੱਲੇਖ ਕਰਦੇ ਹੋਏ, ਪ੍ਰਭੂ ਯਿਸੂ ਮਸੀਹ ਨੇ ਆਖਿਆ ਕਿ ਪਵਿੱਤਰ ਆਤਮਾ *"ਇਕ ਹੋਰ ਸਹਾਇਕ"* (ਯੂਹੰਨਾ 14:16) ਜਾਂ *'ਐਲੋਸ ਪੈਰਾਕਲੇਟੋਸ'* ਹੈ। *'ਐਲੋਸ'* ਸ਼ਬਦ ਦਾ ਅਰਥ ਹੈ "ਇੱਕੋ ਪ੍ਰਕਾਰ ਦਾ ਇੱਕ ਹੋਰ" (**ਉਦਾਹਰਨ ਵਜੋਂ:** ਦੋ ਸੇਬ) *'ਹੇਟਰੋਸ'* ਦੇ ਉਲਟ, ਜਿਹੜਾ ਕਿ "ਇੱਕ ਵੱਖਰੀ ਪ੍ਰਕਾਰ ਦਾ ਇੱਕ ਹੋਰ" (**ਉਦਾਹਰਨ ਵਜੋਂ:** ਇੱਕ ਸੇਬ ਅਤੇ ਇੱਕ ਸੰਤਰਾ) ਹੈ। ਪਵਿੱਤਰ ਆਤਮਾ ਤ੍ਰਿਏਕਤਾ ਵਿੱਚ ਪਰਮੇਸ਼ਰ ਅਤੇ ਵਿਅਕਤੀ ਹੈ (1 ਯੂਹੰਨਾ 5:7)। ਪਵਿੱਤਰ ਆਤਮਾ ਪੂਰੀ ਤਰ੍ਹਾਂ ਪਿਤਾ ਅਤੇ ਪੁੱਤਰ ਨੂੰ ਦਰਸਾਉਂਦਾ ਹੈ। ਪਵਿੱਤਰ ਆਤਮਾ ਨਿਰਾਪੁਰਾ ਪ੍ਰਭੂ ਯਿਸੂ ਮਸੀਹ ਵਰਗਾ ਹੈ ਅਤੇ ਪੂਰੀ ਤਰ੍ਹਾਂ ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰਦਾ ਹੈ ਅਤੇ ਇਸ ਲਈ ਪ੍ਰਭੂ ਯਿਸੂ ਮਸੀਹ ਨੇ

ਪਵਿੱਤਰ ਆਤਮਾ ਨੂੰ ਭੇਜਦੇ ਹੋਏ ਆਖਿਆ ਸੀ, *"ਮੈਂ ਤੁਹਾਡੇ ਕੋਲ ਆਵਾਂਗਾ"*। ਪਵਿੱਤਰ ਆਤਮਾ ਇਸ ਤਰ੍ਹਾਂ ਪੂਰਨ ਤੌਰ ਤੇ ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰਦਾ ਹੈ ਕਿ ਪਵਿੱਤਰ ਆਤਮਾ ਨੂੰ *"ਮਸੀਹ ਦਾ ਆਤਮਾ"* (ਰੋਮੀਆਂ 8:9; 1 ਪਤਰਸ 1:11) ਅਤੇ *"ਪਰਮੇਸ਼ਰ ਦੇ ਪੁੱਤਰ ਦਾ ਆਤਮਾ"* (ਗਲਾਤੀਆਂ 4:6) ਵੀ ਕਿਹਾ ਜਾਂਦਾ ਹੈ।

ਪਵਿੱਤਰ ਆਤਮਾ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਭੇਜਿਆ ਗਿਆ ਹੈ। ਐਂਪਲੀਫਾਈਡ ਬਾਈਬਲ ਕਲਾਸਿਕ ਐਡੀਸ਼ਨ ਸਪਸ਼ਟ ਕਰਦਾ ਹੈ ਕਿ *"ਮੇਰੇ ਨਾਮ ਵਿੱਚ"* ਦਾ ਕੀ ਅਰਥ ਹੈ। ਇਹ ਵਿਆਖਿਆ ਕਰਦਾ ਹੈ, *"ਮੇਰੀ ਥਾਂ ਉੱਤੇ ਮੈਨੂੰ ਪੇਸ਼ ਕਰਨ ਅਤੇ ਮੇਰੀ ਵੱਲੋਂ ਕੰਮ ਕਰਨ ਲਈ"*। ਪਵਿੱਤਰ ਆਤਮਾ ਇੱਥੇ ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ ਪੂਰੀ ਤਰ੍ਹਾਂ ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰ ਰਿਹਾ ਹੈ ਅਤੇ ਪ੍ਰਭੂ ਯਿਸੂ ਮਸੀਹ ਦੀ ਵੱਲੋਂ ਕੰਮ ਕਰ ਰਿਹਾ ਹੈ। ਇਸ ਦਾ ਅਰਥ ਹੈ ਕਿ ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਨੂੰ ਪਰਗਟ ਕਰਦਾ ਅਤੇ ਪ੍ਰਤੱਖ ਕਰਦਾ ਹੈ, ਅਤੇ ਪ੍ਰਭੂ ਯਿਸੂ ਮਸੀਹ ਨੂੰ ਜਾਣੂ ਕਰਵਾ ਰਿਹਾ ਹੈ, ਅਤੇ ਉਹ ਸਭ ਕੁਝ ਆਖੇਗਾ ਅਤੇ ਕਰੇਗਾ ਜੋ ਪ੍ਰਭੂ ਯਿਸੂ ਮਸੀਹ ਆਖਦੇ ਹਨ ਅਤੇ ਇਸ ਤਰ੍ਹਾਂ ਕਰੇਗਾ ਜਿਵੇਂ ਪ੍ਰਭੂ ਯਿਸੂ ਮਸੀਹ ਆਪ ਇੱਥੇ ਹਨ।

ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਥੇ ਹੈ।
ਉਹ ਇੱਥੇ ਯਿਸੂ ਦੀ ਥਾਂ ਲੈ ਰਿਹਾ ਹੈ,
ਪ੍ਰਭੂ ਯਿਸੂ ਮਸੀਹ ਨੂੰ ਪੂਰੀ ਤਰ੍ਹਾਂ ਪੇਸ਼ ਕਰ ਰਿਹਾ ਹੈ,
ਅਤੇ ਪ੍ਰਭੂ ਯਿਸੂ ਮਸੀਹ ਦੀ ਵੱਲੋਂ ਕੰਮ ਕਰ ਰਿਹਾ ਹੈ।

**ਯੂਹੰਨਾ 15:26,27**
**26 "ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿੱਚ ਸਾਖੀ ਦੇਵੇਗਾ।**
**27 ਅਤੇ ਤੁਸੀਂ ਵੀ ਗਵਾਹ ਹੋ ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ।**

ਪਵਿੱਤਰ ਆਤਮਾ ਗਵਾਹੀ ਦਿੰਦਾ ਹੈ, ਗਵਾਹੀ ਬਣਾਉਂਦਾ ਹੈ, ਬੋਲਦਾ ਹੈ ਅਤੇ ਪ੍ਰਭੂ ਯਿਸੂ ਮਸੀਹ ਨੂੰ ਪਰਗਟ ਕਰਦਾ ਹੈ। ਅਤੇ ਸਾਨੂੰ ਪ੍ਰਭੂ ਯਿਸੂ ਮਸੀਹ

ਦੀ ਗਵਾਹੀ ਦੇਣ, ਗਵਾਹ ਬਣਾਉਣ, ਬੋਲਣ ਅਤੇ ਪ੍ਰਭੂ ਯਿਸੂ ਮਸੀਹ ਨੂੰ ਪਰਗਟ ਕਰਨ ਲਈ ਉਹ ਹੀ ਕੰਮ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

**ਯੂਹੰਨਾ 16:14**
**ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ।**

ਪਵਿੱਤਰ ਆਤਮਾ ਇੱਥੇ ਯਿਸੂ ਦੇ ਨਾਮ ਵਿੱਚ ਹੈ ਅਤੇ ਜਿਸ ਤਰੀਕੇ ਬੋਲਦਾ ਅਤੇ ਕੰਮ ਕਰਦਾ ਹੈ ਉਸ ਤਰੀਕੇ ਨਾਲ ਪ੍ਰਭੂ ਯਿਸੂ ਮਸੀਹ ਦੀ ਵਡਿਆਈ ਹੁੰਦੀ ਹੈ। ਅਤੇ ਸਾਡਾ ਕੰਮ ਵੀ ਇਹ ਹੀ ਹੈ—ਸੰਸਾਰ ਵਿੱਚ ਪ੍ਰਭੂ ਯਿਸੂ ਮਸੀਹ ਦੀ ਵਡਿਆਈ ਕਰਨਾ।

ਚੇਤੇ ਵਿੱਚ ਰੱਖਣ ਵਾਲੀ ਇੱਕ ਮਹੱਤਵਪੂਰਨ ਸਚਿਆਈ ਇਹ ਹੈ ਕਿ ਪਵਿੱਤਰ ਆਤਮਾ ਵਿਸ਼ਵਾਸੀ ਦੁਆਰਾ ਕੰਮ ਕਰਦਾ ਹੈ। ਇਸ ਲਈ, ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਉਣ ਦੀ ਉਹ ਦੀ ਸਮਰੱਥਾ ਵਿੱਚ, ਪਵਿੱਤਰ ਆਤਮਾ ਵਿਸ਼ਵਾਸੀ ਦੇ ਸਹਿਯੋਗ ਨਾਲ ਪ੍ਰਭੂ ਯਿਸੂ ਮਸੀਹ ਦੇ ਕੰਮ ਨੂੰ ਪੂਰਾ ਕਰਨ ਦੀ ਭਾਲ ਕਰਦਾ ਹੈ।

ਜਿਸ ਤਰ੍ਹਾਂ ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਇਆ ਹੈ, ਠੀਕ ਉਸ ਤਰ੍ਹਾਂ ਹੀ ਸਾਨੂੰ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਭੇਜਿਆ ਗਿਆ ਹੈ। ਇਸ ਲਈ, ਜਦੋਂ ਅਸੀਂ "ਯਿਸੂ ਦੇ ਨਾਮ ਵਿੱਚ" ਆਖਦੇ ਹਾਂ, ਤਾਂ ਅਸੀਂ ਇਕੱਲੇ ਖੜ੍ਹੇ ਨਹੀਂ ਹੁੰਦੇ ਹਾਂ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬੋਲਦੇ ਅਤੇ ਕੰਮ ਕਰਦੇ ਹਾਂ ਤਾਂ ਪਰਮੇਸ਼ਰ ਦਾ ਆਤਮਾ ਸਾਡੇ ਨਾਲ ਹੁੰਦਾ ਹੈ। ਉਹ ਹਰ ਗੱਲ ਵਿੱਚ ਸਾਡੇ ਨਾਲ ਹੈ ਜੋ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰਦੇ ਹਾਂ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੰਮ ਕਰਨ ਵਾਲੇ ਵਿਸ਼ਵਾਸੀ ਨੂੰ ਭਰੋਸਾ ਦਿੱਤਾ ਜਾ ਸਕਦਾ ਹੈ ਕਿ ਪਰਮੇਸ਼ਰ ਦਾ ਆਤਮਾ ਉਸ ਦੇ ਨਾਲ ਹੈ। ਪਰਮੇਸ਼ਰ ਦਾ ਆਤਮਾ ਸਾਡੇ ਅੰਦਰ ਅਤੇ ਸਾਡੇ ਦੁਆਰਾ ਇਸ ਤਰੀਕੇ ਨਾਲ ਕੰਮ ਕਰੇਗਾ ਕਿ ਪ੍ਰਭੂ ਯਿਸੂ ਮਸੀਹ ਨੂੰ ਵਡਿਆਈ ਮਿਲੇ ਅਤੇ ਸਾਡੇ ਦੁਆਰਾ ਪ੍ਰਭੂ ਯਿਸੂ ਮਸੀਹ ਨੂੰ ਪੂਰੀ ਤਰ੍ਹਾਂ ਪਰਗਟ ਕਰੇ। ਅਸਲ ਵਿੱਚ, ਅਸੀਂ ਭਰੋਸਾ ਕਰ ਸਕਦੇ ਹਾਂ ਕਿ ਉਹ ਅਜਿਹਾ ਕਰਨ ਲਈ ਸਾਡੇ ਨਾਲੋਂ ਵੱਧ ਉਤਸੁਕ ਹੈ! ਅਸੀਂ ਇੱਥੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਵਿੱਤਰ ਆਤਮਾ ਨਾਲ ਇਕੱਠੇ ਹਾਂ।

ਜਿਵੇਂ ਕਿ ਰਸੂਲਾਂ ਨੇ ਕਿਹਾ ਸੀ, *"ਅਸੀਂ ਏਹਨਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤ੍ਰ ਆਤਮਾ ਵੀ ਜੋ ਪਰਮੇਸ਼ਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ"* (ਰਸੂਲਾਂ ਦੇ ਕਰਤੱਬ 5:32)।

## ਸਮੀਖਿਆ

1) ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਥੇ ਹੈ। ਵਿਸ਼ਵਾਸੀ ਨੂੰ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਭੇਜਿਆ ਗਿਆ ਹੈ। ਸੋਚੋ ਕਿ ਵਿਸ਼ਵਾਸੀ ਲਈ ਇਸ ਸਭ ਦਾ ਕੀ ਅਰਥ ਹੈ। ਇਸ ਦੇ ਚਾਨਣੇ ਵਿੱਚ, ਸਾਨੂੰ ਵਿਅਕਤੀ ਪਵਿੱਤਰ ਆਤਮਾ ਨਾਲ ਸਾਡੇ ਰੁਝੇਵਿਆਂ, ਸਾਡੇ ਆਪਸੀ ਪ੍ਰਭਾਵ ਅਤੇ ਸਹਿਯੋਗ ਨੂੰ ਕਿਸ ਤਰ੍ਹਾਂ ਬਦਲਣਾ ਚਾਹੀਦਾ ਹੈ?

# 7

# ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ ਤਾਂ ਕੀ ਹੁੰਦਾ ਹੈ

ਜਦੋਂ ਅਸੀਂ ਘੋਸ਼ਣਾ ਕਰਦੇ ਹਾਂ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੁਝ ਆਖ ਰਹੇ ਹਾਂ ਜਾਂ ਕਰ ਰਹੇ ਹਾਂ, ਤਾਂ ਅਸਲ ਵਿੱਚ ਅਸੀਂ ਕੀ ਕਰ ਰਹੇ ਹੁੰਦੇ ਹਾਂ? ਉਦਾਹਰਨ ਵਜੋਂ, ਜੇਕਰ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਿਸੇ ਰੋਗੀ ਮਨੁੱਖ ਉੱਤੇ ਹੱਥ ਰੱਖਦੇ ਹਾਂ ਜਾਂ ਕਿਸੇ ਵੀ ਹੋਰ ਢੰਗ ਨਾਲ ਰੋਗੀ ਮਨੁੱਖ ਦੀ ਸੇਵਾ ਕਰਦੇ ਹਾਂ, ਤਾਂ ਅਸਲ ਵਿੱਚ ਅਸੀਂ ਕੀ ਕਰ ਰਹੇ ਹੁੰਦੇ ਹਾਂ? ਜਦੋਂ ਅਸੀਂ ਦੁਸ਼ਟ ਆਤਮਾਵਾਂ ਨੂੰ ਬੋਲਦੇ ਹੋਏ ਹੁਕਮ ਦਿੰਦੇ ਹਾਂ, ਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਛੱਡ ਕੇ ਚਲੀਆਂ ਜਾਣ, ਤਾਂ ਅਸਲ ਵਿੱਚ ਆਤਮਿਕ ਖੇਤਰ ’ਚ ਇਹ ਕੀ ਮਹੱਤਤਾ ਰੱਖਦਾ ਹੈ? ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਕ ਤੂਫ਼ਾਨ (ਇਹ ਇੱਕ ਸਥਿਤੀ, ਇੱਕ ਹਾਲਾਤ ਹੋ ਸਕਦਾ ਹੈ) ਜਾਂ ਇੱਕ ਪਹਾੜ (ਇਹ ਇੱਕ ਰੁਕਾਵਟ, ਇੱਕ ਚੁਣੌਤੀ ਹੋ ਸਕਦੀ ਹੈ) ਨੂੰ ਬੋਲਦੇ ਹਾਂ, ਤਾਂ ਸਾਨੂੰ ਕੀ ਉਮੀਦ ਕਰਨੀ ਚਾਹੀਦੀ ਹੈ? ਜਦੋਂ ਅਸੀਂ ਪਿਤਾ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੁਝ ਕੀਤੇ ਜਾਣ ਲਈ ਪ੍ਰਾਰਥਨਾ ਕਰਦੇ ਹਾਂ, ਤਾਂ ਪਿਤਾ ਇਸ ਬੇਨਤੀ ਨੂੰ ਆਪਣੇ ਅੱਗੇ ਰੱਖੇ ਜਾਣ ਨੂੰ ਕਿਸ ਤਰ੍ਹਾਂ ਦੇਖਦੇ ਹਨ? ਆਤਮਿਕ ਖੇਤਰ ਵਿੱਚ, ਜਦੋਂ ਅਸੀਂ ਵਿਸ਼ਵਾਸੀ ਵਜੋਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ, ਤਾਂ ਕਿਹੜੀ ਅਵਸਥਾ ਪ੍ਰਭਾਵ ਵਿੱਚ ਆਉਂਦੀ ਹੈ?

ਜਦੋਂ ਅਸੀਂ ਵਿਸ਼ਵਾਸੀ ਵਜੋਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਪ੍ਰਭੂ ਯਿਸੂ ਮਸੀਹ ਵੱਲੋਂ ਦਿੱਤੇ ਗਏ ਵਕੀਲ ਵਾਲੇ ਇਖ਼ਤਿਆਰ ਦਾ ਪ੍ਰਯੋਗ ਕਰਦੇ ਹਾਂ। ਅਸੀਂ ਕੁਝ ਅਜਿਹਾ ਕਰ ਰਹੇ ਹੁੰਦੇ ਹਾਂ ਜਿਸ ਨੂੰ ਆਪ ਹੀ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਕਰਨ ਲਈ ਅਧਿਕਾਰ ਦਿੱਤਾ ਹੈ। ਇੱਕ ਟ੍ਰੈਫਿਕ ਪੁਲਿਸ ਅਧਿਕਾਰੀ ਬਾਰੇ ਸੋਚੋ। ਸੜਕ ਵਿੱਚ ਵਾਹਨਾਂ ਦੀ ਭੀੜ ਹੋ ਸਕਦੀ ਹੈ ਪਰ ਜਦੋਂ ਟ੍ਰੈਫਿਕ ਪੁਲਿਸ ਦੀ ਵਰਦੀ ਵਾਲਾ ਆਦਮੀ ਆਪਣਾ ਹੱਥ ਚੁੱਕ ਕੇ “ਰੁਕੋ” ਦਾ ਇਸ਼ਾਰਾ ਕਰਦਾ ਹੈ, ਤਾਂ ਸਾਰੇ ਵਾਹਨ ਰੁਕ ਜਾਂਦੇ ਹਨ। ਸਰੀਰਕ

ਤੌਰ ਤੇ, ਉਸ ਲਈ ਵਾਹਨਾਂ ਨੂੰ ਰੋਕਣਾ ਅਸੰਭਵ ਹੋਵੇਗਾ। ਪਰ ਕਿਉਂਕਿ ਉਸ ਨੂੰ ਸਥਾਨਕ ਸਰਕਾਰ ਵੱਲੋਂ ਅਧਿਕਾਰ ਦਿੱਤਾ ਗਿਆ ਹੈ, ਅਤੇ ਉਹ ਆਪਣੀ ਵਰਦੀ ਵਿੱਚ ਆਪਣੇ ਅਧਿਕਾਰ ਦਾ ਪ੍ਰਯੋਗ ਕਰ ਰਿਹਾ ਹੁੰਦਾ ਹੈ (ਉਹ ਆਦਮੀ ਉਹ ਕਰ ਰਿਹਾ ਹੁੰਦਾ ਹੈ ਜੋ ਉਸ ਨੂੰ ਕਰਨ ਲਈ ਉਸ ਨੂੰ ਅਧਿਕਾਰ ਦਿੱਤਾ ਗਿਆ ਹੈ), ਵਾਹਨ ਚਾਲਕ ਉਸ ਦੇ ਅਧਿਕਾਰ ਨੂੰ ਪਛਾਣਦੇ ਹਨ ਅਤੇ ਆਪਣੇ ਵਾਹਨਾਂ ਨੂੰ ਰੋਕ ਲੈਂਦੇ ਹਨ। ਇਸ ਤੁਲਨਾ ਦੀ ਨਾਲ, ਅਸੀਂ ਕਹਿ ਸਕਦੇ ਹਾਂ ਕਿ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ, ਤਾਂ ਆਤਮਿਕ ਤੌਰ ਤੇ, ਅਸੀਂ ਆਪਣੀ ਵਰਦੀ ਨੂੰ ਪਾ ਲੈਂਦੇ ਹਾਂ, ਸਾਡੇ ਸਵਰਗੀ ਅਧਿਕਾਰ, ਅਤੇ ਇੱਕ ਫ਼ਰਮਾਨ ਨੂੰ ਜਾਰੀ ਕਰਦੇ ਹਾਂ ਜਿਸ ਨੂੰ ਆਤਮਿਕ ਖੇਤਰ ਸਮਝਦਾ ਹੈ ਅਤੇ ਉੱਤਰ ਦਿੰਦਾ ਹੈ।

ਜਦੋਂ ਅਸੀਂ ਕਹਿੰਦੇ ਹਾਂ, "ਯਿਸੂ ਦੇ ਨਾਮ ਵਿੱਚ" ਅਸੀਂ ਦਲੇਰੀ ਨਾਲ ਇਹ ਇਸ਼ਾਰਾ ਕਰਦਾ ਹਾਂ ਕਿ ਅਸੀਂ ਉਹ ਕਰ ਰਹੇ ਹਾਂ ਜੋ ਅਸੀਂ ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ ਉਹਨਾਂ ਦੀ ਵੱਲੋਂ, ਉਹਨਾਂ ਨੂੰ ਪੇਸ਼ ਕਰਦੇ ਹੋਏ ਕਰਦੇ ਹਾਂ, ਉਹ ਸਭ ਇਸ ਤਰ੍ਹਾਂ ਕਰਨਾ ਜੋ ਪ੍ਰਭੂ ਯਿਸੂ ਮਸੀਹ ਕਰਦੇ ਹਨ ਜਿਵੇਂ ਉਹ ਆਪਣੇ ਸਾਰੇ ਅਧਿਕਾਰ ਅਤੇ ਸਮਰੱਥਾ ਨਾਲ ਸਾਡੇ ਸਮਰਥਨ ਵਿੱਚ ਮੌਜੂਦ ਹਨ।

ਜਦੋਂ ਅਸੀਂ ਕਹਿੰਦੇ ਹਾਂ, "ਯਿਸੂ ਦੇ ਨਾਮ ਵਿੱਚ"
ਅਸੀਂ ਦਲੇਰੀ ਨਾਲ ਇਹ ਇਸ਼ਾਰਾ ਕਰਦਾ ਹਾਂ
ਕਿ ਅਸੀਂ ਉਹ ਕਰ ਰਹੇ ਹਾਂ ਜੋ
ਅਸੀਂ ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ ਉਹਨਾਂ ਦੀ ਵੱਲੋਂ, ਉਹਨਾਂ ਨੂੰ ਪੇਸ਼ ਕਰਦੇ ਹੋਏ ਕਰਦੇ ਹਾਂ,
ਉਹ ਸਭ ਇਸ ਤਰ੍ਹਾਂ ਕਰਨਾ ਜੋ ਪ੍ਰਭੂ ਯਿਸੂ ਮਸੀਹ ਕਰਦੇ ਹਨ
ਜਿਵੇਂ ਉਹ ਆਪਣੇ ਸਾਰੇ ਅਧਿਕਾਰ ਅਤੇ ਸਮਰੱਥਾ ਨਾਲ
ਸਾਡੇ ਸਮਰਥਨ ਵਿੱਚ ਮੌਜੂਦ ਹਨ।

ਪ੍ਰਭੂ ਯਿਸੂ ਮਸੀਹ ਦਾ ਨਾਮ ਉਹਨਾਂ ਨੂੰ ਇਸ ਗੱਲ ਵਿੱਚ ਲਿਆਉਂਦਾ ਹੈ। ਪ੍ਰਭੂ ਯਿਸੂ ਮਸੀਹ ਹੁਣ ਉੱਥੇ ਹਨ। ਉਹ, ਪ੍ਰਭੂ ਯਿਸੂ ਮਸੀਹ, ਆਪਣੇ ਨਾਮ ਵਿੱਚ ਹਨ। ਆਪਣੇ ਨਾਮ ਵਿੱਚ, ਉਹ ਮੌਜੂਦ ਹਨ (ਮੱਤੀ 18:20)। ਹੁਣ ਇਹ ਇਸ

ਤਰ੍ਹਾਂ ਹੈ ਜਿਵੇਂ ਉਹ ਰੋਗੀ ਮਨੁੱਖ ਉੱਤੇ ਆਪਣਾ ਹੱਥ ਰੱਖ ਰਹੇ ਹੁੰਦੇ ਹਨ ਜਿਸ ਰੋਗੀ ਮਨੁੱਖ ਉੱਤੇ ਅਸੀਂ ਆਪਣੇ ਹੱਥ ਰੱਖਦੇ ਹਾਂ। ਇਹ ਹੁਣ ਇਸ ਤਰ੍ਹਾਂ ਹੈ ਕਿ ਜਿਵੇਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬੋਲ ਰਹੇ ਹੁੰਦਾ ਹਾਂ, ਤਾਂ ਇਹ ਜਿਵੇਂ ਪ੍ਰਭੂ ਯਿਸੂ ਮਸੀਹ ਆਪ ਹੀ ਹੁਕਮ ਬੋਲ ਰਹੇ ਹੁੰਦੇ ਹਨ। ਪ੍ਰਭੂ ਯਿਸੂ ਮਸੀਹ ਸਾਡੇ ਰਾਹੀਂ ਕੰਮ ਕਰਦੇ ਹਨ। ਜੋ ਉਹ ਸਭ ਹੈ ਹੁਣ ਹਾਲਾਤ ਉੱਤੇ ਰੁਖ਼ ਕਰਦਾ ਹੈ।

ਪ੍ਰਭੂ ਯਿਸੂ ਮਸੀਹ ਦਾ ਨਾਮ ਹਾਲਾਤ ਉੱਤੇ ਸਵਰਗ ਦੇ ਸਾਰੇ ਅਧਿਕਾਰਾਂ ਨੂੰ ਆਉਣ ਦਾ ਕਾਰਨ ਬਣਦਾ ਹੈ। ਉਹ ਹੀ ਰਾਜਸ਼ਾਹੀ ਜਿਹੜੀ ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਪਿੱਛੇ ਹੈ, ਉਹ ਹੀ ਰਾਜ ਸੱਤਾ, ਹਕੂਮਤ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਪਿੱਛੇ ਦੇ ਅਧਿਕਾਰ ਹੁਣ ਹਾਲਾਤ ਉੱਤੇ ਭਾਰੂ ਹੈ। ਹੁਣ ਕੁਝ ਵੀ ਅਸੰਭਵ ਨਹੀਂ ਹੈ। ਸਾਰਾ ਅਧਿਕਾਰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਹੈ। ਜਦੋਂ ਅਸੀਂ ਬਿਮਾਰੀ ਦੇ ਵਿਰੁੱਧ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ, ਤਾਂ ਬਿਮਾਰੀ ਦਾ ਕੋਈ ਅਧਿਕਾਰ ਨਹੀਂ ਹੁੰਦਾ ਹੈ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਦੁਸ਼ਟ ਆਤਮਾਵਾਂ ਦੀਆਂ ਸ਼ਕਤੀਆਂ ਦੇ ਵਿਰੁੱਧ ਕਰਦੇ ਹਾਂ, ਤਾਂ ਦੁਸ਼ਟ ਆਤਮਾਵਾਂ ਦਾ ਕੋਈ ਅਧਿਕਾਰ ਨਹੀਂ ਹੁੰਦਾ। ਉਹ ਪ੍ਰਭੂ ਯਿਸੂ ਮਸੀਹ ਨਾਮ ਦੇ ਅੱਗੇ ਸ਼ਕਤੀਹੀਣ ਹਨ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਰਾਜ ਦੇ ਹਕੂਮਤ ਨੂੰ ਦਸ਼ਾ ਵਿੱਚ ਲਿਆਂਦਾ ਗਿਆ ਹੈ।

ਪ੍ਰਭ ਯਿਸੂ ਮਸੀਹ ਦੇ ਨਾਮ ਵਿੱਚ, ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਮੌਜੂਦ ਹੈ (1 ਕੁਰਿੰਥੀਆਂ 5:4)। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ, ਤਾਂ ਪਵਿੱਤਰ ਆਤਮਾ, ਜਿਹੜਾ ਕਿ ਮਸੀਹ ਦੀ ਆਤਮਾ ਹੈ, ਅਤੇ ਜਿਸ ਨੂੰ ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਵਿੱਚ ਭੇਜਿਆ ਗਿਆ ਹੈ, ਠੀਕ ਉੱਥੇ ਮੌਜੂਦ ਹੁੰਦਾ ਹੈ। ਸਰਵ-ਸ਼ਕਤੀਮਾਨ ਪਰਮੇਸ਼ਰ ਦੀ ਸਮਰੱਥਾ ਪ੍ਰਦਾਨ ਕੀਤੀ ਜਾਂਦੀ ਹੈ। ਆਤਮਾ ਦੀ ਸਮਰੱਥਾ ਉਹਨਾਂ ਹੁਕਮ ਦੇ ਸ਼ਬਦਾਂ ਦੇ ਨਾਲ ਸ਼ਾਮਲ ਹੋ ਕੇ ਪ੍ਰਦਾਨ ਕੀਤੀ ਜਾਂਦੀ ਹੈ ਜਿਹੜੇ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਰੀ ਕੀਤੇ ਹਨ।

ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ, ਅਸੀਂ ਉਹਨਾਂ ਦੀ ਥਾਂ ਉੱਤੇ, ਉਹਨਾਂ ਦੀ ਵੱਲੋਂ ਖੜ੍ਹੇ ਹੋ ਰਹੇ ਹੁੰਦੇ ਹਾਂ, ਅਤੇ ਪਿਤਾ ਨੂੰ ਬੇਨਤੀ ਕਰਦੇ ਹਾਂ। ਇਹ ਇਸ ਤਰ੍ਹਾਂ ਹੈ ਜਿਵੇਂ ਕਿ ਪ੍ਰਭੂ ਯਿਸੂ ਮਸੀਹ ਆਪ ਹੀ ਇਹ ਬੇਨਤੀ ਕਰ ਰਹੇ ਸਨ। ਇਹ ਕਿਸੇ ਹੋਰ ਤਰੀਕੇ ਨਾਲ ਨਹੀਂ ਹੋ ਸਕਦਾ ਹੈ।

ਸਾਡੀ ਪ੍ਰਾਰਥਨਾ ਹੁਣ ਸਾਡੇ ਨਾਮ ਦੇ ਨਾਲ ਨਾਲ ਉਹਨਾਂ ਦਾ ਨਾਮ ਲੈ ਕੇ ਜਾਂਦੀ ਹੈ। "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ" ਪ੍ਰਾਰਥਨਾ ਕਰਨੀ ਅਤੇ ਸਾਡੀ ਪ੍ਰਾਰਥਨਾ ਵਿੱਚ ਉਹਨਾਂ ਦਾ ਨਾਮ ਨਾ ਹੋਣ ਤੇ ਉਮੀਦ ਕਰਨਾ ਵਿਅਰਥ ਹੋਵੇਗਾ! ਜਦੋਂ ਅਸੀਂ ਆਪਣੀ ਪ੍ਰਾਰਥਨਾ ਵਿੱਚ "ਯਿਸੂ ਦੇ ਨਾਮ ਵਿੱਚ" ਦਾ ਉੱਲੇਖ ਕਰਦੇ ਹਾਂ, ਤਾਂ ਅਸੀਂ ਪਰਗਟ ਕੀਤਾ ਹੈ ਕਿ ਅਸੀਂ ਇਹ ਪ੍ਰਾਰਥਨਾ ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ ਉਹਨਾਂ ਦੀ ਵੱਲੋਂ ਉਹਨਾਂ ਦੀ ਪ੍ਰਤੀਨਿਧਤਾ ਕਰਦੇ ਹੋਏ ਕਰ ਰਹੇ ਹਾਂ। ਇਹ ਮੰਗਣ ਲਈ ਕਿ ਪ੍ਰਭੂ ਯਿਸੂ ਮਸੀਹ ਕੀ ਮੰਗਦੇ ਜੇਕਰ ਉਹ ਆਪਣੇ ਸਾਰੇ ਅਧਿਕਾਰ ਅਤੇ ਸਮਰੱਥਾ ਨਾਲ ਸਾਡੇ ਪਿੱਛੇ ਸਮਰਥਨ ਦੇ ਰਹੇ ਹੁੰਦੇ!

## ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰਨਾ

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਪ੍ਰਭੂ ਯਿਸੂ ਮਸੀਹ ਪੇਸ਼ ਕਰਦੇ ਹਾਂ ਉਹ ਆਖਦੇ ਅਤੇ ਕਰਦੇ ਹੋਏ ਜੋ ਉਹ ਆਖਦੇ ਅਤੇ ਕਰਦੇ ਹਨ। ਇਸ ਲਈ ਇਹ ਮਹੱਤਵਪੂਰਨ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਉਹ ਸਭ ਆਖਦੇ ਅਤੇ ਕਰਦੇ ਹੋਏ ਪੇਸ਼ ਕਰੀਏ ਜੋ ਪ੍ਰਭੂ ਯਿਸੂ ਮਸੀਹ ਆਖਦੇ ਅਤੇ ਕਰਦੇ ਹਨ।

ਇਸ ਲਈ, ਇਹ ਜਾਣਨਾ ਮਹੱਤਵਪੂਰਨ ਹੈ ਕਿ ਪ੍ਰਭੂ ਯਿਸੂ ਮਸੀਹ ਕਿਸੇ ਵੀ ਹਾਲਾਤ ਕੀ ਕਹਿੰਦੇ ਜਾਂ ਕੀ ਕਰਦੇ ਹਨ। ਸਾਨੂੰ ਆਪਣੇ ਮਨਾਂ, ਅਰਥਾਤ ਆਪਣੀ ਸੋਚ ਨੂੰ, ਪ੍ਰਭੂ ਯਿਸੂ ਮਸੀਹ ਦੇ ਅਨੁਸਾਰ ਸੋਚਣ ਲਈ ਤਾਜਾ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਕਿ ਅਸੀਂ ਉਹਨਾਂ ਨੂੰ ਇੰਜੀਲਾਂ ਵਿੱਚ ਦੇਖਦੇ ਹਾਂ। ਉਦਾਹਰਨ ਵਜੋਂ, ਇੱਥੇ ਕੁਝ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਵਰਣਨ ਕਰਦੀਆਂ ਹਨ ਕਿ ਇੰਜੀਲਾਂ ਵਿੱਚ ਵੇਖੇ ਜਾਣ ਤੇ ਪ੍ਰਭੂ ਯਿਸੂ ਮਸੀਹ ਕਿਸ ਤਰ੍ਹਾਂ ਸੋਚਦੇ, ਬੋਲਦੇ ਅਤੇ ਚੱਲਦੇ ਸਨ।

ਇੱਕ ਤੂਫਾਨ ਵਿੱਚ ਜੋ ਉਹਨਾਂ ਦੀ ਬੇੜੀ ਨੂੰ ਲਗਭਗ ਡੋਬਣ ਹੀ ਵਾਲਾ ਸੀ, ਪਰ ਪ੍ਰਭੂ ਯਿਸੂ ਮਸੀਹ ਸ਼ਾਂਤੀ ਨਾਲ ਸੁੱਤਾ ਹੋਇਆ ਸੀ। ਜਦੋਂ ਉਹ ਜਾਗੇ, ਉਹਨਾਂ ਨੇ ਤੂਫ਼ਾਨ ਦਾ ਸਾਹਮਣਾ ਕੀਤਾ ਅਤੇ ਹਵਾਵਾਂ ਅਤੇ ਲਹਿਰਾਂ ਨੂੰ ਸ਼ਾਂਤ ਹੋਣ ਦਾ ਹੁਕਮ ਦਿੱਤਾ।

ਜਦੋਂ ਗੱਲਾਂ ਮਾੜੀਆਂ ਤੋਂ ਭੈੜੀਆਂ ਹੁੰਦੀਆਂ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਜੈਰੁਸ ਦੀ ਧੀ ਦੇ ਮਾਮਲੇ ਵਿੱਚ ਜੋ ਮਰ ਗਈ ਸੀ ਅਤੇ ਜਦੋਂ ਪ੍ਰਭੂ ਯਿਸੂ ਮਸੀਹ

ਅਜੇ ਜੈਰੁਸ ਦੇ ਘਰ ਜਾ ਹੀ ਰਹੇ ਸਨ, ਤਾਂ ਪ੍ਰਭੂ ਯਿਸੂ ਮਸੀਹ ਨੇ ਸਿਰਫ਼ ਆਖਿਆ, *"ਡਰ ਨਾ, ਕੇਵਲ ਵਿਸ਼ਵਾਸ ਕਰ"* ਅਤੇ ਧੀ ਨੂੰ ਜਿਉਂਦਾ ਕੀਤਾ ਗਿਆ ਸੀ।

ਜਦੋਂ 5000 ਤੋਂ ਵੱਧ ਆਦਮੀਆਂ, ਔਰਤਾਂ ਅਤੇ ਬੱਚਿਆਂ ਦੇ ਨਾਲ ਪ੍ਰਭੂ ਯਿਸੂ ਮਸੀਹ ਦੇ ਸਾਹਮਣੇ ਇੱਕ ਲੋੜ ਦਾ ਸਾਹਮਣਾ ਕਰਨਾ ਪਿਆ, ਤਾਂ ਪ੍ਰਭੂ ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਖਾਣ ਲਈ ਕੁਝ ਦੇਣ। ਇਹ ਇੱਕ ਕੁਦਰਤੀ ਅਣਹੋਣਾ ਸੀ ਅਤੇ ਫਿਰ ਵੀ, ਉਹ ਪ੍ਰਾਰਥਨਾ ਕਰਨ, ਵਾਧਾ ਕਰਨ ਅਤੇ ਇੱਕ ਛੋਟੇ ਮੁੰਡੇ ਦੇ ਦੁਪਹਿਰ ਦੇ ਖਾਣੇ ਵਿੱਚੋਂ ਪੰਜ ਰੋਟੀਆਂ ਅਤੇ ਦੋ ਮੱਛੀਆਂ ਵੰਡਣ ਲਈ ਅੱਗੇ ਵਧੇ।

ਜਦੋਂ ਪ੍ਰਭੂ ਯਿਸੂ ਮਸੀਹ ਉਸ ਆਦਮੀ ਨੂੰ ਮਿਲੇ ਜਿਸ ਨੇ ਕੁਝ ਸਮਾਂ ਪਹਿਲਾਂ ਹੀ ਪ੍ਰਭੂ ਯਿਸੂ ਮਸੀਹ ਦੇ ਚੇਲਿਆਂ ਨਾਲ ਆਪਣੇ ਬੱਚੇ ਵਿੱਚੋਂ ਦੁਸ਼ਟ ਆਤਮਾ ਨੂੰ ਕੱਢਣ ਦੇ ਯੋਗ ਨਾ ਹੋਣ ਦੇ ਨਾਲ ਇੱਕ ਆਤਮਿਕ ਅਸਫਲਤਾ ਦਾ ਅਨੁਭਵ ਕੀਤਾ ਸੀ, ਤਾਂ ਪ੍ਰਭੂ ਯਿਸੂ ਮਸੀਹ ਆਖਿਆ ਸੀ, *"ਜੇਕਰ ਤੁਸੀਂ ਕਰ ਸਕਦੇ ਹੋ? ਜਿਹੜਾ ਵਿਸ਼ਵਾਸ ਕਰਦਾ ਹੈ, ਉਸ ਦੇ ਲਈ ਸਭ ਕੁਝ ਹੋ ਸਕਦਾ ਹੈ"* (ਮਰਕੁਸ 9:23)।

ਜਦੋਂ ਲਾਜ਼ਰ ਦੇ ਮਰੇ ਹੋਏ ਅਤੇ ਚਾਰ ਦਿਨਾਂ ਲਈ ਕਬਰ ਵਿੱਚ ਇੱਕ ਨਿਰਾਸ਼ਾ ਦੇ ਹਾਲਾਤ ਦਾ ਸਾਹਮਣਾ ਕਰਨਾ ਪਿਆ, ਤਾਂ ਪ੍ਰਭੂ ਯਿਸੂ ਮਸੀਹ ਨੇ ਆਖਿਆ, *"..... ਜੇਕਰ ਤੂੰ ਵਿਸ਼ਵਾਸ ਕਰੇਂ ਤਾਂ ਪਰਮੇਸ਼ਰ ਦੀ ਮਹਿਮਾ ਵੇਖੇਂਗੀ"* (ਯੂਹੰਨਾ 11:40)।

ਇਹ ਮਸੀਹ ਦਾ ਮਨ ਹੈ। ਇਹ ਪ੍ਰਭੂ ਯਿਸੂ ਮਸੀਹ ਦਾ ਦ੍ਰਿਸ਼ਟੀਕੋਣ ਹੈ। ਪ੍ਰਭੂ ਯਿਸੂ ਮਸੀਹ ਨੇ ਇਸ ਤਰ੍ਹਾਂ ਕੰਮ ਕੀਤਾ ਸੀ ਅਤੇ ਹਾਲਾਤ ਨੂੰ ਉੱਤਰ ਦਿੱਤਾ ਸੀ। ਇਹ ਉਹ ਹੀ ਹੈ ਜੋ ਪ੍ਰਭੂ ਯਿਸੂ ਮਸੀਹ ਨੇ ਪਿਤਾ ਤੋਂ ਦੇਖਿਆ ਅਤੇ ਸੁਣਿਆ ਹੈ।

## ਪਵਿੱਤਰ ਆਤਮਾ ਨੂੰ ਸੁਣੋ

**ਯੂਹੰਨਾ 16:13-15**

**13 ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਰੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ।**

**[14] ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ।**
**[15] ਸੱਭੋ ਕੁਝ ਜੋ ਪਿਤਾ ਦਾ ਹੈ ਸੋ ਮੇਰਾ ਹੈ। ਇਸੇ ਕਾਰਨ ਮੈਂ ਆਖਿਆ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲੈ ਕੇ ਤੁਹਾਨੂੰ ਦੱਸੇਗਾ।**

ਪਵਿੱਤਰ ਆਤਮਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਥੇ ਹੈ। ਉਹ ਸਾਡੇ ਵਿੱਚ ਹੈ। ਪਵਿੱਤਰ ਆਤਮ ਹੀ ਹੈ ਜੋ ਸਾਰੀ ਸਚਿਆਈ ਵਿੱਚ ਸਾਡੀ ਅਗਵਾਈ ਕਰਦਾ ਹੈ। ਪ੍ਰਭੂ ਯਿਸੂ ਮਸੀਹ ਜੋ ਆਖਦੇ ਹਨ ਪਵਿੱਤਰ ਆਤਮਾ ਉਸ ਨੂੰ ਲੈਂਦਾ ਹੈ ਅਤੇ ਸਾਡੇ ਨਾਲ ਬੋਲਦਾ ਹੈ। ਇਸ ਲਈ, ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰਨ ਲਈ, ਸਾਨੂੰ ਪਰਮੇਸ਼ਰ ਦੇ ਆਤਮਾ ਨੂੰ ਸੁਣਨਾ ਵੀ ਸਿੱਖਣਾ ਚਾਹੀਦਾ ਹੈ। ਉਹ ਮਸੀਹ ਦੀਆਂ ਗੱਲਾਂ ਨੂੰ ਪਰਗਟ ਕਰਦਾ ਹੈ (1 ਕੁਰਿੰਥੀਆਂ 2:9-16) ਤਾਂ ਕਿ ਸਾਨੂੰ ਪਤਾ ਲੱਗੇਗਾ ਕਿ ਅਸੀਂ ਕੀ ਆਖਣਾ ਹੈ ਅਤੇ ਕੀ ਕਰਨਾ ਹੈ, ਤਾਂ ਜੋ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰ ਸਕੀਏ।

## ਸਮੀਖਿਆ

1) ਵੱਖ-ਵੱਖ ਆਤਮਿਕ ਅਵਸਥਾ ਦੀ ਸਮੀਖਿਆ ਕਰੋ ਜਿਹੜੀਆਂ ਉਸ ਸਮੇਂ ਪ੍ਰਭਾਵ ਵਿੱਚ ਆਉਂਦੀਆਂ ਹਨ ਜਦੋਂ ਅਸੀਂ "ਯਿਸੂ ਦੇ ਨਾਮ ਵਿੱਚ" ਪ੍ਰਾਰਥਨਾ ਕਰਦੇ, ਬੋਲਦੇ ਜਾਂ ਕੰਮ ਕਰਦੇ ਹਾਂ। ਇਹ ਪ੍ਰਕਾਸ਼ਨ ਤੁਹਾਡੇ ਪ੍ਰਾਰਥਨਾ ਕਰਨ, ਨਿੱਜੀ ਜੀਵਨ ਦੇ ਹਾਲਾਤ ਦਾ ਸਾਹਮਣਾ ਕਰਨ, ਅਤੇ ਲੋੜਵੰਦ ਲੋਕਾਂ ਦੀ ਸੇਵਾ ਕਰਨ ਦੇ ਤਰੀਕੇ ਨੂੰ ਕਿਸ ਤਰ੍ਹਾਂ ਬਦਲੇਗਾ?

2) ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰਨ ਲਈ, ਜਦੋਂ ਅਸੀਂ ਉਹਨਾਂ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ, ਬੋਲਦੇ ਜਾਂ ਕੰਮ ਕਰਦੇ ਹਾਂ, ਤਾਂ ਸਾਨੂੰ ਮਸੀਹ ਦੀਆਂ ਗੱਲਾਂ ਨੂੰ ਜਾਣਨ ਦੀ ਲੋੜ ਹੈ, ਹੇਠਾਂ ਲਿਖੀਆਂ ਗੱਲਾਂ ਨੂੰ ਜਾਣ ਕੇ

- ਇੰਜੀਲਾਂ ਵਿੱਚ ਪ੍ਰਭੂ ਯਿਸੂ ਮਸੀਹ ਨੂੰ ਕਰੀਬ ਤੋਂ ਦੇਖਣਾ ਅਤੇ
- ਪਵਿੱਤਰ ਆਤਮਾ ਨੂੰ ਸੁਣਨਾ।

ਇਹਨਾਂ ਦੋ ਖੇਤਰਾਂ ਵਿੱਚ ਆਪਣੇ ਆਪ ਦਾ ਮੁਲਾਂਕਣ ਕਰੋ।

- ਕੀ ਤੁਸੀਂ ਲੱਗਦਾ ਹੈ ਕਿ ਤੁਹਾਨੂੰ ਇਸ ਗੱਲ ਦੀ ਚੰਗੀ ਸਮਝ ਹੈ ਕਿ ਇੰਜੀਲਾਂ ਵਿੱਚ ਸਾਡੇ ਲਈ ਲਿਪੀਬੱਧ ਕੀਤੇ ਗਏ ਵੱਖ-ਵੱਖ ਹਾਲਾਤ ਵਿੱਚ ਪ੍ਰਭੂ ਯਿਸੂ ਮਸੀਹ ਨੇ ਕਿਸ ਤਰ੍ਹਾਂ ਸੋਚਿਆ ਅਤੇ ਉੱਤਰ ਦਿੱਤਾ?
- ਕੀ ਤੁਸੀਂ ਰੋਜ਼ਾਨਾ ਜੀਵਨ ਦੇ ਹਾਲਾਤ ਵਿੱਚ ਪਵਿੱਤਰ ਆਤਮਾ ਤੋਂ ਮੰਗਣ, ਸੁਣਨ ਅਤੇ ਪੁੱਛਣ ਵਿੱਚ ਸੁਖਾਲੇ (ਨਿਪੁੰਨ) ਹੋ?

(ਅੱਗੇ ਹੋਰ ਅਧਿਐਨ ਲਈ, ਕਿਰਪਾ ਕਰਕੇ ਆਲ ਪੀਪਲਜ਼ ਚਰਚ ਕਿਤਾਬਾਂ ਦੇਖੋ, **"ਪਰਮੇਸ਼ਰ ਦੀ ਅਗਵਾਈ ਪ੍ਰਾਪਤ ਕਰਨਾ", "ਪਵਿੱਤਰ ਆਤਮਾ ਦੇ ਵਰਦਾਨ"** ਅਤੇ **"ਗੈਰ-ਭਾਸ਼ਾਵਾਂ ਵਿੱਚ ਬੋਲਣ ਦੇ ਅਦਭੁਤ ਲਾਭ"** ਜੋ ਕਿ **apcwo.org/books** ਉੱਤੇ **ਮੁਫ਼ਤ** ਡਾਊਨਲੋਡ ਕਰਨ ਲਈ ਉਪਲੱਬਧ ਹਨ।)

# 8

# ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਵਿਸ਼ਵਾਸ ਕਰੋ

ਯਿਸੂ ਦੇ ਨਾਮ ਦੀ ਵਰਤੋਂ ਕਰਨਾ ਇੱਕ ਚੰਗੀ ਕਿਸਮਤ ਦਾ ਤਵੀਤ ਨਹੀਂ ਹੈ, ਜਾਂ ਇੱਕ ਜਾਦੂ ਮੰਤਰ ਜਿਵੇਂ ਕਿ "ਖੁੱਲ੍ਹੇ ਤਿਲ," ਜਾਂ ਕੋਈ ਜਾਦੂ-ਟੂਣਾ, ਇੱਕ ਰੀਤੀ, ਜਾਂ ਇੱਕ ਆਤਮਿਕ ਪਰੰਪਰਾ ਨਹੀਂ ਹੈ ਜਿਹੜੀ ਚੰਗੀਆਂ ਚੀਜ਼ਾਂ ਵਾਪਰਨ ਲਈ ਵਰਤੀ ਜਾਂਦੀ ਹੈ। ਉਸ ਨਾਮ ਨੂੰ ਇੱਕ ਬੇਅਰਥ ਤਰੀਕੇ ਨਾਲ ਵਿਅਰਥ ਰੂਪ ਵਿੱਚ ਹੀ ਦੁਹਰਾ ਕੇ ਬੋਲਣਾ ਸਾਨੂੰ ਇਹ ਦੇਖਣ ਲਈ ਸਮਰੱਥਾ ਨਹੀਂ ਦੇਵੇਗਾ ਜਿਹੜਾ ਪ੍ਰਭੂ ਨੇ ਵਾਅਦਾ ਕੀਤਾ ਹੈ। ਉਸ ਨਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬੋਲਣ ਲਈ, ਸਾਨੂੰ ਵਿਅਕਤੀ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਅਧਿਕਾਰ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ।

## ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰੋ, ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਵਿਸ਼ਵਾਸ ਕਰੋ

ਪਵਿੱਤਰ-ਗ੍ਰੰਥ ਵਿੱਚ ਬਹੁਤ ਸਾਰੀਆਂ ਆਇਤਾਂ ਹਨ ਜਿੱਥੇ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਵਿਸ਼ਵਾਸ ਕਰਨ ਦੇ ਨਾਲ-ਨਾਲ ਵਿਅਕਤੀ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨ ਲਈ ਕਿਹਾ ਜਾਂਦਾ ਹੈ।

ਕੁਝ ਆਇਤਾਂ ਉੱਤੇ ਧਿਆਨ ਦਿਓ।

**ਯੂਹੰਨਾ 1:12**
**"ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ"।**

**ਯੂਹੰਨਾ 3:18 (ਯੂਹੰਨਾ 20:31; 1 ਯੂਹੰਨਾ 5:13 ਵੀ ਦੇਖੋ)**
**"ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ਰ ਦੇ ਇਕਲੌਤੇ ਪੁੱਤ੍ਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ"।**

**ਯੂਹੰਨਾ 6:28,29**
**28 ਤਾਂ ਉਨ੍ਹਾਂ ਉਸ ਨੂੰ ਆਖਿਆ ਕਿ ਪਰਮੇਸ਼ਰ ਦੇ ਕੰਮ ਕਰਨ ਨੂੰ ਅਸੀਂ ਕੀ ਕਰੀਏ?"**
**29 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ਰ ਦਾ ਕੰਮ ਇਹ ਹੈ ਕਿ ਜਿਸ ਨੂੰ ਉਨ ਭੇਜਿਆ ਹੈ ਉਸ ਉੱਤੇ ਤੁਸੀਂ ਨਿਹਚਾ ਕਰੋ।"**

ਜਿਸ ਤਰ੍ਹਾਂ ਕਿ ਅਸੀਂ ਪਿਛਲੇ ਅਧਿਆਵਾਂ ਵਿੱਚ ਅਧਿਐਨ ਕੀਤਾ ਹੈ, ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਵਿਸ਼ਵਾਸ ਕਰਨਾ ਵਿਅਕਤੀ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਾ ਹੈ। ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸ ਰੱਖਣ ਲਈ, ਸਾਨੂੰ ਉਸ ਵਿਅਕਤੀ ਨੂੰ ਜਾਣਨਾ ਅਤੇ ਉਸ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ ਜਿਸ ਨੂੰ ਨਾਮ ਦਰਸਾਉਂਦਾ ਹੈ।

## ਨਾਮ ਵਿੱਚ ਵਿਸ਼ਵਾਸ ਨਾਲ ਨਾਮ ਦੀ ਵਰਤੋਂ ਕਰੋ

ਵਿਸ਼ਵਾਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਹਨਾਂ ਆਇਤਾਂ ਉੱਤੇ ਧਿਆਨ ਦਿਓ ਜੋ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਸਮੇਂ ਵਿਸ਼ਵਾਸ ਦੀ ਮਹੱਤਤਾ ਬਾਰੇ ਸਿਖਾਉਂਦੀਆਂ ਹਨ।

**ਮੱਤੀ 17:19-21**
**19 ਤਦ ਚੇਲਿਆਂ ਨੇ ਇਕਾਂਤ ਵਿੱਚ ਯਿਸੂ ਦੇ ਕੋਲ ਆਣ ਕੇ ਆਖਿਆ ਕਿ ਅਸੀਂ ਉਹ ਨੂੰ ਕਿਉਂ ਨਾ ਕੱਢ ਸੱਕੇ? "**
**20-21 ਉਸ ਨੇ ਕਿਹਾ, ਆਪਣੀ ਘੱਟ ਨਿਹਚਾ ਦੇ ਕਾਰਨ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।? ਯਿਸੂ ਨੇ ਉੱਤਰ ਦਿੱਤਾ, "ਆਪਣੇ ਥੋੜ੍ਹੇ ਵਿਸ਼ਵਾਸ ਦੇ ਕਾਰਨ। ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਜੇਕਰ ਤੁਹਾਡਾ ਵਿਸ਼ਵਾਸ ਰਾਈ ਦੇ ਦਾਣੇ ਦੇ ਬਰਾਬਰ ਵੀ ਹੈ ਤਾਂ ਤੁਸੀਂ ਇਸ ਪਹਾੜ ਨੂੰ ਕਹੋ, 'ਇੱਥੋਂ ਹਟ ਜਾ,' ਤਾਂ ਉਹ ਹਟ ਜਾਵੇਗਾ। ਤੁਸੀਂ ਕੁਝ ਵੀ ਕਰ ਸਕੋਗੇ।"**

ਅਸੀਂ ਅਧਿਆਇ 5 ਵਿੱਚ ਪਹਿਲਾਂ ਵਰਣਨ ਕੀਤਾ ਹੈ ਕਿ ਰਸੂਲ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਕੰਮ ਕਰ ਰਹੇ ਸਨ, ਰੋਗੀਆਂ ਨੂੰ ਚੰਗਾ ਕਰ ਰਹੇ ਸਨ, ਦੁਸ਼ਟ ਆਤਮਾਵਾਂ ਨੂੰ ਕੱਢ ਰਹੇ ਸਨ, ਅਤੇ ਚਮਤਕਾਰ ਕਰ ਰਹੇ ਸਨ। ਉਹ ਚੰਗੇ ਨਤੀਜੇ ਦੇਖ ਰਹੇ ਸਨ। ਤਾਂ ਵੀ, ਇੱਥੇ ਮੱਤੀ 17 ਵਿੱਚ, ਸਾਡੇ ਕੋਲ ਇੱਕ ਅਜਿਹੀ ਪਰਿਸਥਿਤੀ ਹੈ ਜਿੱਥੇ ਚੇਲੇ ਇੱਕ ਮੁੰਡੇ ਵਿੱਚੋਂ ਇੱਕ ਦੁਸ਼ਟ ਆਤਮਾ ਕੱਢਣ ਵਿੱਚ ਅਸਫਲ ਰਹੇ। ਇਹ ਗੱਲ ਤਾਂ ਪੱਕੀ ਹੈ ਕਿ ਉਹਨਾਂ ਨੇ ਪ੍ਰਭੂ ਯਿਸੂ

ਮਸੀਹ ਦੇ ਨਾਮ ਦੀ ਵਰਤੋਂ ਕੀਤੀ ਹੋਵੇਗੀ, ਜਿਵੇਂ ਕਿ ਉਹਨਾਂ ਪਹਿਲਾਂ ਕਈ ਵਾਰ ਕੀਤੀ ਸੀ , ਪਰ ਤਾਂ ਵੀ ਮੁੰਡਾ ਦੁਸ਼ਟ ਆਤਮਾ ਤੋਂ ਆਜ਼ਾਦ ਨਹੀਂ ਹੋਇਆ ਸੀ। ਪ੍ਰਭੂ ਯਿਸੂ ਮਸੀਹ ਬਾਅਦ ਵਿੱਚ ਆਏ ਸਨ ਅਤੇ ਉਸ ਮੁੰਡੇ ਨੂੰ ਦੁਸ਼ਟ ਆਤਮਾ ਤੋਂ ਛੁਟਕਾਰਾ ਦਿੱਤਾ। ਜਦੋਂ ਚੇਲਿਆਂ ਨੇ ਪੁੱਛਿਆ ਕਿ ਉਹ ਦੁਸ਼ਟ ਆਤਮਾ ਨੂੰ ਕਿਉਂ ਨਹੀਂ ਕੱਢ ਸਕੇ, ਤਾਂ ਪ੍ਰਭੂ ਯਿਸੂ ਮਸੀਹ ਨੇ ਇੱਕ ਮੁੱਖ ਸਮੱਸਿਆ ਵੱਲ ਇਸ਼ਾਰਾ ਕੀਤਾ—ਉਹ ਸਮੱਸਿਆ ਸੀ **ਅਵਿਸ਼ਵਾਸ**। ਪ੍ਰਭੂ ਯਿਸੂ ਮਸੀਹ ਨੇ ਇੱਕ ਹੱਲ ਵਜੋਂ ਇੱਕ ਰਾਈ ਦੇ ਦਾਣੇ ਦੇ ਆਕਾਰ ਦੇ ਵਿਸ਼ਵਾਸ ਦੀ ਸਮਰੱਥਾ ਵੱਲ ਇਸ਼ਾਰਾ ਕੀਤਾ। ਵਿਸ਼ਵਾਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸੌਂਪੇ ਗਏ ਅਧਿਕਾਰ ਦੀ ਵਰਤੋਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਪ੍ਰਾਰਥਨਾ ਅਤੇ ਵਰਤ ਅਵਿਸ਼ਵਾਸ ਨੂੰ ਰਾਹ ਵਿੱਚੋਂ ਹਟਾਉਣ ’ਚ ਸਹਾਇਤਾ ਕਰਦੇ ਹਨ ਤਾਂ ਜੋ ਸਾਡੇ ਹਿਰਦਿਆਂ ਵਿੱਚ ਵਿਸ਼ਵਾਸ ਦਾ ਉਭਾਰ ਹੋ ਸਕੇ ਅਤੇ ਇਸ ਪ੍ਰਕਾਰ ਦੀਆਂ ਦੁਸ਼ਟ ਆਤਮਾਵਾਂ ਨਾਲ ਨਜਿੱਠਿਆ ਜਾ ਸਕੇ।

---

ਵਿਸ਼ਵਾਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਸੌਂਪੇ ਗਏ ਅਧਿਕਾਰ ਦੀ ਵਰਤੋਂ
ਨਾਲ ਜੋੜਿਆ ਜਾਣਾ ਚਾਹੀਦਾ ਹੈ।

---

ਜਦੋਂ ਪਤਰਸ ਅਤੇ ਯੂਹੰਨਾ ਨੇ ਉਸ 40 ਸਾਲਾਂ ਦੇ ਲੰਗੜੇ ਆਦਮੀ ਨੂੰ ਹੈਕਲ ਦੇ ਫਾਟਕ ਉੱਤੇ ਪੂਰੀ ਤਰ੍ਹਾਂ ਤੰਦਰੁਸਤੀ ਵਿੱਚ ਉਠਾਇਆ ਸੀ, ਤਾਂ ਸਾਰੇ ਲੋਕ ਹੈਰਾਨ ਰਹਿ ਗਏ ਸਨ। ਪਤਰਸ ਨੇ ਹੈਕਲ ਵਿੱਚ ਉਹਨਾਂ ਨੂੰ ਆਪਣੇ ਸੰਦੇਸ਼ ਵਿੱਚ ਇਹ ਗੱਲ ਆਖੀ ਸੀ।

**ਰਸੂਲਾਂ ਦੇ ਕਰਤੱਬ 3:16**
**“ਉਹ ਦੇ ਨਾਮ ਉੱਤੇ ਨਿਹਚਾ ਕਰਨ ਕਰਕੇ ਉਹ ਦੇ ਨਾਮ ਹੀ ਨੇ ਐਸ ਮਨੁੱਖ ਨੂੰ ਜਿਹ ਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤਾ। ਹਾਂ, ਉਸੇ ਨਿਹਚਾ ਨੇ ਜਿਹੜੀ ਉਸ ਦੇ ਦੁਆਰੇ ਤੋਂ ਹੈ ਇਹ ਪੂਰੀ ਤੰਦਰੁਸਤੀ ਤੁਸਾਂ ਸਭਨਾਂ ਦੇ ਸਾਹਮਣੇ ਉਸ ਨੂੰ ਦਿੱਤੀ।”**

ਪਤਰਸ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸ ਵੱਲ ਇਸ਼ਾਰਾ ਕੀਤਾ ਜੋ ਲੰਗੜੇ ਆਦਮੀ ਦੀ ਚੰਗਿਆਈ ਦਾ ਕਾਰਨ ਬਣਿਆ ਸੀ। ਇਹ ਸਾਡੇ ਲਈ ਜ਼ੋਰ ਦਿੰਦਾ ਹੈ ਕਿ ਪ੍ਰਭੂ ਯਿਸੂ ਮਸੀਹ ਦਾ ਨਾਮ ਉਸ ਵਿਅਕਤੀ ਵਿੱਚ ਵਿਸ਼ਵਾਸ ਨਾਲ ਬੋਲਿਆ ਜਾਣਾ ਚਾਹੀਦਾ ਹੈ, ਕਿ

ਪ੍ਰਭੂ ਯਿਸੂ ਮਸੀਹ ਕੌਣ ਹਨ, ਅਤੇ ਅਤੇ ਹਾਲਾਤ ਵਿੱਚ ਉਹ ਜ਼ਿਆਦਾ ਕਰਨ ਦੇ ਕਿਵੇਂ ਯੋਗ ਹਨ।

ਅਸੀਂ ਯਾਕੂਬ ਦੀ ਪੱਤ੍ਰੀ ਵਿੱਚ, ਇਹ ਸਾਡੇ ਲਈ ਇੱਕ ਵਾਰ ਫਿਰ ਦੁਹਰਾਇਆ ਹੋਇਆ ਦੇਖਦੇ ਹਾਂ।

**ਯਾਕੂਬ 5:14,15**
**14 ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਯਾ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਓਹ ਪ੍ਰਭੂ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ।**
**15 ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜਾ ਕਰੇਗਾ, ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ।**

ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਰੋਗੀਆਂ ਦੀ ਸੇਵਾ ਕਰਨੀ ਹੈ ਅਤੇ ਵਿਸ਼ਵਾਸ ਦੀ ਪ੍ਰਾਰਥਨਾ ਕਰਨੀ ਹੈ। ਇਹ ਵਿਸ਼ਵਾਸ ਨਾਲ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੀਤੀ ਗਈ ਪ੍ਰਾਰਥਨਾ ਹੈ ਜੋ ਰੋਗੀਆਂ ਨੂੰ ਚੰਗਿਆਈ ਦੇਣ ਦਾ ਕਾਰਨ ਬਣੇਗੀ—ਇਹ ਇੱਕ ਵਾਰ ਫਿਰ ਸਪਸ਼ਟ ਤੌਰ ਤੇ ਸਾਨੂੰ ਸਿੱਖਿਆ ਦਿੰਦੀ ਹੈ ਕਿ ਸਾਨੂੰ ਰੋਗੀ ਮਨੁੱਖ ਦੀ ਸੇਵਾ ਕਰਦੇ ਸਮੇਂ ਪ੍ਰਾਰਥਨਾ ਵਿੱਚ ਪ੍ਰਭੂ ਯਿਸੂ ਦੇ ਨਾਮ ਦੀ ਵਰਤੋਂ ਕਰਦੇ ਸਮੇਂ ਵਿਸ਼ਵਾਸ ਕਰਨਾ ਚਾਹੀਦਾ ਹੈ। ਕੇਵਲ ਇੱਕ ਚੇਤਾ ਕਰਵਾਉਣ ਲਈ, ਯਾਕੂਬ ਜਿਸ ਵਿਸ਼ਵਾਸ ਦਾ ਉੱਲੇਖ ਕਰ ਰਿਹਾ ਹੈ, ਉਹ ਸਾਡੇ ਲਈ ਅਧਿਆਇ 1 ਵਿੱਚ ਵਰਣਨ ਕੀਤਾ ਗਿਆ ਹੈ, "ਬਿਨਾਂ ਸ਼ੱਕ, ਨਾ ਡਾਵਾਂਡੋਲ ਹੋਣ ਵਾਲਾ, ਇੱਕ ਮਨ, ਨਿਸ਼ਚਿਤ, ਇਸ ਪ੍ਰਕਾਰ ਦਾ ਵਿਸ਼ਵਾਸ," *"ਪਰ ਜਦੋਂ ਕੋਈ ਮੰਗੇ ਤਾਂ ਉਹ ਵਿਸ਼ਵਾਸ ਦੇ ਨਾਲ, ਬਿਨਾਂ ਸ਼ੱਕ ਦੇ ਮੰਗੇ, ਕਿਉਂਕਿ ਸ਼ੱਕ ਕਰਨ ਵਾਲਾ ਸਮੁੰਦਰ ਦੀ ਲਹਿਰ ਵਰਗਾ ਹੈ ਜਿਸ ਨੂੰ ਹਵਾ ਉਡਾਉਂਦੀ ਅਤੇ ਉਛਾਲਦੀ ਹੈ। ਅਜਿਹਾ ਮਨੁੱਖ ਇਹ ਨਾ ਸੋਚੇ ਕਿ ਉਸ ਨੂੰ ਪਰਮੇਸ਼ਰ ਦੇ ਕੋਲੋਂ ਕੁਝ ਮਿਲੇਗਾ ਕਿਉਂਕਿ ਉਹ ਦੁਚਿੱਤਾ ਅਤੇ ਆਪਣੀਆਂ ਸਾਰੀਆਂ ਗੱਲਾਂ ਵਿੱਚ ਡਾਵਾਂਡੋਲ ਹੁੰਦਾ ਹੈ"* (ਯਾਕੂਬ 1:6-8)।

ਜਦੋਂ ਅਸੀਂ ਪ੍ਰਾਰਥਨਾ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ, ਜਾਂ ਜਦੋਂ ਅਸੀਂ ਹਾਲਾਤ, ਰੋਗਾਂ, ਦੁਸ਼ਟ ਆਤਮਾਵਾਂ, ਕੁਦਰਤੀ ਤੱਤਾਂ, ਆਦਿ ਉੱਤੇ ਅਧਿਕਾਰ ਦਾ ਪ੍ਰਯੋਗ ਕਰਦੇ ਹਾਂ, ਤਾਂ ਸਾਨੂੰ ਪ੍ਰਭੂ ਯਿਸੂ ਮਸੀਹ ਵਿੱਚ **"ਬਿਨਾਂ ਸ਼ੱਕ, ਬਿਨਾਂ ਡਾਵਾਂਡੋਲ ਹੋਏ, ਇੱਕ ਮਨ, ਪੂਰੀ ਤਰ੍ਹਾਂ ਪੱਕੇ, ਵਿਸ਼ਵਾਸ ਦੇ ਨਾਲ ਅਜਿਹਾ ਕਰਨਾ ਚਾਹੀਦਾ ਹੈ।"**

ਜਦੋਂ ਅਸੀਂ ਪ੍ਰਾਰਥਨਾ ਵਿੱਚ
ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ,
ਜਾਂ ਜਦੋਂ ਅਸੀਂ ਹਾਲਾਤ,
ਰੋਗਾਂ, ਦੁਸ਼ਟ ਆਤਮਾਵਾਂ, ਕੁਦਰਤੀ ਤੱਤਾਂ, ਆਦਿ ਉੱਤੇ
ਅਧਿਕਾਰ ਦਾ ਪ੍ਰਯੋਗ ਕਰਦੇ ਹਾਂ,
ਤਾਂ ਸਾਨੂੰ ਪ੍ਰਭੂ ਯਿਸੂ ਮਸੀਹ ਵਿੱਚ
"ਬਿਨਾਂ ਸ਼ੱਕ, ਬਿਨਾਂ ਡਾਵਾਂਡੋਲ ਹੋਏ,
ਇੱਕ ਮਨ, ਪੂਰੀ ਤਰ੍ਹਾਂ ਪੱਕੇ,
ਵਿਸ਼ਵਾਸ ਦੇ ਨਾਲ ਅਜਿਹਾ ਕਰਨਾ ਚਾਹੀਦਾ ਹੈ।

## ਸਮੀਖਿਆ

1) ਸੋਚੋ ਕਿ ਤੁਸੀਂ ਮੱਤੀ 17:14-21 ਦੇ ਰਸੂਲਾਂ ਵਿੱਚੋਂ ਇੱਕ ਹੋ ਜੋ ਮੁੰਡੇ ਵਿੱਚੋਂ ਦੁਸ਼ਟ ਆਤਮਾ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੇ ਹੋ। ਹੋਰ ਰਸੂਲਾਂ ਦੇ ਨਾਲ, ਤੁਸੀਂ ਪਹਿਲਾਂ ਵੀ ਪ੍ਰਭੂ ਯਿਸੂ ਮਸੀਹ ਨਾਸਰੀ ਦੇ ਨਾਮ ਵਿੱਚ ਤੁਹਾਨੂੰ ਸੌਂਪੇ ਗਏ ਅਧਿਕਾਰ ਦੀ ਵਰਤੋਂ ਕਰਕੇ ਕਈ ਵਾਰ ਦੁਸ਼ਟ ਆਤਮਾ ਕੱਢ ਚੁੱਕੇ ਹੋ ਪਰ ਤੁਸੀਂ ਇਸ ਮਾਮਲੇ ਵਿੱਚ ਸਕਾਰਾਤਮਕ ਨਤੀਜੇ ਨਹੀਂ ਦੇਖ ਰਹੇ ਹੋ। ਇਸ ਤਰ੍ਹਾਂ ਦੇ ਹਾਲਾਤ ਵਿੱਚ ਵਿਸ਼ਵਾਸ ਨੂੰ ਦਬਾਅ ਪਾਉਣ ਦੇ ਕੁਝ ਕਾਰਨ ਕਿਹੜੇ ਹੋ ਸਕਦੇ ਹਨ?

2) ਅਸੀਂ ਵਿਅਕਤੀ ਪ੍ਰਭੂ ਯਿਸੂ ਮਸੀਹ ਅਤੇ ਉਹਨਾਂ ਦੇ ਨਾਮ ਵਿੱਚ ਆਪਣੇ ਵਿਸ਼ਵਾਸ ਨੂੰ ਕਿਵੇਂ ਵਿਕਸਿਤ ਅਤੇ ਮਜ਼ਬੂਤ ਕਰ ਸਕਦੇ ਹਾਂ?

# 9

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ

ਵਿਸ਼ਵਾਸੀ ਹੁੰਦੇ ਹੋਏ, ਸਾਨੂੰ ਉਸ ਆਦੇਸ਼ ਨੂੰ ਸਮਝਣਾ ਅਤੇ ਉਸ ਵਿੱਚ ਚੱਲਣਾ ਚਾਹੀਦਾ ਹੈ ਜਿਹੜਾ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਉਦੋਂ ਦਿੱਤਾ ਹੈ, ਜਦੋਂ ਪ੍ਰਭੂ ਯਿਸੂ ਨੇ ਸਾਨੂੰ ਆਪਣੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਸੀ ਅਤੇ ਸਾਨੂੰ ਆਪਣੇ ਨਾਮ ਵਿੱਚ ਭੇਜਿਆ ਸੀ। ਇਹ ਵੇਖਦੇ ਹੋਏ ਕਿ ਇਹ ਪ੍ਰਭੂ ਹੀ ਹਨ ਜਿਹਨਾਂ ਸਾਨੂੰ ਆਪਣੇ ਨਾਮ ਵਰਤੋਂ ਦਾ ਮਹਾਨ ਵਿਸ਼ੇਸ਼ ਅਧਿਕਾਰ ਅਤੇ ਹੱਕ ਦੇ ਕੇ ਅਧਿਕਾਰ ਦਿੱਤਾ ਹੈ, ਇਸ ਲਈ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰੀਏ ਅਤੇ ਉਹ ਕਰੀਏ ਜੋ ਉਹ ਸਾਡੇ ਤੋਂ ਕਰਵਾਉਣਾ ਚਾਹੁੰਦੇ ਹਨ। ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚੱਲਣ, ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰਨ ਲਈ ਬਾਹਰ ਕਦਮ ਰੱਖਣ, ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ ਕੰਮ ਕਰਨ, ਪ੍ਰਭੂ ਯਿਸੂ ਮਸੀਹ ਦੀ ਵੱਲੋਂ ਕੰਮ ਕਰਨ ਅਤੇ ਉਹ ਕੰਮ ਕਰਨ ਲਈ ਕੋਈ ਕੋਈ ਗਲਤੀ ਨਹੀਂ ਕਰਦੇ ਜੋ ਪ੍ਰਭੂ ਯਿਸੂ ਮਸੀਹ ਆਪ ਮੌਜੂਦ ਹੋਣ ਤੇ ਕਰਦੇ। ਸਾਡੇ ਵੱਲੋਂ "ਪ੍ਰਭੂ ਯਿਸੂ ਮਸੀਹ ਦੀ ਤਰ੍ਹਾਂ ਬਣਨ ਦੀ ਕੋਸ਼ਿਸ਼" ਕਰਨ ਵਿੱਚ ਕੋਈ ਸ਼ਰਮ ਨਹੀਂ ਹੈ, ਕਿਉਂਕਿ ਸਾਨੂੰ ਉਸੇ ਤਰ੍ਹਾਂ ਬਣਨ ਲਈ ਹੀ ਬੁਲਾਇਆ ਗਿਆ ਹੈ! *"ਕਿਉਂਕਿ ਜਿਸ ਤਰ੍ਹਾਂ ਮਸੀਹ ਹਨ, ਉਸੇ ਤਰ੍ਹਾਂ ਅਸੀਂ ਇਸ ਸੰਸਾਰ ਵਿੱਚ ਹਾਂ"* (1 ਯੂਹੰਨਾ 4:17)। ਅਸੀਂ ਪ੍ਰਭੂ ਯਿਸੂ ਮਸੀਹ ਦੇ ਤਰੀਕੇ ਨਾਲ ਜੀਵਨ ਬਤੀਤ ਕਰਦੇ ਹਾਂ—ਅਸੀਂ ਉਸ ਤਰ੍ਹਾਂ ਰਹਿੰਦੇ ਹਾਂ ਜਿਵੇਂ ਪ੍ਰਭੂ ਯਿਸੂ ਰਹਿੰਦੇ ਸਨ—ਸੋਚਣਾ, ਬੋਲਣਾ, ਕੰਮ ਕਰਨਾ, ਉੱਤਰ ਦੇਣਾ ਅਤੇ ਠੀਕ ਪ੍ਰਭੂ ਯਿਸੂ ਦੀ ਤਰ੍ਹਾਂ ਹੀ ਵਿਵਹਾਰ ਕਰਨਾ (1 ਯੂਹੰਨਾ 2:6)। ਅਤੇ ਅਸੀਂ ਇਹ ਯਿਸੂ ਦੇ ਨਾਮ ਵਿੱਚ ਕਰਦੇ ਹਾਂ!

ਪਹਿਲੀ ਸਦੀ ਦੀ ਕਲੀਸਿਯਾ ਨੇ ਇਸ ਨੂੰ ਸਮਝ ਲਿਆ ਸੀ। ਇਹ ਸਾਧੇ, ਸਾਧਾਰਨ ਲੋਕ ਸਨ ਪਰ ਉਹ ਜਾਣਦੇ ਸਨ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੰਮ ਕਰਨ ਦਾ ਕੀ ਅਰਥ ਹੈ। ਅੱਜ ਵਿਸ਼ਵਾਸੀ ਵਜੋਂ, ਸਾਡੇ ਲਈ ਵੀ ਇਹ ਸਮਝਣਾ ਜ਼ਰੂਰੀ ਹੈ ਕਿ ਉਸ ਸਮੇਂ ਪ੍ਰਭੂ ਯਿਸੂ ਮਸੀਹ ਦਾ ਸਾਡੇ ਲਈ

ਕੀ ਮਨੋਰਥ ਸੀ ਜਦੋਂ ਉਹਨਾਂ ਨੇ ਸਾਨੂੰ ਆਪਣੇ ਨਾਮ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਸੀ।

## ਜਾਣੋ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਤੁਹਾਡੇ ਕੋਲ ਜੋ ਕੁਝ ਹੈ ਉਸ ਨਾਲ ਕੰਮ ਕਰੋ

**ਰਸੂਲਾਂ ਦੇ ਕਰਤੱਬ 3:6,7**

**6 ਪਰ ਪਤਰਸ ਨੇ ਕਿਹਾ, "ਸੋਨਾ ਅਤੇ ਚਾਂਦੀ ਤਾਂ ਮੇਰੇ ਕੋਲ ਹੈ ਨਹੀਂ, ਪਰ ਜੋ ਮੇਰੇ ਕੋਲ ਹੈ ਉਹ ਮੈਂ ਤੈਨੂੰ ਦਿੰਦਾ ਹਾਂ; ਯਿਸੂ ਮਸੀਹ ਨਾਸਰੀ ਦੇ ਨਾਮ ਵਿੱਚ ਉੱਠ ਅਤੇ ਚੱਲ-ਫਿਰਪਰ ਪਤਰਸ ਨੇ ਆਖਿਆ, ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹੈ। ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ!"**

**7 ਤਾਂ ਉਸ ਨੇ ਉਹ ਦਾ ਸੱਜਾ ਹੱਥ ਫੜ ਕੇ ਉਹ ਨੂੰ ਉਠਾਲਿਆ। ਓਸੇ ਵੇਲੇ ਉਹ ਦੇ ਪੈਰ ਅਰ ਗਿੱਟੇ ਤਕੜੇ ਹੋ ਗਏ।**

ਪਤਰਸ ਨੇ ਕਿਹਾ, *"ਜੋ ਮੇਰੇ ਕੋਲ ਹੈ ਉਹ ਮੈਂ ਤੈਨੂੰ ਦਿੰਦਾ ਹਾਂ!"* ਪਤਰਸ ਜਾਣਦਾ ਸੀ ਕਿ ਉਸ ਕੋਲ ਕੁਝ ਹੈ। ਉਹ ਜਾਣਦਾ ਸੀ ਕਿ ਉਸ ਕੋਲ ਯਿਸੂ ਮਸੀਹ ਨਾਸਰੀ ਦਾ ਨਾਮ ਹੈ। ਪਤਰਸ ਜਾਣਦਾ ਸੀ ਕਿ ਉਸ ਨੂੰ ਉਸ ਨਾਮ ਵਿੱਚ ਜੋ ਕੁਝ ਸੀ ਉਸ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਉਹ ਜਾਣਦਾ ਸੀ ਕਿ ਇਸ ਨਾਮ ਵਿੱਚ ਚੰਗਿਆਈ ਹੈ। ਉਹ ਜਾਣਦਾ ਸੀ ਕਿ 40 ਸਾਲਾਂ ਦੇ ਇਸ ਜਮਾਂਦਰੂ ਲੰਗੜੇ ਆਦਮੀ ਨੂੰ ਚੰਗਾ ਕਰਨ ਲਈ ਉਸ ਨਾਮ ਵਿੱਚ ਸਮਰੱਥਾ ਹੈ। ਅਤੇ ਉਸ ਦਿਨ, ਪਤਰਸ ਜਾਣਦਾ ਸੀ ਕਿ ਪ੍ਰਭੂ ਚਾਹੁੰਦਾ ਹਨ ਕਿ ਉਹ ਇਸ ਲੰਗੜੇ ਆਦਮੀ ਦੀ ਸੇਵਾ ਕਰੇ ਅਤੇ ਉਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜੋ ਕੁਝ ਹੈ ਉਹ ਦੇਵੇ।

ਫਿਰ ਵੀ, ਪਤਰਸ ਨੂੰ ਕੁਝ ਕਰਨਾ ਪਿਆ ਸੀ। ਉਸ ਨੂੰ ਬੋਲਣਾ ਪਿਆ ਅਤੇ ਉਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੰਮ ਕਰਨਾ ਪਿਆ ਸੀ। ਨਹੀਂ ਤਾਂ, ਉਹ ਨਾਮ ਜੋ ਪਤਰਸ ਕੋਲ ਸੀ ਅਤੇ ਜੋ ਕੁਝ ਉਸ ਨਾਮ ਵਿੱਚ ਸੀ, ਇਸ ਲੰਗੜੇ ਆਦਮੀ ਲਈ ਕੋਈ ਮਹੱਤਵ ਨਹੀਂ ਰੱਖਣਾ ਸੀ। ਇਸ ਲਈ, ਪਤਰਸ ਦਲੇਰੀ ਨਾਲ ਅੱਗੇ ਵਧਿਆ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬੋਲ ਕੇ ਉਸ ਲੰਗੜੇ ਆਦਮੀ ਨੂੰ ਹੁਕਮ ਦਿੱਤਾ ਜੋ ਕਦੇ ਵੀ ਉੱਠ ਕੇ ਤੁਰਿਆ ਨਹੀਂ ਸੀ। ਉਸ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦਲੇਰੀ ਨਾਲ ਕੰਮ ਕੀਤਾ ਅਤੇ ਉਸ ਆਦਮੀ ਨੂੰ ਉਠਾ ਕੇ ਖੜ੍ਹਾ ਕੀਤਾ। ਉਹ ਨਾਮ ਅਸਫਲ ਨਹੀਂ ਹੋਇਆ। ਉਸ ਨਾਮ ਦੀ ਸਮਰੱਥਾ ਨੇ ਇਸ ਆਦਮੀ ਨੂੰ ਚੰਗਾ ਕਰ ਦਿੱਤਾ ਸੀ।

**ਰਸੂਲਾਂ ਦੇ ਕਰਤੱਬ 4:7,10**
**7ਤਾਂ ਓਹਨਾਂ ਨੂੰ ਵਿਚਾਲੇ ਖੜਾ ਕਰ ਕੇ ਪੁੱਛਿਆ, ਤੁਸਾਂ ਕਿਹੜੀ ਸ਼ਕਤੀ ਯਾ ਕਿਹੜੇ ਨਾਮ ਨਾਲ ਇਹ ਕੀਤਾ?**
**10"ਤਾਂ ਤੁਸਾਂ ਸਭਨਾਂ ਨੂੰ ਅਤੇ ਇਸਰਾਏਲ ਦਿਆਂ ਸਾਰਿਆਂ ਲੋਕਾਂ ਨੂੰ ਮਲੂਮ ਹੋਵੇ ਕਿ ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਜਿਹ ਨੂੰ ਤੁਸਾਂ ਸਲੀਬ ਉੱਤੇ ਚੜ੍ਹਾਇਆ ਅਤੇ ਜਿਹ ਨੂੰ ਪਰਮੇਸ਼ਰ ਨੇ ਮੁਰਦਿਆਂ ਵਿੱਚੋਂ ਜਿਵਾਲਿਆ ਉੱਸੇ ਤੋਂ ਇਹ ਮਨੁੱਖ ਤੁਹਾਡੇ ਸਾਹਮਣੇ ਚੰਗਾ ਭਲਾ ਖੜਾ ਹੈ"।**

ਇਹ ਧਿਆਨ ਨਾਲ ਸੋਚਣ ਵਾਲੀ ਦਿਲਚਸਪ ਗੱਲ ਹੈ, ਕਿ ਕਿਸ ਤਰ੍ਹਾਂ ਪਤਰਸ ਅਤੇ ਯੂਹੰਨਾ ਨੂੰ ਧਾਰਮਿਕ ਆਗੂਆਂ ਨੇ ਲੰਗੜੇ ਆਦਮੀ ਦੀ ਚਮਤਕਾਰੀ ਚੰਗਿਆਈ ਬਾਰੇ ਪ੍ਰਸ਼ਨ ਕੀਤੇ ਸਨ। ਉਹਨਾਂ ਨੂੰ ਪੁੱਛਿਆ ਗਿਆ ਸੀ ਕਿ ਤੁਸੀਂ ਇਹ ਕਿਹੜੀ ਸਮਰੱਥਾ ਜਾਂ *"ਕਿਹੜੇ ਨਾਮ"* ਨਾਲ ਕੀਤਾ ਹੈ? "ਸਮਰੱਥਾ" ਲਈ ਯੂਨਾਨੀ ਸ਼ਬਦ *'ਡੁਨਾਮਿਸ'* ਹੈ ਅਤੇ ਅਲੌਕਿਕ ਸਮਰੱਥਾ ਦੇ ਵਰਣਨ ਲਈ ਵਰਤਿਆ ਜਾਂਦਾ ਹੈ। ਇਹ ਉਹ ਹੀ ਸ਼ਬਦ ਹੈ ਜੋ ਪਵਿੱਤਰ ਆਤਮਾ ਦੀ ਸਮਰੱਥਾ ਦੇ ਵਰਣਨ ਲਈ ਵਰਤਿਆ ਜਾਂਦਾ ਹੈ (ਰਸੂਲਾਂ ਦੇ ਕਰਤੱਬ 1:8)। *"ਕਿਹੜੇ ਨਾਮ ਨਾਲ"* ਇਹ ਪੁੱਛਣ ਦਾ ਇੱਕ ਹੋਰ ਤਰੀਕਾ ਹੈ, "ਕਿਸ ਦੇ ਅਧਿਕਾਰ ਦੁਆਰਾ?" ਜਾਂ "ਜਦੋਂ ਤੁਸੀਂ ਇਹ ਕਰ ਰਹੇ ਹੋ ਤਾਂ ਤੁਸੀਂ ਕਿਸ ਨੂੰ ਪੇਸ਼ ਕਰ ਰਹੇ ਹੋ?" ਪਤਰਸ ਨੇ ਬਹੁਤ ਸਪਸ਼ਟ ਉੱਤਰ ਦਿੱਤਾ ਸੀ। ਸਮਰੱਥਾ ਅਤੇ ਅਧਿਕਾਰ *"ਪ੍ਰਭੂ ਯਿਸੂ ਮਸੀਹ ਨਾਸਰੀ ਦੇ ਨਾਮ ਰਾਹੀਂ"* ਆਇਆ ਹੈ। ਸਾਨੂੰ ਉਸ ਸਮਰੱਥਾ ਅਤੇ ਅਧਿਕਾਰ ਦਾ ਪਤਾ ਹੋਣਾ ਚਾਹੀਦਾ ਹੈ ਜੋ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਪਤ ਹੋਇਆ ਹੈ। ਪਰਮੇਸ਼ਰ ਦੀ ਸਮਰੱਥਾ ਅਤੇ ਅਧਿਕਾਰ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦਲੇਰੀ ਨਾਲ ਉਹ ਕੰਮ ਕਰਨ ਲਈ ਅੱਗੇ ਵੱਧਦੇ ਹਾਂ ਜੋ ਪ੍ਰਭੂ ਯਿਸੂ ਮਸੀਹ ਸਾਡੇ ਤੋਂ ਕਰਵਾਉਣਾ ਚਾਹੁੰਦੇ ਹਨ।

ਪਰਮੇਸ਼ਰ ਦੀ ਸਮਰੱਥਾ ਅਤੇ ਅਧਿਕਾਰ ਨੂੰ ਪ੍ਰਦਾਨ ਕੀਤਾ ਜਾਂਦਾ ਹੈ
ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਦਲੇਰੀ ਨਾਲ ਉਹ ਕੰਮ ਕਰਨ ਲਈ ਅੱਗੇ ਵੱਧਦੇ ਹਾਂ
ਜੋ ਪ੍ਰਭੂ ਯਿਸੂ ਮਸੀਹ ਸਾਡੇ ਤੋਂ ਕਰਵਾਉਣਾ ਚਾਹੁੰਦੇ ਹਨ।

## ਜਾਣੋ ਕਿ ਤੁਸੀਂ ਮਸੀਹ ਵਿੱਚ ਕੌਣ ਹੋ

ਸਾਨੂੰ ਸੌਂਪੇ ਗਏ ਅਧਿਕਾਰ ਦੀ ਵਰਤੋਂ ਕਰਨ ਵਿੱਚ ਭਰੋਸੇ ਨੂੰ ਵਿਕਸਿਤ ਕਰਨ ਦਾ ਇੱਕ ਬਹੁਤ ਮਹੱਤਵਪੂਰਨ ਹਿੱਸਾ ਇਹ ਹੈ ਕਿ ਅਸੀਂ ਮਸੀਹ ਵਿੱਚ ਆਪਣੀ ਪਛਾਣ ਨੂੰ ਜਾਣੀਏ। ਦੁਸ਼ਟ ਆਤਮਾਵਾਂ, ਰੋਗਾਂ, ਹਾਲਾਤ ਅਤੇ ਪਰਸਥਿਤੀਆਂ ਉੱਤੇ ਹਕੂਮਤ ਕਰਨ ਲਈ ਆਤਮਿਕ ਅਧਿਕਾਰ ਦੀ ਵਰਤੋਂ ਕਰਨ ਦੀ ਸਾਡੀ ਯੋਗਤਾ ਦਾ ਸਬੰਧ ਬਹੁਤ ਕਰੀਬ ਤੋਂ ਮਸੀਹ ਵਿੱਚ ਸਾਡੀ ਆਤਮਿਕ ਪਛਾਣ ਦੀ ਸਾਡੀ ਸਮਝ ਨਾਲ ਜੁੜਿਆ ਹੋਇਆ ਹੈ। ਹੋਰ ਸਾਰੀਆਂ ਗੱਲਾਂ ਵਿੱਚੋਂ ਜਿਹੜੀਆਂ ਸਾਡੇ ਕੋਲ ਮਸੀਹ ਵਿੱਚ ਹਨ, ਸਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਅਸੀਂ ਪਰਮੇਸ਼ਰ ਦੇ ਬੱਚਿਆ ਵਜੋਂ *"ਪਰਮੇਸ਼ਰ ਦੇ ਵਾਰਸ ਅਤੇ ਮਸੀਹ ਦੇ ਨਾਲ ਸੰਗੀ ਵਾਰਸ"* (ਰੋਮੀਆਂ 8:17) ਬਣਾਏ ਗਏ ਹਾਂ। ਪਰਮੇਸ਼ਰ ਨੇ *"ਸਾਨੂੰ ਮਸੀਹ ਯਿਸੂ ਵਿੱਚ ਸਵਰਗੀ ਥਾਵਾਂ ਉੱਤੇ ਉਸ ਦੇ ਨਾਲ ਬਿਠਾਇਆ ਹੈ"* (ਅਫ਼ਸੀਆਂ 2:6)। ਪਰਮੇਸ਼ਰ ਦੀ ਭਰਪੂਰ ਕਿਰਪਾ ਅਤੇ ਮਸੀਹ ਵਿੱਚ ਨੇਕੀ ਦੀ ਦਾਤ ਦੇ ਪ੍ਰਾਪਤ ਕਰਤਾਵਾਂ ਦੇ ਵਜੋਂ, ਸਾਨੂੰ ਇਸ ਜੀਵਨ ਵਿੱਚ ਰਾਜ ਕਰਨ, ਸ਼ਾਸਨ ਕਰਨ ਅਤੇ ਹਕੂਮਤ ਕਰਨ ਦਾ ਅਹੁਦਾ ਦਿੱਤਾ ਗਿਆ ਹੈ (ਰੋਮੀਆਂ 5:17)। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੰਮ ਕਰਦੇ ਹਾਂ, ਅਸੀਂ ਸਾਰੇ ਖੇਤਰਾਂ ਵਿੱਚ ਸਭ ਤੋਂ ਉੱਚੇ ਸਿੰਘਾਸਣ ਉੱਤੇ ਪਿਤਾ ਦੇ ਸੱਜੇ ਹੱਥ ਪ੍ਰਭੂ ਯਿਸੂ ਮਸੀਹ ਦੇ ਨਾਲ ਬਿਰਾਜਮਾਨ ਹੋਣ ਦੇ ਅਹੁਦੇ ਤੋਂ ਕੰਮ ਕਰ ਰਹੇ ਹੁੰਦੇ ਹਾਂ।

ਸਾਨੂੰ ਇਹਨਾਂ ਸਚਿਆਈਆਂ ਨੂੰ ਗਲੇ ਲਗਾਉਣਾ ਚਾਹੀਦਾ ਹੈ ਅਤੇ ਇਹਨਾਂ ਵਿੱਚ ਕੰਮ ਕਰਨਾ ਚਾਹੀਦਾ ਹੈ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਂਦੇ ਹਾਂ ਤਾਂ ਸਾਨੂੰ ਦਲੇਰ ਅਤੇ ਨਿਡਰ ਹੋਣਾ ਚਾਹੀਦਾ ਹੈ।

## ਇਸ ਕਿਤਾਬ ਦਾ ਬਾਕੀ

ਇਸ ਕਿਤਾਬ ਵਿੱਚ ਇਸ ਜਾਣਕਾਰੀ ਤੱਕ ਇਹ ਸਮਝਣ ਵਿੱਚ ਸਾਡੀ ਸਹਾਇਤਾ ਕਰਨ ਉੱਤੇ ਧਿਆਨ ਦਿੱਤਾ ਗਿਆ ਹੈ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਦੁਆਰਾ ਸਾਡੇ ਲਈ ਕੀ ਉਪਲੱਬਧ ਹੈ। ਅਸੀਂ ਇੱਕ ਮਜ਼ਬੂਤ ਆਤਮਿਕ ਨੀਂਹ ਸਥਾਪਤ ਕਰਨ ਵਿੱਚ ਬਹੁਤ ਸਮਾਂ ਬਤੀਤ ਕੀਤਾ ਹੈ, ਤਾਂ ਜੋ ਅਸੀਂ ਜਾਣ ਸਕੀਏ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦੇ ਵਿਸ਼ੇਸ਼ ਅਧਿਕਾਰ ਮਿਲਣ ਤੋਂ ਕੀ ਭਾਵ ਹੈ।

ਇਸ ਕਿਤਾਬ ਦਾ ਬਾਕੀ ਹਿੱਸਾ ਛੋਟੇ ਆਸਾਨੀ ਨਾਲ ਪੜ੍ਹੇ ਜਾਣ ਵਾਲੇ ਅਧਿਆਵਾਂ ਵਿੱਚ ਇਕੱਤਰਿਤ ਕੀਤਾ ਗਿਆ ਹੈ, ਜੋ ਕਿ ਨਵਾਂ ਨੇਮ ਤੋਂ ਸਿਖਾਉਂਦਾ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਿਸ ਤਰ੍ਹਾਂ ਕਰਦੇ ਹਾਂ। ਆਓ ਅਸੀਂ ਆਪਣੇ ਜੀਵਨ ਦੇ ਸਾਰੇ ਖ਼ਾਸ ਪੱਖਾਂ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰੀਏ ਜਿਸ ਤਰ੍ਹਾਂ ਕਿ ਸਾਡੇ ਲਈ ਨਵੇਂ ਨੇਮ ਵਿੱਚ ਪੇਸ਼ ਕੀਤਾ ਗਿਆ ਹੈ।

## ਸਮੀਖਿਆ

1) ਕੁਝ ਰੁਕਾਵਟ ਪਾਉਣ ਵਾਲੇ ਕਾਰਕਾਂ ਦੀ ਪਛਾਣ ਕਰੋ – ਉਹ ਗੱਲਾਂ ਜੋ ਤੁਹਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦਲੇਰੀ ਨਾਲ ਜਾਣ ਵਿੱਚ ਪਿੱਛੇ ਨੂੰ ਧੱਕਦੀਆਂ ਹਨ – ਤੁਹਾਡੀ ਨਿੱਜੀ ਜੀਵਨ ਵਿੱਚ ਜਾਂ ਹੋਰਨਾਂ ਦੀ ਸੇਵਾ ਕਰਦੇ ਸਮੇਂ।

# 10

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮਾਫ਼ੀ

**ਲੂਕਾ 24:47**
**"ਤੇ ਯਰੂਸ਼ਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿੱਚ ਉਹ ਦੇ ਨਾਮ ਉੱਤੇ ਤੋਬਾ ਅਰ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ।"**

**ਰਸੂਲਾਂ ਦੇ ਕਰਤੱਬ 10:43**
**"ਉਹ ਦੇ ਉੱਤੇ ਸਭ ਨਬੀ ਸਾਖੀ ਦਿੰਦੇ ਹਨ ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ।"**

**1 ਯੂਹੰਨਾ 2:12**
**ਹੇ ਬੱਚਿਓ, ਮੈਂ ਤੁਹਾਨੂੰ ਲਿਖਦਾ ਹਾਂ ਇਸ ਲਈ ਜੋ ਤੁਹਾਡੇ ਪਾਪ ਉਹ ਦੇ ਨਾਮ ਦੇ ਕਾਰਨ ਤੁਹਾਨੂੰ ਮਾਫ਼ ਕੀਤੇ ਹੋਏ ਹਨ।"**

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਪ ਮਾਫ਼ ਕੀਤੇ ਗਏ ਹਨ।

ਪਹਿਲਾਂ, ਨਿੱਜੀ ਪੱਧਰ ਉੱਤੇ, ਜਾਣੋ ਕਿ ਸਾਨੂੰ ਉਹਨਾਂ ਦੇ ਨਾਮ ਹਿਤ ਜਾਂ ਉਹਨਾਂ ਦੇ ਨਾਮ ਦੇ ਕਾਰਨ ਮਾਫ਼ ਕੀਤਾ ਗਿਆ ਹੈ। "ਯਿਸੂ" ਨਾਮ ਉਹ ਵਿਅਕਤੀ ਦਾ ਨਾਮ ਹੈ ਜਿਸ ਨੇ ਸਾਡੇ ਸਾਰੇ ਪਾਪਾਂ ਦੀ ਭਰਪਾਈ ਕੀਤੀ ਹੈ। ਉਹ ਸਭਨਾਂ ਦੇ ਪਾਪਾਂ ਲਈ ਇੱਕੋ ਹੀ ਵਾਰੀ, ਸੰਪੂਰਨ ਬਲੀਦਾਨ ਸਨ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਉਹਨਾਂ ਦੇ ਨਾਮ ਵਿੱਚ ਪਾਪਾਂ ਦੀ ਮਾਫ਼ੀ ਪ੍ਰਾਪਤ ਕਰਦੇ ਹਾਂ, ਤਾਂ ਸਾਨੂੰ ਆਪਣੇ ਪਾਪ ਮਾਫ਼ ਕਰਾਉਣ ਲਈ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ। ਸਾਡਾ ਵਿਸ਼ਵਾਸ ਇਸ ਵਿੱਚ ਹੈ ਕਿ ਪ੍ਰਭੂ ਯਿਸੂ ਮਸੀਹ ਨੇ ਜੋ ਕੁਝ ਕੀਤਾ ਹੈ, ਜੋ ਉਹ ਹਨ, ਅਤੇ ਉਹਨਾਂ ਦੇ ਨਾਮ ਵਿੱਚ ਉਹ ਸਭ ਕੁਝ ਹੈ ਜਿਸ ਦੀ ਸਾਨੂੰ ਲੋੜ ਹੈ।

ਇਹ ਬਹੁਤ ਸੌਖਾ ਹੈ ਅਤੇ ਤਾਂ ਵੀ ਇੰਨਾ ਦਿਲਚਸਪ ਹੈ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਪ ਮਾਫ਼ ਕੀਤੇ ਜਾਂਦੇ ਹਨ। ਵਿਸ਼ਵਾਸੀ ਹੁੰਦੇ ਹੋਏ, ਜੇਕਰ ਅਸੀਂ ਪਾਪ ਕਰਦੇ ਹਾਂ, ਅਤੇ ਅਸੀਂ ਇਕਰਾਰ ਕਰਦੇ ਹਾਂ, ਤਾਂ ਪ੍ਰਭੂ ਯਿਸੂ

ਮਸੀਹ ਦੇ ਨਾਮ ਵਿੱਚ ਮਾਫ਼ੀ ਪ੍ਰਾਪਤ ਕਰਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ, "ਹੇ ਪਿਤਾ, ਕਿਰਪਾ ਕਰਕੇ ਮੈਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮਾਫ਼ ਕਰੋ" ਤਾਂ ਅਸੀਂ ਉਹ ਦੇ ਨਾਮ ਵਿੱਚ ਬੇਨਤੀ ਕਰ ਰਹੇ ਹੁੰਦੇ ਹਾਂ ਜਿਸ ਨੇ ਸਾਡੇ ਪਾਪਾਂ ਦੀ ਕੀਮਤ ਦਾ ਭੁਗਤਾਨ ਪਹਿਲਾਂ ਹੀ ਕਰ ਦਿੱਤਾ ਹੈ। ਜਦੋਂ ਕਿ ਤੋਬਾ ਕਰਨਾ ਮਹੱਤਵਪੂਰਨ ਹੈ, ਪਰ ਪਰਮੇਸ਼ਰ ਸਾਨੂੰ ਸਾਡੇ ਹੰਝੂਆਂ, ਗ਼ਮ, ਦੋਸ਼ ਜਾਂ ਤੋਬਾ ਦੇ ਕਾਰਨ ਨਹੀਂ ਇਸ ਦੇ ਇਲਾਵਾ ਉਸ ਦੇ ਕਾਰਨ ਮਾਫ਼ ਕਰਦਾ ਹੈ ਜਿਸ ਦੇ ਨਾਮ ਵਿੱਚ ਅਸੀਂ ਮਾਫ਼ੀ ਮੰਗੀ ਹੈ। ਪ੍ਰਭੂ ਯਿਸੂ ਮਸੀਹ ਜਿਹਨਾਂ ਨੇ ਸਾਡੇ ਸਾਰੇ ਪਾਪਾਂ ਦਾ ਭੁਗਤਾਨ ਕੀਤਾ ਉਹ ਸਾਡੇ ਬਦਲੇ ਪਿਤਾ ਦੀ ਹਜ਼ੂਰੀ ਵਿੱਚ ਉੱਥੇ ਖੜ੍ਹੇ ਹਨ (1 ਯੂਹੰਨਾ 2:1,2)। *"ਜੇਕਰ ਅਸੀਂ ਪਰਮੇਸ਼ਰ ਦੇ ਸਾਹਮਣੇ ਆਪਣੇ ਪਾਪਾਂ ਦਾ ਇਕਰਾਰ ਕਰਦੇ ਹਾਂ ਤਾਂ ਉਹ ਸਾਡੇ ਪਾਪ ਮਾਫ਼ ਕਰਨ ਅਤੇ ਸਾਨੂੰ ਸਾਡੀ ਸਾਰੀ ਦੁਸ਼ਟਤਾ ਤੋਂ ਸ਼ੁੱਧ ਕਰਨ ਦੇ ਲਈ ਵਫ਼ਾਦਾਰ ਅਤੇ ਨਿਆਂਕਾਰੀ ਹਨ"* (1 ਯੂਹੰਨਾ 1:9)। ਕਿਉਂਕਿ *"......ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ"* (1 ਯੂਹੰਨਾ 1:7)।

ਦੂਜਾ, ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਤੋਬਾ ਅਤੇ ਪਾਪਾਂ ਦੀ ਮਾਫ਼ੀ ਬਾਰੇ ਪ੍ਰਚਾਰ ਕਰਨਾ (ਸਾਂਝਾ ਕਰਨਾ, ਹੋਰਨਾਂ ਨੂੰ ਦੱਸਣਾ) ਹੈ। ਜਦੋਂ ਅਸੀਂ ਖੁਸ਼ਖ਼ਬਰੀ ਪੇਸ਼ ਕਰਦੇ ਹਾਂ, ਅਸੀਂ ਹੋਰਾਂ ਨੂੰ ਦੱਸਦੇ ਹਾਂ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸ ਕਰਕੇ ਅਤੇ ਜੋ ਪ੍ਰਭੂ ਯਿਸੂ ਮਸੀਹ ਨੇ ਸਲੀਬ ਉੱਤੇ ਉਹਨਾਂ ਲਈ ਕੀਤਾ ਹੈ ਇਸ ਉੱਤੇ ਵਿਸ਼ਵਾਸ ਕਰਨ ਦੁਆਰਾ ਉਹਨਾਂ ਦੇ ਪਾਪ ਮਾਫ਼ ਹੋ ਸਕਦੇ ਹਨ। ਸਾਨੂੰ ਉਹਨਾਂ ਅੱਗੇ ਸਾਡੀ ਸਥਾਨਕ ਕਲੀਸਿਯਾ ਵਿੱਚ ਸ਼ਾਮਲ ਹੋਣ ਅਜਿਹੀ ਕੋਈ ਸ਼ਰਤ ਨਹੀਂ ਰੱਖਣੀ ਚਾਹੀਦੀ ਜਾਂ ਕੁਝ ਹੋਰ ਕਰਨਾ ਜੋ ਪ੍ਰਤੀਤ ਕਰਵਾਏ ਕਿ ਉਹ ਆਪਣੀ ਮਾਫ਼ੀ ਪਾਉਣ ਲਈ ਮਾਫ਼ੀ ਨੂੰ ਖਰੀਦਣ। ਜਿਹੜਾ ਕੋਈ ਵੀ, ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਦੁਆਰਾ ਮਾਫ਼ੀ ਪ੍ਰਾਪਤ ਕਰਦਾ ਹੈ।

(**ਸਮੀਖਿਆ** ਅਧਿਆਇ 14 ਤੋਂ ਬਾਅਦ ਦਿੱਤੀ ਗਈ ਹੈ।)

# 11

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੁਕਤੀ

**ਮੱਤੀ 1:21**
**"ਉਹ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।"**

ਅਸੀਂ ਅਧਿਆਇ 1 ਵਿੱਚ ਦੇਖਿਆ ਹੈ ਕਿ "ਯਿਸੂ" ਨਾਮ ਦਾ ਅਰਥ "ਮੁਕਤੀਦਾਤਾ" ਹੈ ਜਾਂ "ਪਰਮੇਸ਼ਰ ਜੋ ਮੁਕਤੀ ਹੈ।" ਅਸੀਂ ਇਹ ਵੀ ਸਮਝਾਇਆ ਹੈ ਕਿ ਨਵੇਂ ਨੇਮ ਵਿੱਚ, "ਮੁਕਤੀ" ਇੱਕ ਵਿਆਪਕ ਸ਼ਬਦ *'ਸੋਜ਼ੋ'* ਹੈ, ਜਿਸ ਵਿੱਚ ਸਦੀਪਕ ਮੁਕਤੀ, ਪਾਪਾਂ ਦੀ ਮਾਫ਼ੀ, ਪਾਪ ਉੱਤੇ ਜਿੱਤ, ਬਿਮਾਰੀ ਤੋਂ ਚੰਗਾ ਕਰਨਾ, ਸੰਘਰਸ਼ ਵਿੱਚ ਜਿੱਤ, ਵੈਰੀ ਦੇ ਹਰ ਕੰਮ ਤੋਂ ਛੁਟਕਾਰਾ, ਹਾਨੀ ਤੋਂ ਬਚਾਅ, ਖ਼ਤਰੇ ਤੋਂ ਬਚਾਅ ਅਤੇ ਪੂਰੀ ਸੰਪੂਰਨਤਾ ਸ਼ਾਮਲ ਹੈ। ਇਸ ਦਾ ਅਰਥ ਹੈ "ਬਚਾਇਆ ਜਾਣਾ, ਚੰਗਿਆਈ ਪਾਉਣਾ, ਛੁਟਕਾਰਾ ਪਾਉਣਾ, ਜੇਤੂ ਬਣ ਜਾਣਾ, ਰਿਹਾਈ ਹੋਣੀ, ਸੁਰੱਖਿਅਤ ਕਰਨਾ ਅਤੇ ਸਮੁੱਚਾ ਬਣ ਜਾਣਾ"। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੁਕਤੀ ਹੈ।

**ਰਸੂਲਾਂ ਦੇ ਕਰਤੱਬ 4:12**
**"ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।"**

ਬਾਈਬਲ ਇਸ ਬਾਰੇ ਬਹੁਤ ਤਾਕੀਦ ਕਰਦੀ ਹੈ – ਕੇਵਲ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਹੀ ਮੁਕਤੀ ਹੈ। ਇਸ ਲਈ ਸਾਨੂੰ ਪ੍ਰਭੂ ਯਿਸੂ ਮਸੀਹ ਨੂੰ ਸਾਂਝਾ ਕਰਨਾ ਚਾਹੀਦਾ ਹੈ, ਤਾਂ ਜੋ ਲੋਕ ਉਹਨਾਂ ਨੂੰ ਜਾਣਨ ਅਤੇ ਉਹਨਾਂ ਦੇ ਨਾਮ ਨੂੰ ਪੁਕਾਰ ਸਕਣ।

**ਰੋਮੀਆਂ 10:13**
**ਕਿਉਂ ਜੋ ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ।"**

ਖੁਸ਼ਖ਼ਬਰੀ ਵਾਲੀ ਗੱਲ ਇਹ ਹੈ ਕਿ ਕੋਈ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ

ਨੂੰ ਪੁਕਾਰ ਸਕਦਾ ਹੈ ਅਤੇ ਬਚਾਇਆ ਜਾ ਸਕਦਾ ਹੈ।

ਯਾਦ ਰੱਖੋ ਕਿ ਮੁਕਤੀ ਵਿੱਚ ਕੇਵਲ ਪਾਪਾਂ ਦੀ ਮਾਫ਼ੀ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਜ਼ਿਆਦਾ ਸ਼ਾਮਲ ਹੈ। ਵਿਸ਼ਵਾਸੀ ਵਜੋਂ, ਅਸੀਂ ਚੰਗਿਆਈ, ਛੁਟਕਾਰੇ, ਬਚਾਅ, ਅਤੇ ਸੁਰੱਖਿਆ ਲਈ ਪ੍ਰਭੂ ਦੇ ਨਾਮ ਨੂੰ ਪੁਕਾਰ ਸਕਦੇ ਹਾਂ – ਉਹ ਸਭ ਕੁਝ ਉਸ ਨਾਮ ਵਿੱਚ ਹੈ – ਅਤੇ ਪਵਿੱਤਰ-ਗ੍ਰੰਥ ਵਰਣਨ ਕਰਦਾ ਹੈ ਕਿ ਅਸੀਂ ਬਚਾਏ ਜਾਵਾਂਗੇ। ਯਾਦ ਰੱਖੋ, ਮੁਕਤੀ ਉਸ ਨਾਮ ਵਿੱਚ ਹੈ। ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਦੇ ਨਾਲ ਉਸ ਨਾਮ ਨੂੰ ਦਲੇਰੀ ਨਾਲ ਪੁਕਾਰ ਸਕਦੇ ਹਾਂ, ਉੱਲੇਖ ਕਰ ਸਕਦੇ ਹਾਂ, ਘੋਸ਼ਣਾ ਕਰ ਸਕਦੇ ਹਾਂ, ਅਤੇ ਅਸੀਂ ਬਚਾਏ ਜਾਵਾਂਗੇ।

(**ਸਮੀਖਿਆ** ਅਧਿਆਇ 14 ਤੋਂ ਬਾਅਦ ਦਿੱਤੀ ਗਈ ਹੈ।)

# 12

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਦੀਪਕ ਜੀਵਨ

**ਯੂਹੰਨਾ 1:12**
**"ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।"**

**ਯੂਹੰਨਾ 3:18**
**"ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ਰ ਦੇ ਇਕਲੌਤੇ ਪੁੱਤ੍ਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ।"**

**ਯੂਹੰਨਾ 20:30,31**
**30 ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿੱਚ ਨਹੀਂ ਲਿਖੇ ਗਏ।**
**31 ਪਰ ਏਹ ਇਸ ਲਈ ਲਿਖੇ ਗਏ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ਰ ਦਾ ਪੁੱਤ੍ਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ।**

**1 ਯੂਹੰਨਾ 5:13**
**ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ਰ ਦੇ ਪੁੱਤ੍ਰ ਦੇ ਨਾਮ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ, ਅਤੇ ਤੁਸੀਂ ਪਰਮੇਸ਼ਰ ਦੇ ਪੁੱਤਰ ਦੇ ਨਾਮ ਵਿੱਚ ਲਗਾਤਾਰ ਵਿਸ਼ਵਾਸ ਰੱਖ ਸਕੋ।**

ਜੋ ਪ੍ਰਭੂ ਯਿਸੂ ਮਸੀਹ ਨੇ ਆਪਣੇ ਬਾਰੇ ਆਖਿਆ ਹੈ ਜਦੋਂ ਅਸੀਂ ਇਸ ਉੱਤੇ ਵਿਸ਼ਵਾਸ ਕਰ ਲੈਂਦੇ ਹਾਂ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਨੂੰ ਗਲ ਲਗਾਉਂਦੇ ਹਾਂ, ਤਾਂ ਪਰਮੇਸ਼ਰ ਦੇ ਪਰਿਵਾਰ ਵਿੱਚ ਪਰਮੇਸ਼ਰ ਦੇ ਪੁੱਤਰਾਂ ਧੀਆਂ ਵਜੋਂ ਦੁਬਾਰਾ ਜਨਮ ਲੈਂਦੇ ਹਾਂ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸ ਕਰਦੇ ਹਾਂ, ਤਾਂ ਸਾਡੇ ਕੋਲ ਇੱਥੇ ਅਤੇ ਹੁਣੇ ਸਦੀਪਕ ਜੀਵਨ ਹੈ। ਅਸੀਂ ਜਾਣ ਸਕਦੇ ਹਾਂ, ਨਿਸ਼ਚਿਤ ਹੋ ਸਕਦੇ ਹਾਂ, ਅਤੇ ਭਰੋਸਾ ਰੱਖ ਸਕਦੇ ਹਾਂ ਕਿ ਸਾਡੇ ਕੋਲ ਸਦੀਪਕ ਜੀਵਨ ਹੈ। ਅਤੇ ਇਹ ਉਹ ਹੀ ਗੱਲ ਹੈ—ਜਿਸ ਦਾ ਪਰਮੇਸ਼ਰ ਸਾਨੂੰ ਆਪਣੇ

ਪੁੱਤਰ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸ ਕਰਨ ਦਾ ਹੁਕਮ ਦਿੰਦਾ ਹੈ (1 ਯੂਹੰਨਾ 3:23)।

"ਯਿਸੂ" ਨਾਮ ਸਾਡੇ ਲਈ ਸਦੀਪਕ ਜੀਵਨ ਪ੍ਰਦਾਨ ਕਰਦਾ ਹੈ, ਪਰਮੇਸ਼ਰ ਦਾ ਜੀਵਨ, (ਯੂਨਾਨੀ ਜ਼ੋਏ) ਪਰਮੇਸ਼ਰ ਦੇ ਤਰੀਕੇ ਦਾ ਜੀਵਨ। ਪ੍ਰਭੂ ਯਿਸੂ ਮਸੀਹ ਸਾਨੂੰ ਭਰਪੂਰੀ ਨਾਲ ਸਦੀਪਕ ਜੀਵਨ ਦੇਣ ਲਈ ਆਏ ਸਨ। ਇਹ ਜੀਵਨ ਸਾਨੂੰ ਚਾਨਣ ਨਾਲ ਭਰ ਦਿੰਦਾ ਹੈ ਅਤੇ ਸਾਡੇ ਜੀਵਨ ਵਿੱਚੋਂ ਹਨੇਰੇ ਨੂੰ ਦੂਰ ਕਰਦਾ ਹੈ (ਯੂਹੰਨਾ 1:4,5)। "ਯਿਸੂ" ਨਾਮ ਦਾ ਉੱਲੇਖ, ਪ੍ਰਭੂ ਯਿਸੂ ਮਸੀਹ, ਜੀਵਨ, ਨੂੰ ਦ੍ਰਿਸ਼ ਵਿੱਚ ਲਿਆਉਂਦਾ ਹੈ। ਜਿੱਥੇ ਪ੍ਰਭੂ ਯਿਸੂ ਮਸੀਹ ਦਾ ਜੀਵਨ ਹੈ, ਉੱਥੇ ਜੋ ਕੁਝ ਮੌਤ ਦਾ ਹੁੰਦਾ ਹੈ ਉਹ ਸਭ ਦੂਰ ਹੋ ਜਾਂਦਾ ਹੈ। ਜਿੱਥੇ ਪ੍ਰਭੂ ਯਿਸੂ ਮਸੀਹ ਦਾ ਜੀਵਨ ਹੈ, ਉੱਥੇ ਜੋ ਕੁਝ ਹਨੇਰੇ ਦਾ ਹੁੰਦਾ ਹੈ ਉਹ ਸਭ ਦੂਰ ਹੋ ਜਾਂਦਾ ਹੈ। ਪ੍ਰਭੂ ਯਿਸੂ ਮਸੀਹ ਦੇ ਨਾਮ ਨੂੰ ਬੋਲੋ, ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਘੋਸ਼ਣਾ ਕਰੋ, ਪ੍ਰਭੂ ਯਿਸੂ ਮਸੀਹ ਦੇ ਨਾਮ ਨੂੰ ਗਾਓ, ਅਤੇ ਮੌਤ ਅਤੇ ਹਨੇਰੇ ਨੂੰ ਦੂਰ ਹੁੰਦੇ ਦੇਖੋ ਕਿਉਂਕਿ ਪ੍ਰਭੂ ਯਿਸੂ ਮਸੀਹ ਦਾ ਨਾਮ ਜੀਵਨ ਅਤੇ ਚਾਨਣ ਹੈ, ਪਰਮੇਸ਼ਰ ਦਾ ਜੀਵਨ ਅਤੇ ਪਰਮੇਸ਼ਰ ਦਾ ਚਾਨਣ।

(**ਸਮੀਖਿਆ** ਅਧਿਆਇ 14 ਤੋਂ ਬਾਅਦ ਦਿੱਤੀ ਗਈ ਹੈ।)

# 13

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੋਤੇ ਗਏ, ਪਵਿੱਤਰ ਕੀਤੇ ਗਏ, ਅਤੇ ਧਰਮੀ ਠਹਿਰਾਏ ਗਏ

**1 ਕੁਰਿੰਥੀਆਂ 6:9-11**

**[9] ਅਥਵਾ ਤੁਸੀਂ ਨਹੀਂ ਜਾਣਦੇ ਜੋ ਕੁਧਰਮੀ ਲੋਕ ਪਰਮੇਸ਼ਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ? ਧੋਖਾ ਨਾ ਖਾਉ, ਨਾ ਹਰਾਮਕਾਰ, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ ਜਨਾਨੜੇ, ਨਾ ਮੁੰਡੇਬਾਜ,**

**[10] ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲ੍ਹਾਂ ਕੱਢਣ ਵਾਲੇ, ਨਾ ਲੁਟੇਰੇ ਪਰਮੇਸ਼ਰ ਦੇ ਰਾਜ ਦੇ ਅਧਿਕਾਰੀ ਹੋਣਗੇ**

**[11] ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਜੇਹੇ ਸਨ ਪਰ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ।**

**ਰਸੂਲਾਂ ਦੇ ਕਰਤੱਬ 22:16**

**ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ।**

ਕੁਰਿੰਥੁਸ ਦੇ ਵਿਸ਼ਵਾਸੀਆਂ ਦੀ ਤਰ੍ਹਾਂ, ਸਾਡੇ ਸਾਰਿਆਂ ਕੋਲ ਸਾਡੇ ਬੀਤੇ ਸਮੇਂ ਦੇ ਕੰਮ ਹਨ ਜਿਹੜੇ ਪਰਮੇਸ਼ਰ ਨੂੰ ਪ੍ਰਸੰਨ ਨਹੀਂ ਕਰਦੇ ਹਨ। ਅਨੋਖੀ ਖ਼ਬਰ ਇਹ ਹੈ, ਕਿ ਅਸੀਂ ਹੁਣ ਪ੍ਰਭੂ ਯਿਸੂ ਮਸੀਹ ਦੇ ਨਾਮ ਅਤੇ ਸਾਡੇ ਪਰਮੇਸ਼ਰ ਦੇ ਆਤਮਾ ਤੋਂ ਧੋਤੇ ਗਏ, ਪਵਿੱਤਰ ਅਤੇ ਧਰਮੀ ਠਹਿਰਾਏ ਗਏ ਹਾਂ।

"ਧੋਤਾ ਗਿਆ" (ਯੂਨਾਨੀ *ਅਪੋਲੂਓ*) ਸ਼ਬਦ "ਧੋਣ ਲਈ, ਸਮੁੱਚੇ ਮਨੁੱਖ ਨੂੰ ਧੋਣ ਲਈ" ਹੈ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਾਂ, ਤਾਂ ਅਸੀਂ ਪਰਮੇਸ਼ਰ ਦੀ ਦਯਾ ਦੁਆਰਾ ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਸਾਡੇ ਪਾਪਾਂ ਤੋਂ ਧੋ ਦਿੱਤੇ ਜਾਂਦੇ ਹਾਂ। ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸ਼ੁੱਧ ਹਾਂ। ਸਾਡੇ ਪਾਪਾਂ ਦਾ ਕੋਈ ਵੀ ਦਾਗ ਸਾਡੇ ਉੱਤੇ ਨਜ਼ਰ ਨਹੀਂ ਆਉਂਦਾ ਹੈ।

"ਪਵਿੱਤਰ" (ਯੂਨਾਨੀ *ਹਾਅਗੀਆਜ਼ੋ*) ਸ਼ਬਦ ਦਾ ਅਰਥ ਹੈ "ਪਵਿੱਤਰ

ਕਰਨਾ, ਵੱਖਰਾ ਕਰਨਾ, ਅਰਪਿਤ ਕਰਨਾ, ਪਰਮੇਸ਼ਰ ਲਈ ਪਾਪ ਤੋਂ ਵੱਖ ਕਰਨਾ"। ਅਸੀਂ ਸੰਸਾਰ ਤੋਂ ਦੂਰ ਅਤੇ ਪਰਮੇਸ਼ਰ ਲਈ ਵੱਖਰੇ ਕੀਤੇ ਗਏ ਹਾਂ, ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਰਮੇਸ਼ਰ ਦੇ ਆਪਣੇ ਬਣਾਏ ਗਏ ਹਾਂ।

"ਧਰਮੀ ਠਹਿਰਾਏ ਗਏ" (ਯੂਨਾਨੀ *ਡਿਕਾਇਓ*) ਸ਼ਬਦ ਦਾ ਅਰਥ "ਧਰਮੀ ਜਾਂ ਨੇਕ, ਸਾਰੇ ਅਪਰਾਧ, ਸਾਰੀ ਸ਼ਰਮ, ਨਿਆਂ ਅਤੇ ਦੰਡ ਆਗਿਆ ਤੋਂ ਮੁਕਤ ਘੋਸ਼ਿਤ ਕਰਨਾ ਹੈ।" ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਵਿਸ਼ਵਾਸ ਦੁਆਰਾ ਪਰਮੇਸ਼ਰ ਦੀ ਕਿਰਪਾ ਨਾਲ ਮੁਫ਼ਤ ਧਰਮੀ ਠਹਿਰਾਏ ਗਏ ਹਾਂ।

ਸਾਨੂੰ ਦਲੇਰੀ ਨਾਲ ਘੋਸ਼ਣਾ ਕਰਨੀ ਚਾਹੀਦੀ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੋਤੇ ਗਏ, ਪਵਿੱਤਰ ਕੀਤੇ ਗਏ ਅਤੇ ਧਰਮੀ ਠਹਿਰਾਏ ਗਏ ਹਾਂ। ਸ਼ੈਤਾਨ ਦੀਆਂ ਚਾਲਾਂ ਵਿੱਚੋਂ ਇੱਕ ਚਾਲ ਇਹ ਹੈ ਕਿ ਉਹ ਸਾਨੂੰ ਗੰਦੇ, ਪਾਪੀ, ਅਪਵਿੱਤਰ, ਅਯੋਗ, ਦੰਡਤ, ਅਪਰਾਧੀ ਅਤੇ ਸ਼ਰਮਿੰਦਾ ਮਹਿਸੂਸ ਕਰਵਾਏ। ਜੇਕਰ ਵੈਰੀ ਸਾਨੂੰ ਇਹਨਾਂ ਵਿੱਚੋਂ ਕਿਸੇ ਇੱਕ ਦੇ ਅਧੀਨ ਕਰ ਲੈਂਦਾ ਹੈ, ਤਾਂ ਅਸੀਂ ਅਯੋਗ ਹਾਂ ਅਤੇ ਪਰਮੇਸ਼ਰ ਦੀ ਸੇਵਾ ਕਰਨ ਦੇ ਯੋਗ ਨਹੀਂ ਹਾਂ। ਪਰ ਜੋ ਪ੍ਰਭੂ ਯਿਸੂ ਮਸੀਹ ਨਾਮ ਵਿੱਚ ਸਾਡਾ ਹੈ, ਸਾਨੂੰ ਇਸ ਦੀ ਦਲੇਰੀ ਨਾਲ ਘੋਸ਼ਣਾ ਕਰਨ ਦੀ ਲੋੜ ਹੈ। ਪ੍ਰਭੂ ਯਿਸੂ ਮਸੀਹ ਨੇ ਆਪ ਸਾਡੇ ਲਈ ਧੋਤੇ ਜਾਣ ਦਾ, ਪਵਿੱਤਰ ਅਤੇ ਧਰਮੀ ਠਹਿਰਾਏ ਜਾਣ ਦਾ ਪ੍ਰਬੰਧ ਕੀਤਾ ਹੈ।

ਜਦੋਂ ਅਸੀਂ ਲੋਕਾਂ ਨੂੰ ਪਾਪ ਵਿੱਚ ਡੁੱਬੇ ਹੋਏ ਦੇਖਦੇ ਹਾਂ, ਤਾਂ ਸਾਨੂੰ ਹਮੇਸ਼ਾ ਉਹਨਾਂ ਲੋਕਾਂ ਨੂੰ ਉਮੀਦ ਦੀਆਂ ਅੱਖਾਂ ਨਾਲ ਦੇਖਣਾ ਚਾਹੀਦਾ ਹੈ। ਜਿਸ ਤਰ੍ਹਾਂ ਪ੍ਰਭੂ ਯਿਸੂ ਮਸੀਹ ਨੇ ਸਾਡੇ ਲਈ ਕੀਤਾ ਸੀ, ਠੀਕ ਉਸ ਤਰ੍ਹਾਂ ਹੀ ਪ੍ਰਭੂ ਯਿਸੂ ਮਸੀਹ ਉਹਨਾਂ ਨੂੰ ਧੋ ਸਕਦੇ ਹਨ, ਪਵਿੱਤਰ ਕਰ ਸਕਦੇ ਹਨ, ਅਤੇ ਧਰਮੀ ਠਹਿਰਾ ਸਕਦੇ ਹਨ! ਪ੍ਰਾਰਥਨਾ ਕਰੋ ਅਤੇ ਉਹਨਾਂ ਨਾਲ ਅਜਿਹਾ ਹੋਣ ਦੀ ਉਮੀਦ ਕਰੋ। ਪ੍ਰਭੂ ਯਿਸੂ ਮਸੀਹ ਦੇ ਨਾਮ ਅਤੇ ਪਵਿੱਤਰ ਆਤਮਾ ਦੀ ਸਮਰੱਥਾ ਨਾਲ ਲੋਕ ਹਰ ਪ੍ਰਕਾਰ ਦੇ ਪਾਪਾਂ ਤੋਂ ਬਾਹਰ ਕੱਢੇ ਜਾ ਸਕਦੇ—ਧੋਤੇ ਜਾ ਸਕਦੇ, ਪਵਿੱਤਰ (ਸ਼ੁੱਧ) ਕੀਤੇ ਜਾ ਸਕਦੇ, ਅਤੇ ਧਰਮੀ (ਨੇਕ) ਠਹਿਰਾਏ ਜਾ ਸਕਦੇ ਹਨ। ਉਮੀਦ ਨਾਲ ਉਹਨਾਂ ਉੱਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਘੋਸ਼ਣਾ ਕਰੋ।

(**ਸਮੀਖਿਆ** ਅਧਿਆਇ 14 ਤੋਂ ਬਾਅਦ ਦਿੱਤੀ ਗਈ ਹੈ।)

# 14

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ

**ਮੱਤੀ 28:19**
**ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।**

**ਰਸੂਲਾਂ ਦੇ ਕਰਤੱਬ 2:38**
**ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ**

ਮਹਾਨ ਹੁਕਮ ਵਿੱਚ, ਪ੍ਰਭੂ ਯਿਸੂ ਮਸੀਹ ਨੇ ਸਾਨੂੰ ਚੇਲਿਆਂ ਨੂੰ *"ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ"* ਬਪਤਿਸਮਾ ਦੇਣ ਦੀ ਹਿਦਾਇਤ ਦਿੱਤੀ ਸੀ। ਹੋਰ ਗੱਲਾਂ ਦੇ ਵਿੱਚੋਂ, ਪਾਣੀ ਦਾ ਬਪਤਿਸਮਾ ਉਸ ਵਿਅਕਤੀ (ਜਾਂ ਕਿਸੇ) ਦੀ ਪਛਾਣ ਅਤੇ ਉਸ ਦੇ ਅਧੀਨ ਹੋਣ ਦਾ ਇੱਕ ਸ਼ਕਤੀਸ਼ਾਲੀ ਪਰਗਟਾਵਾ ਹੈ ਜਿਸ ਦੇ ਨਾਮ ਵਿੱਚ ਤੁਸੀਂ ਬਪਤਿਸਮਾ ਲਿਆ ਹੈ। ਇਸ ਮਾਮਲੇ ਵਿੱਚ, ਅਸੀਂ ਆਪਣੇ ਆਪ ਨੂੰ ਬਾਈਬਲ ਦੇ ਪਰਮੇਸ਼ਰ, ਤ੍ਰਿਏਕ ਪਰਮੇਸ਼ਰ—ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੀ ਪਛਾਣ ਕਰ ਰਹੇ ਹਾਂ ਅਤੇ ਉਹ ਦੇ ਅਧੀਨ ਹੋ ਰਹੇ ਹਾਂ।

ਪ੍ਰਭੂ ਦੇ ਸਵਰਗ ਵਿੱਚ ਉਠਾਏ ਜਾਣ ਤੋਂ ਬਾਅਦ, ਪੰਤੇਕੁਸਤ ਦੇ ਦਿਨ ਤੋਂ ਸ਼ੁਰੂ ਹੋ ਕੇ (ਰਸੂਲਾਂ ਦੇ ਕਰਤੱਬ 2:28), ਸਾਮਰਿਯਾ ਵਿੱਚ ਨਵੇਂ ਵਿਸ਼ਵਾਸੀਆਂ (ਰਸੂਲਾਂ ਦੇ ਕਰਤੱਬ 8:16), ਕੁਰਨੇਲਿਯੁਸ ਦੇ ਘਰਾਣੇ (ਰਸੂਲਾਂ ਦੇ ਕਰਤੱਬ 10:48), ਅਫ਼ਸੁਸ ਵਿੱਚ (ਰਸੂਲਾਂ ਦੇ ਕਰਤੱਬ 19:5), ਅਤੇ ਬਹੁਤ ਸਾਰੇ ਜਿਹਨਾਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਿਆ ਸੀ, ਸਾਡੇ ਕੋਲ ਉਹਨਾਂ ਦਾ ਲਿਖਤੀ ਵੇਰਵਾ ਹੈ। ਅਜਿਹਾ ਕੋਈ ਲਿਖਤੀ ਵੇਰਵਾ ਨਹੀਂ ਹੈ, ਕਿ ਉਹਨਾਂ ਨੇ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ

"ਬਪਤਿਸਮਾ ਦੀ ਵਿਧੀ" ਦੀ ਪਾਲਣਾ ਕੀਤੀ ਹੋਵੇ। ਬਿਨਾਂ ਕਿਸੇ ਸ਼ੱਕ ਦੇ ਇਹ ਇੱਕ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਫਿਰ ਵੀ, ਅਸੀਂ ਸੁਰੱਖਿਅਤ ਰੂਪ ਵਿੱਚ ਇਹ ਮੰਨ ਸਕਦੇ ਹਾਂ ਕਿ ਰਸੂਲਾਂ ਅਤੇ ਉਹਨਾਂ ਤੋਂ ਬਾਅਦ ਲਗਾਤਾਰ ਸੇਵਾ ਕਰਨ ਵਾਲੇ ਲੋਕਾਂ ਨੇ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਅਤੇ ਅਸਲ ਵਿੱਚ "ਬਪਤਿਸਮਾ ਦੀ ਵਿਧੀ" ਨਾਲ ਬਪਤਿਸਮਾ ਦਿੱਤਾ ਸੀ ਜਿਸ ਤਰ੍ਹਾਂ ਕਿ ਉਹਨਾਂ ਨੂੰ ਪ੍ਰਭੂ ਯਿਸੂ ਮਸੀਹ ਵੱਲੋਂ ਹਦਾਇਤ ਦਿੱਤੀ ਗਈ ਸੀ।

ਨਵੇਂ ਵਿਸ਼ਵਾਸੀਆਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਅਤੇ ਫਿਰ ਉਹਨਾਂ ਨੂੰ ਬਪਤਿਸਮਾ ਦੇਣ ਲਈ ਸੱਦਾ ਦੇਣ ਵਾਲੇ ਰਸੂਲਾਂ ਦਾ ਲਿਖਤੀ ਵੇਰਵਾ ਦੋ ਮਹੱਤਵਪੂਰਨ ਗੱਲਾਂ ਨੂੰ ਦਰਸਾਉਣ ਲਈ ਸਮਝਿਆ ਜਾ ਸਕਦਾ ਹੈ।

1) ਨਵੇਂ ਵਿਸ਼ਵਾਸੀਆਂ ਨੂੰ ਵਿਸ਼ਵਾਸ ਕਰਨਾ ਹੋਵੇਗਾ ਅਤੇ ਜੋ ਪ੍ਰਭੂ ਯਿਸੂ ਮਸੀਹ ਨੇ ਆਪਣੇ ਹੋਣ ਬਾਰੇ ਆਖਿਆ ਸੀ ਇਸ ਦੇ ਨਾਲ ਆਪਣੀ ਪਛਾਣ ਕਰਨੀ ਹੋਵੇਗੀ। ਕਿ ਉਹ ਸੱਚਮੁੱਚ ਦੇਹਧਾਰੀ ਪਰਮੇਸ਼ਰ ਹਨ, ਪਰਮੇਸ਼ਰ ਦੇ ਪੁੱਤਰ ਹਨ ਜੋ ਪਿਤਾ ਤੋਂ ਆਏ ਸਨ, ਜਿਹਨਾਂ ਨੇ ਸਾਡੀ ਮੁਕਤੀ ਦਾ ਪੂਰਾ ਭੁਗਤਾਨ ਕੀਤਾ ਹੈ, ਜੋ ਪਵਿੱਤਰ ਆਤਮਾ ਦੇ ਰਾਹੀਂ ਮੁਰਦਿਆਂ ਵਿੱਚੋਂ ਜੀ ਉੱਠੇ ਹਨ ਅਤੇ ਪਿਤਾ ਦੇ ਸੱਜੇ ਹੱਥ ਬਿਰਾਜਮਾਨ ਹਨ।

2) ਪਾਣੀ ਦਾ ਬਪਤਿਸਮਾ ਲੈਣ ਵਾਲਾ ਵਿਅਕਤੀ ਇਹ ਕਰ ਰਿਹਾ ਹੁੰਦਾ ਹੈ ਕਿ ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ, ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰਦਾ ਹੈ, ਉਹਨਾਂ ਦੀ ਵੱਲੋਂ ਕੰਮ ਕਰਦਾ ਹੈ, ਅਤੇ ਉਹ ਕਰਦਾ ਹੈ ਜਿਸ ਦੀ ਉਹ ਇੱਛਾ ਕਰਦੇ ਹਨ। ਇਸ ਲਈ ਅੱਜ, ਜਦੋਂ ਅਸੀਂ ਪਾਣੀ ਦਾ ਬਪਤਿਸਮਾ ਦਿੰਦੇ ਹਾਂ, ਤਾਂ ਅਸੀਂ ਇਹ ਘੋਸ਼ਣਾ ਕਰਦੇ ਹਾਂ, ਯਿਸੂ ਦੇ ਨਾਮ ਵਿੱਚ, ਮੈਂ ਤੈਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ" ਅਤੇ ਫਿਰ ਵਿਅਕਤੀ ਨੂੰ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬਕੀ ਦਿੰਦੇ ਹਾਂ।

ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਦਾ ਬਪਤਿਸਮਾ ਲੈਂਦੇ ਹਾਂ, ਤਾਂ ਜਨਤਕ ਤੌਰ ਤੇ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਲ ਆਪਣੀ ਆਤਮਿਕ ਪਛਾਣ (ਆਤਮਿਕ ਤੌਰ ਤੇ ਡੁੱਬਕੀ ਲੈਣ, ਨਾਲ ਇੱਕ ਕੀਤੇ ਜਾਣ) ਦੀ ਘੋਸ਼ਣਾ ਕਰ ਰਹੇ ਹੁੰਦੇ ਹਾਂ। ਜਿਸ ਤਰ੍ਹਾਂ ਕਿ ਗਲਾਤੀਆਂ 3:27 ਵਿੱਚ ਲਿਖਿਆ ਹੈ, *"ਕਿਉਂ*

*ਜੋ ਤੁਸਾਂ ਜਿਨ੍ਹਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ।"* ਅਸੀਂ ਮਸੀਹ ਨੂੰ ਪਹਿਨਿਆ ਹੋਇਆ ਹੈ ਅਤੇ ਇਹ ਪ੍ਰਭੂ ਯਿਸੂ ਮਸੀਹ ਹੀ ਹਨ ਜਿਹੜੇ ਸਾਡੇ ਦੁਆਰਾ ਪੂਰੀ ਤਰ੍ਹਾਂ ਨਜ਼ਰ ਆਉਣੇ ਚਾਹੀਦੇ ਹਨ। ਦ ਪੈਸ਼ਨ ਟਰਾਂਜ਼ਲੇਸ਼ਨ ਇਸ ਆਇਤ ਨੂੰ ਇਸ ਤਰ੍ਹਾਂ ਵਰਣਨ ਕਰਦੀ ਹੈ, *"ਵਿਸ਼ਵਾਸ ਨੇ ਤੁਹਾਨੂੰ ਮਸੀਹ ਵਿੱਚ ਡੋਬ ਦਿੱਤਾ ਹੈ, ਅਤੇ ਹੁਣ ਤੁਸੀਂ ਉਹ ਦੇ ਜੀਵਨ ਨਾਲ ਢੱਕੇ ਹੋਏ ਅਤੇ ਪਹਿਨੇ ਹੋਏ ਹੋ।"* ਸਾਫ਼ ਸ਼ਬਦਾਂ ਵਿੱਚ ਆਖੀਏ, ਤਾਂ ਅਸੀਂ ਮਸੀਹ ਦੀ ਤਰ੍ਹਾਂ ਜੀਵਨ ਬਤੀਤ ਕਰਨ, ਬੋਲਣ ਅਤੇ ਜੋ ਉਹ ਆਪ ਹੋਣ ਤੇ ਕਰਦੇ ਉਹ ਕਰਨ ਰਾਹੀਂ ਪ੍ਰਭੂ ਯਿਸੂ ਮਸੀਹ ਨੂੰ ਸੰਸਾਰ ਵਿੱਚ ਪੂਰੀ ਤਰ੍ਹਾਂ ਠੀਕ ਢੰਗ ਨਾਲ ਪੇਸ਼ ਕਰਨ ਦੇ ਸੱਦੇ ਨੂੰ ਅਸੀਂ "ਹਾਂ" ਆਖਿਆ ਹੈ। ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਥੇ ਹਾਂ।

---

ਯਿਸੂ ਦੇ ਨਾਮ ਵਿੱਚ
ਮਾਫ਼ੀ, ਮੁਕਤੀ ਅਤੇ ਸਦੀਪਕ ਜੀਵਨ ਹੈ।
ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੋਤੇ,
ਪਵਿੱਤਰ ਅਤੇ ਧਰਮੀ ਠਹਿਰਾਏ ਗਏ ਹਾਂ।
ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਿਆ ਹੈ।

---

## ਸਮੀਖਿਆ

ਇਹ ਸਮੀਖਿਆ ਅਧਿਆਇ 10 ਤੋਂ ਲੈ ਕੇ ਅਧਿਆਇ 14 ਲਈ ਹੈ।

1) ਇਸ ਸਚਿਆਈ ਉੱਤੇ ਵਿਚਾਰ ਕਰੋ, ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਪਾਂ ਦੀ ਮੁਕਤੀ ਲਈ ਮਾਫ਼ੀ ਹੈ ਅਤੇ ਸਦੀਪਕ ਜੀਵਨ ਹੈ। ਨਿੱਜੀ ਤੌਰ ਤੇ ਤੁਹਾਡੇ ਲਈ ਇਸ ਦਾ ਕੀ ਅਰਥ ਹੈ? ਜਦੋਂ ਤੁਸੀਂ ਹੋਰਾਂ ਦੀ ਸੇਵਾ ਕਰਦੇ ਹੋ ਤਾਂ ਤੁਸੀਂ ਇਸ ਸਚਿਆਈ ਨੂੰ ਕਿਸ ਤਰ੍ਹਾਂ ਲਾਗੂ ਕਰਦੇ ਹੋ?

2) ਇਸ ਸਚਿਆਈ ਉੱਤੇ ਵਿਚਾਰ ਕਰੋ, ਕਿ ਤੁਹਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੋਤਾ ਗਿਆ, ਪਵਿੱਤਰ ਅਤੇ ਧਰਮੀ ਠਹਿਰਾਇਆ ਗਿਆ ਹੈ। ਨਿੱਜੀ

ਤੌਰ ਤੇ ਤੁਹਾਡੇ ਲਈ ਇਸ ਦਾ ਕੀ ਅਰਥ ਹੈ? ਜਦੋਂ ਤੁਸੀਂ ਹੋਰਾਂ ਦੀ ਸੇਵਾ ਕਰਦੇ ਹੋ ਤਾਂ ਤੁਸੀਂ ਇਸ ਸਚਿਆਈ ਨੂੰ ਕਿਸ ਤਰ੍ਹਾਂ ਲਾਗੂ ਕਰਦੇ ਹੋ?

3) ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਵਿੱਚ ਬਪਤਿਸਮਾ ਲੈਣ ਦਾ (ਆਤਮਿਕ ਮਹੱਤਵ) ਕੀ ਅਰਥ ਹੈ, ਜਦੋਂ ਕਿ ਪ੍ਰਭੂ ਯਿਸੂ ਮਸੀਹ ਦੇ ਸਾਨੂੰ ਦਿੱਤੇ ਮਹਾਨ ਹੁਕਮ ਵਿੱਚ *"ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ"* (ਮੱਤੀ 28:19) "ਬਪਤਿਸਮਾ ਦੀ ਵਿਧੀ" ਨੂੰ ਹਦਾਇਤ ਵਜੋਂ ਉਚਾਰਿਆ ਗਿਆ ਹੈ?

# 15

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ

**ਯੂਹੰਨਾ 14:13,14**

**13 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ।**

**14 ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।**

**ਯੂਹੰਨਾ 15:7,16**

**7 ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।**

**16 ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ।**

**ਯੂਹੰਨਾ 16:23,24,26,27**

**23 ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਸਵਾਲ ਨਾ ਕਰੋਗੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ।**

**24 ਅਜੇ ਤੀਕੁਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ।**

**26 ਉਸ ਦਿਨ ਤੁਸੀਂ ਮੇਰਾ ਨਾਮ ਲੈ ਕੇ ਮੰਗੋਗੇ ਅਤੇ ਮੈਂ ਤੁਹਾਨੂੰ ਨਹੀਂ ਆਖਦਾ ਭਈ ਮੈਂ ਪਿਤਾ ਅੱਗੇ ਤੁਹਾਡੇ ਲਈ ਬੇਨਤੀ ਕਰਾਂਗਾ।**

**27 ਕਿਉਂ ਜੋ ਪਿਤਾ ਆਪ ਹੀ ਤੁਹਾਡੇ ਨਾਲ ਹਿਤ ਕਰਦਾ ਹੈ ਇਸ ਲਈ ਜੋ ਤੁਸਾਂ ਮੇਰੇ ਨਾਲ ਹਿਤ ਕੀਤਾ ਅਤੇ ਸਤ ਮੰਨਿਆ ਹੈ ਜੋ ਮੈਂ ਪਿਤਾ ਦੀ ਵੱਲੋਂ ਆਇਆ ਹਾਂ।**

ਜਿੱਥੇ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਆਪਣੇ ਨਾਮ ਦੀ ਵਰਤੋਂ ਕਰਨ ਦੀ ਸਿੱਖਿਆ ਦਿੱਤੀ ਹੈ, ਉਹਨਾਂ ਖੇਤਰਾਂ ਵਿੱਚੋਂ ਇੱਕ ਖੇਤਰ ਪ੍ਰਾਰਥਨਾ ਵਿੱਚ ਹੈ। ਪ੍ਰਭੂ ਯਿਸੂ ਮਸੀਹ ਨੇ ਉਹਨਾਂ ਦੇ ਨਾਮ ਵਿੱਚ ਸਿੱਧਾ ਪਿਤਾ ਕੋਲੋਂ ਮੰਗਣ ਦੀ ਸਾਨੂੰ ਹਦਾਇਤ ਦਿੱਤੀ ਸੀ। ਪ੍ਰਭੂ ਯਿਸੂ ਮਸੀਹ ਨੇ ਸਾਨੂੰ ਭਰੋਸਾ ਦਿਵਾਇਆ ਹੈ ਕਿ ਜਦੋਂ ਅਸੀਂ ਇਹ ਕਰਾਂਗੇ, ਤਾਂ ਸਾਨੂੰ ਉਹ ਮਿਲੇਗਾ ਜੋ ਅਸੀਂ ਮੰਗਿਆ ਹੈ ਤਾਂ ਜੋ ਸਾਡਾ ਅਨੰਦ ਪੂਰਾ ਹੋਵੇ।

ਹੁਣ ਆਓ ਇਸ ਉੱਤੇ ਵਿਚਾਰ ਕਰੀਏ, ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਨ ਤੋਂ ਕੀ ਭਾਵ ਹੈ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ, ਤਾਂ ਇਹ ਅਜਿਹਾ ਹੈ ਜਿਸ ਤਰ੍ਹਾਂ ਕਿ ਪ੍ਰਭੂ ਯਿਸੂ ਮਸੀਹ ਆਪ ਇੱਥੇ ਧਰਤੀ ਉੱਤੇ ਪ੍ਰਾਰਥਨਾ ਕਰ ਰਹੇ ਹੁੰਦੇ ਹਨ। ਅਸੀਂ ਪ੍ਰਭੂ ਯਿਸੂ ਮਸੀਹ ਦੀ ਥਾਂ ਉੱਤੇ ਖੜੇ ਹਾਂ, ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰ ਰਹੇ ਹਾਂ, ਪ੍ਰਭੂ ਯਿਸੂ ਮਸੀਹ ਦੀ ਵੱਲੋਂ ਕੰਮ ਕਰ ਰਹੇ ਹਾਂ, ਅਤੇ ਪ੍ਰਾਰਥਨਾ ਕਰ ਰਹੇ ਹਾਂ, ਜਿਸ ਤਰ੍ਹਾਂ ਕਿ ਪ੍ਰਭੂ ਯਿਸੂ ਮਸੀਹ ਆਪ ਇੱਥੇ ਧਰਤੀ ਉੱਤੇ ਪ੍ਰਾਰਥਨਾ ਕਰ ਰਹੇ ਹੁੰਦੇ ਹਨ। ਅਤੇ ਸਵਰਗ ਵਿੱਚ, ਇਹ ਅਜਿਹਾ ਹੈ ਜਿਸ ਤਰ੍ਹਾਂ ਕਿ ਪ੍ਰਭੂ ਯਿਸੂ ਮਸੀਹ ਆਪ ਪਿਤਾ ਦੇ ਅੱਗੇ ਇਹ ਬੇਨਤੀ ਕਰ ਰਹੇ ਸਨ, ਜਿਸ ਨੂੰ ਪਿਤਾ ਕਦੇ ਵੀ ਅਸਵੀਕਾਰ ਨਹੀਂ ਕਰਨਗੇ। ਇਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੀਆਂ ਪ੍ਰਾਰਥਨਾਵਾਂ ਨੂੰ ਬਹੁਤ ਅਰਥੱਪੂਰਨਤਾ ਅਤੇ ਮਹੱਤਵ ਦਿੰਦੇ ਹੋਏ ਪੂਰਨ ਤੌਰ ਤੇ ਪ੍ਰਾਰਥਨਾ ਨੂੰ ਇੱਕ ਵੱਖਰੇ ਪੱਧਰ ਉੱਤੇ ਰੱਖਦਾ ਹੈ। ਹਰ ਪ੍ਰਾਰਥਨਾ ਜੋ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ, ਇਸ ਉੱਤੇ ਬੋਲਣ ਲਈ, ਪ੍ਰਭੂ ਯਿਸੂ ਮਸੀਹ ਦੇ ਦਸਤਖ਼ਤ ਹੁੰਦੇ ਹਨ। ਸਾਨੂੰ ਇਸ ਗੱਲ ਦੀ ਪੁਸ਼ਟੀ ਦਿੱਤੀ ਗਈ ਹੈ, ਕਿ ਅਸੀਂ ਜੋ ਕੁਝ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਪਿਤਾ ਉਹ ਸਾਨੂੰ ਦੇਵੇਗਾ। ਇਸ ਤਰ੍ਹਾਂ ਦੀ "ਪ੍ਰਾਰਥਨਾ ਵਿੱਚ ਸਮਰੱਥਾ" ਦਾ ਭੇਤ ਇਹ ਹੈ ਕਿ ਪ੍ਰਭੂ ਯਿਸੂ ਮਸੀਹ ਦੀਆਂ ਗੱਲਾਂ ਸਾਡੇ ਵਿੱਚ ਰਹਿੰਦੀਆਂ ਹਨ ਅਤੇ ਅਸੀਂ ਉਹਨਾਂ ਦੇ ਨਾਲ ਮਹੱਤਵਪੂਰਨ ਏਕਤਾ ਵਿੱਚ ਰਹਿੰਦੇ ਹਾਂ (ਯੂਹੰਨਾ 15:7)। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੀਆਂ ਪ੍ਰਾਰਥਨਾਵਾਂ ਪ੍ਰਭੂ ਯਿਸੂ ਮਸੀਹ ਨਾਲ ਸਾਡੀ ਪੂਰਨ ਏਕਤਾ ਵਿੱਚੋਂ ਉੱਛਲ ਕੇ ਵਹਿਣੀਆਂ ਚਾਹੀਦੀਆਂ ਹਨ। ਅਜਿਹੀਆਂ ਪ੍ਰਾਰਥਨਾਵਾਂ ਨੂੰ ਪਿਤਾ ਵੱਲੋਂ ਕਦੇ ਵੀ ਅਸਵੀਕਾਰ ਨਹੀਂ ਕੀਤਾ ਜਾਵੇਗਾ।

ਇਸ ਅਧਿਆਇ ਦੀ ਸ਼ੁਰੂਆਤ ਵਿੱਚ ਅਸੀਂ ਆਇਤਾਂ ਨੂੰ ਸੂਚੀਬੱਧ ਕੀਤਾ ਹੈ, ਅਸੀਂ ਦੇਖਦੇ ਹਾਂ ਕਿ ਸਾਡੇ ਜੀਵਨ ਵਿੱਚ ਪਿਤਾ ਦੀ ਵਡਿਆਈ ਕੀਤੀ ਜਾਣ ਵਾਲੀ ਪ੍ਰਾਰਥਨਾ ਦਾ ਉੱਤਰ ਕਿਸ ਤਰ੍ਹਾਂ ਦਿੱਤਾ ਗਿਆ ਹੈ, ਕਿ ਸਾਡੇ ਲਈ ਫਲ ਕਾਇਮ ਰਹੇ, ਅਤੇ ਸਾਡਾ ਅਨੰਦ ਪੂਰਾ ਹੋਵੇ। ਪਿਤਾ ਇੱਛਾ ਕਰਦੇ ਹਨ, ਕਿ ਉਹਨਾਂ ਨੂੰ ਪ੍ਰਾਰਥਨਾ ਕਰਦੇ ਸਮੇਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੀਆਂ ਸਾਰੀਆਂ ਪ੍ਰਾਰਥਨਾਵਾਂ ਦਾ ਉੱਤਰ ਲੈ ਕੇ ਅਸੀਂ ਇਹਨਾਂ ਵਿਸ਼ੇਸ਼ ਅਧਿਕਾਰਾਂ ਦਾ ਅਨੰਦ ਮਾਣੀਏ।

(**ਸਮੀਖਿਆ** ਅਧਿਆਇ 17 ਤੋਂ ਬਾਅਦ ਦਿੱਤੀ ਗਈ ਹੈ।)

# 16
# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਧੰਨਵਾਦ ਅਤੇ ਅਰਾਧਨਾ ਕਰੋ

**1 ਕੁਰਿੰਥੀਆਂ ਨੂੰ 1:2**

**ਅੱਗੇ ਜੋਗ ਪਰਮੇਸ਼ਰ ਦੀ ਕਲੀਸਿਯਾ ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ ਓਹਨਾਂ ਨੂੰ ਜਿਹੜੇ ਮਸੀਹ ਯਿਸੂ ਵਿੱਚ ਪਵਿੱਤਰ ਕੀਤੇ ਹੋਏ ਅਤੇ ਸੰਤ ਹੋਣ ਲਈ ਸੱਦੇ ਹੋਏ ਹਨ ਉਨ੍ਹਾਂ ਸਭਨਾਂ ਸਣੇ ਜਿਹੜੇ ਹਰੇਕ ਥਾਂ ਸਾਡੇ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਨ ਜੋ ਉਨ੍ਹਾਂ ਦਾ ਨਾਲੇ ਸਾਡਾ ਪ੍ਰਭੂ ਹੈ।**

**ਅਫ਼ਸੀਆਂ 5:18-21**

**18 ਅਤੇ ਮੈਂ ਨਾਲ ਮਸਤ ਨਾ ਹੋਵੋ ਜਿਹ ਦੇ ਵਿੱਚ ਲੁੱਚਪੁਣਾ ਹੁੰਦਾ ਹੈ ਸਗੋਂ ਆਤਮਾ ਨਾਲ ਭਰਪੂਰ ਹੋ ਜਾਓ।**

**19 ਜ਼ਬੂਰ ਅਤੇ ਭਜਨ ਅਤੇ ਆਮਤਕ ਗੀਤ ਗਾ ਕੇ ਇੱਕ ਦੂਏ ਨਾਲ ਗੱਲਾਂ ਕਰੋ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ।**

**20 ਅਤੇ ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ।**

**21 ਅਤੇ ਮਸੀਹ ਦੇ ਭੈਅ ਵਿੱਚ ਇੱਕ ਦੂਏ ਦੇ ਅਧੀਨ ਰਹੋ।**

**ਕੁਲੁੱਸੀਆਂ 3:16,17**

**16 ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤਾਂ ਦੁਆਰਾ ਇੱਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕਿਰਪਾ ਨਾਲ ਪਰਮੇਸ਼ਰ ਨੂੰ ਆਪਣਿਆਂ ਮਨਾਂ ਵਿੱਚ ਗਾਇਆ ਕਰੋ।**

**17 ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ ਦੇ ਨਾਮ ਉੱਤੇ ਕਰੋ ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ਰ ਦਾ ਧੰਨਵਾਦ ਕਰੋ।**

**ਇਬਰਾਨੀਆਂ 13:15**

**ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ।**

ਸਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡਾ ਧੰਨਵਾਦ, ਸਾਡੀ ਵਡਿਆਈ, ਸਾਡੀ ਅਰਾਧਨਾ ਨੂੰ ਕਰਨ ਲਈ ਹਦਾਇਤ ਦਿੱਤੀ ਗਈ ਹੈ। ਜਦੋਂ

ਅਸੀਂ ਅਰਾਧਨਾ ਕਰਨ ਦੀ ਸ਼ੁਰੂਆਤ ਕਰਦੇ ਹਾਂ, ਅਸੀਂ ਆਖਦੇ ਹਾਂ, "ਹੇ ਪਿਤਾ, ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਤੁਹਾਡੀ ਅਰਾਧਨਾ ਕਰਦੇ ਹਾਂ"। ਇਹ ਨਾਮ ਹੈ ਜਿਸ ਨੇ ਸਾਨੂੰ ਪਿਤਾ ਦੀ ਹਜ਼ੂਰੀ ਤੱਕ ਪਹੁੰਚ ਦਿੱਤੀ ਹੈ। ਇਹ ਉਹ ਨਾਮ ਹੈ ਜਿਸ ਨੇ ਸਾਨੂੰ ਪਰਮੇਸ਼ਰ ਦੀ ਹਜ਼ੂਰੀ ਵਿੱਚ ਸਵੀਕਾਰਯੋਗ, ਧੋਤਾ, ਪਵਿੱਤਰ ਅਤੇ ਧਰਮੀ ਠਹਿਰਾਇਆ ਹੈ। ਇਹ ਨਾਮ ਹੈ ਜੋ ਸਾਡੇ ਬਲੀਦਾਨ ਪਰਮੇਸ਼ਰ ਨੂੰ ਭਾਉਂਦਾ ਬਣਾਉਂਦਾ ਹੈ ਅਤੇ ਪਰਮੇਸ਼ਰ ਅੱਗੇ ਸਵੀਕਾਰ ਕਰਵਾਉਂਦਾ ਹੈ, ਕਿਉਂਕਿ ਇਹ ਨਾਮ ਉਸ ਵਿਅਕਤੀ ਨੂੰ ਪੇਸ਼ ਕਰਦਾ ਹੈ ਜਿਹਨਾਂ ਨੇ ਸਾਨੂੰ ਆਪਣੇ ਲਹੂ ਨਾਲ ਧੋਤਾ ਹੈ ਅਤੇ ਸਾਡੇ ਪਰਮੇਸ਼ਰ ਲਈ ਸਾਨੂੰ ਰਾਜੇ ਅਤੇ ਜਾਜਕ ਬਣਾਇਆ ਹੈ। ਇਹ ਉਸ ਵਿਅਕਤੀ ਨੂੰ ਪੇਸ਼ ਕਰਦਾ ਹੈ ਜਿਹਨਾਂ ਨੇ ਸਲੀਬ ਉੱਤੇ ਆਪਣੇ ਬਲੀਦਾਨ ਰਾਹੀਂ ਸਾਡੇ ਲਈ ਇੱਕ ਨਵਾਂ ਅਤੇ ਜਿਉਂਦਾ ਰਾਹ ਖੋਲ੍ਹਿਆ ਹੈ, ਅਤੇ ਜਿਹਨਾਂ ਦਾ ਲਹੂ ਸਾਨੂੰ ਅੱਤ ਪਵਿੱਤਰ ਸਥਾਨ ਵਿੱਚ ਦਾਖਲ ਹੋਣ ਲਈ ਦਲੇਰੀ ਦਿੰਦਾ ਹੈ। ਕੇਵਲ ਇਸੇ ਇੱਕੋ ਨਾਮ ਵਿੱਚ ਹੈ ਜੋ ਅਸੀਂ ਆਪਣੀ ਵਡਿਆਈ, ਅਰਾਧਨਾ ਅਤੇ ਧੰਨਵਾਦ ਦੀ ਭੇਟ ਚੜ੍ਹਾਉਂਦੇ ਹਾਂ।

ਇਸ ਲਈ, ਜਦੋਂ ਅਸੀਂ ਆਪਣੇ ਪਰਮੇਸ਼ਰ ਦੀ ਵਡਿਆਈ ਅਤੇ ਅਰਾਧਨਾ ਕਰਦੇ ਹਾਂ, ਤਾਂ ਅਸੀਂ ਇਸ ਸਚਿਆਈ ਉੱਤੇ ਨਿਰਭਰ ਕਰਦੇ ਹਾਂ। ਸਾਡੇ ਬਲੀਦਾਨ ਨਾ ਹੀ ਸਾਡੀ ਯੋਗਤਾ ਦੇ ਕਾਰਨ, ਨਾ ਹੀ ਸਾਡੀ ਆਪਣੀ ਧਾਰਮਿਕਤਾ ਦੇ ਕਾਰਨ, ਜਾਂ ਸਾਡੇ ਦੁਆਰਾ ਕੀਤੇ ਗਏ ਕਿਸੇ ਮਹਾਨ ਕੰਮ ਕਰਕੇ ਸਵੀਕਾਰ ਨਹੀਂ ਕੀਤੇ ਜਾਂਦੇ ਹਨ। ਸਾਡੀ ਵਡਿਆਈ, ਅਰਾਧਨਾ ਅਤੇ ਧੰਨਵਾਦ ਦੇ ਬਲੀਦਾਨ ਪਰਮੇਸ਼ਰ ਦੇ ਅੱਗੇ ਇੱਕ ਮਿੱਠੀ-ਸੁਗੰਧ ਵਾਲੀ ਖ਼ੁਸ਼ਬੋ ਹਨ ਕਿਉਂਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚੜ੍ਹਾਏ ਜਾਂਦੇ ਹਨ।

ਪੁਰਾਣੇ ਨੇਮ ਵਿੱਚ, ਜਾਜਕ ਪਵਿੱਤਰ ਸਥਾਨ ਦੇ ਸੇਵਕ ਸਨ ਜੋ ਲੋਕਾਂ ਵੱਲੋਂ ਲਿਆਂਦੀਆਂ ਭੇਟਾਂ ਨੂੰ ਪ੍ਰਾਪਤ ਕਰਦੇ ਸਨ ਅਤੇ ਉਹਨਾਂ ਨੂੰ ਪਰਮੇਸ਼ਰ ਅੱਗੇ ਚੜ੍ਹਾਉਂਦੇ ਸਨ। ਇਹ ਜਾਜਕ ਆਦਮੀ ਸਨ, ਆਪਣੇ ਆਪ ਵਿੱਚ ਭੁੱਲਣਹਾਰ ਸਨ, ਅਤੇ ਪਰਮੇਸ਼ਰ ਦੁਆਰਾ ਰੱਦ ਕੀਤੇ ਜਾ ਸਕਦੇ ਸੀ। ਪਰੰਤੂ, ਪ੍ਰਭੂ ਯਿਸੂ ਮਸੀਹ ਸਾਡੇ ਪ੍ਰਧਾਨ ਜਾਜਕ ਹਨ, ਅਤੇ ਸਵਰਗੀ ਪਵਿੱਤਰ ਸਥਾਨ ਦੇ ਸੇਵਕ ਹਨ। *"ਹੁਣ ਜਿਹੜੀਆਂ ਗੱਲਾਂ ਅਸੀਂ ਆਖਦੇ ਹਾਂ ਉਨ੍ਹਾਂ ਵਿੱਚੋਂ ਮੁੱਖ ਗੱਲ ਇਹ ਹੈ ਕਿ ਸਾਡਾ ਇਹੋ ਜਿਹਾ ਇੱਕ ਪ੍ਰਧਾਨ ਜਾਜਕ ਹੈ ਜਿਹੜਾ ਸਵਰਗ ਉੱਤੇ ਅੱਤ ਮਹਾਨ ਪਰਮੇਸ਼ਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੈ। ਉਹ ਪਵਿੱਤਰ*

*ਸਥਾਨ ਦਾ ਅਤੇ ਉਸ ਡੇਰੇ ਦਾ ਸੇਵਕ ਹੈ ਜਿਸ ਨੂੰ ਮਨੁੱਖ ਨੇ ਨਹੀਂ ਸਗੋਂ ਪ੍ਰਭੂ ਨੇ ਖੜ੍ਹਾ ਕੀਤਾ"* (ਇਬਰਾਨੀਆਂ 8:1,2)। ਜਦੋਂ ਅਸੀਂ ਯਿਸੂ ਦੇ ਨਾਮ ਵਿੱਚ ਵਡਿਆਈ, ਅਰਾਧਨਾ, ਧੰਨਵਾਦ, ਦਸਵੰਧ ਅਤੇ ਭੇਟਾਂ ਦੇ ਬਲੀਦਾਨ ਚੜ੍ਹਾਉਂਦੇ ਹਾਂ, ਤਾਂ ਇਹ ਸਾਡੇ ਤੋਂ ਸਵਰਗੀ ਸਥਾਨ ਵਿੱਚ ਸਾਡੇ ਮਹਾਨ ਪ੍ਰਧਾਨ ਜਾਜਕ ਸੇਵਕ ਨੂੰ ਜਾਂਦੇ ਹੈ ਅਤੇ ਪਿਤਾ ਦੇ ਅੱਗੇ ਚੜ੍ਹਾਏ ਜਾਂਦੇ ਹਨ। ਅਜਿਹਾ ਹੁੰਦਾ ਹੈ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਆਤਮਿਕ ਬਲੀਦਾਨਾਂ ਨੂੰ ਚੜ੍ਹਾਉਂਦੇ ਹਾਂ!

(**ਸਮੀਖਿਆ** ਅਧਿਆਇ 17 ਤੋਂ ਬਾਅਦ ਦਿੱਤੀ ਗਈ ਹੈ।)

# 17

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਰੇ ਕੰਮ ਕਰੋ

**ਕੁਲੁੱਸੀਆਂ 3:16,17**

**16 ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤਾਂ ਦੁਆਰਾ ਇੱਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕਿਰਪਾ ਨਾਲ ਪਰਮੇਸ਼ਰ ਨੂੰ ਆਪਣਿਆਂ ਮਨਾਂ ਵਿੱਚ ਗਾਇਆ ਕਰੋ।**

**17 ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ ਦੇ ਨਾਮ ਉੱਤੇ ਕਰੋ ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ਰ ਦਾ ਧੰਨਵਾਦ ਕਰੋ।**

ਅਸੀਂ ਜੋ ਕੁਝ ਵੀ ਕਰਦੇ ਹਾਂ, ਹਰ ਕਾਰਜ, ਹਰ ਵਿਸਥਾਰਪੂਰਕ ਵੇਰਵਾ, ਪਵਿੱਤਰ-ਗ੍ਰੰਥ ਸਾਨੂੰ ਸਾਡੇ ਪ੍ਰਭੂ ਯਿਸੂ ਦੇ ਨਾਮ ਵਿੱਚ ਸਾਰਾ ਕੁਝ ਕਰਨ ਦੀ ਹਿਦਾਇਤ ਦਿੰਦੀ ਹੈ! ਆਓ ਇਹ ਕਰੀਏ। ਚੇਤੇ ਰੱਖੋ, ਕਿ ਅਸੀਂ ਅਧਿਆਇ 7 ਵਿੱਚ ਪਹਿਲਾਂ ਹੀ ਅਧਿਐਨ ਕਰ ਚੁੱਕੇ ਹਾਂ, ਕਿ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ ਤਾਂ ਕੀ ਹੁੰਦਾ ਹੈ। ਜਦੋਂ ਅਸੀਂ "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ" ਘੋਸ਼ਣਾ ਕਰਦੇ ਹਾਂ, ਤਾਂ ਇਹ ਪ੍ਰਭੂ ਯਿਸੂ ਮਸੀਹ ਨੂੰ ਪਰਸਥਿਤੀ ਵਿੱਚ ਲਿਆਉਂਦਾ ਹੈ। ਪ੍ਰਭੂ ਯਿਸੂ ਮਸੀਹ ਦੀ ਹਜ਼ੂਰੀ, ਸਮਰੱਥਾ, ਅਧਿਕਾਰ ਅਤੇ ਪ੍ਰਭੂ ਯਿਸੂ ਮਸੀਹ ਦਾ ਆਤਮਾ ਸਾਰੇ ਮਾਮਲੇ ਵਿੱਚ ਸ਼ਾਮਲ ਹੁੰਦੇ ਹਨ। ਜੋ ਉਹ ਸਭ ਹਨ ਉਹ ਹੁਣ ਹਾਲਾਤ ਨੂੰ ਬਣਾਉਣ ਲਈ ਆ ਜਾਂਦੇ ਹਨ, ਕਿਉਂਕਿ ਅਸੀਂ ਉਹਨਾਂ ਦੇ ਨਾਮ ਨੂੰ ਪੁਕਾਰਿਆ ਹੈ ਅਤੇ ਘੋਸ਼ਣਾ ਕੀਤੀ ਹੈ ਕਿ ਅਸੀਂ ਉਹਨਾਂ ਦੇ ਨਾਮ ਵਿੱਚ ਕੰਮ ਕਰ ਰਹੇ ਹਾਂ।

- ਜਦੋਂ ਸਵੇਰ ਨੂੰ ਤੁਸੀਂ ਉੱਠਦੇ ਹੋ ਅਤੇ ਆਪਣੇ ਪੈਰ ਫਰਸ਼ ਉੱਤੇ ਰੱਖਦੇ ਹੋ, ਤਾਂ ਘੋਸ਼ਣਾ ਕਰੋ, "ਮੈਂ ਇਸ ਦਿਨ ਦੌਰਾਨ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਂਦਾ ਹਾਂ। ਮੈਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਸਾਰੇ ਤਰੀਕਿਆਂ ਉੱਤੇ ਜਿੱਤ, ਅਸੀਸ, ਸ਼ਾਂਤੀ, ਅਨੰਦ, ਬੁੱਧੀ ਅਤੇ ਖ਼ੁਸ਼ਹਾਲੀ ਦੀ ਘੋਸ਼ਣਾ ਕਰਦਾ ਹਾਂ"।
- ਜਦੋਂ ਤੁਸੀਂ ਰਸੋਈ ਵਿੱਚ ਖਾਣਾ ਪਕਾਉਂਦੇ ਹੋ, ਤਾਂ ਘੋਸ਼ਣਾ ਕਰੋ, "ਮੈਂ ਅੱਜ

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਖਾਣਾ ਪਕਾਉਂਦਾ ਹਾਂ"।

- ਜਦੋਂ ਤੁਸੀਂ ਵਾਹਨ ਨੂੰ ਚਲਾਉਣ ਲਈ ਜਾਂਦੇ ਹੋ, ਤਾਂ ਘੋਸ਼ਣਾ ਕਰੋ, "ਮੈਂ ਅੱਜ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਵਾਹਨ ਨੂੰ ਚਲਾਉਂਦਾ ਹਾਂ"।
- ਜਦੋਂ ਤੁਸੀਂ ਕਿਸੇ ਵਪਾਰਕ ਮੁਲਾਕਾਤ ਵਿੱਚ ਜਾਂਦੇ ਹੋ, ਤਾਂ ਘੋਸ਼ਣਾ ਕਰੋ, "ਮੈਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇਸ ਮੁਲਾਕਾਤ ਵਿੱਚ ਜਾਂਦਾ ਹਾਂ"।
- ਜਦੋਂ ਤੁਸੀਂ ਕਿਸੇ ਦੀ ਸਹਾਇਤਾ ਕਰ ਰਹੇ ਹੁੰਦੇ ਹੋ, ਕਿਸੇ ਦੀ ਸੇਵਾ ਕਰ ਰਹੇ ਹੁੰਦੇ ਹੋ, ਕਿਸੇ ਲਈ ਪ੍ਰਾਰਥਨਾ ਕਰ ਰਹੇ ਹੁੰਦੇ ਹੋ, ਉਹਨਾਂ ਦੀਆਂ ਲੋੜਾਂ ਦੀ ਸੇਵਾ ਕਰ ਰਹੇ ਹੁੰਦੇ ਹੋ, ਉਹਨਾਂ ਦੀ ਲੋੜ ਨੂੰ ਪੂਰਾ ਕਰ ਰਹੇ ਹੁੰਦੇ ਹੋ, ਚੰਗਿਆਈ ਜਾਂ ਛੁਟਕਾਰੇ ਦੀ ਸੇਵਾ ਕਰ ਰਹੇ ਹੁੰਦੇ ਹੋ, ਤਾਂ ਇਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰੋ।

ਜੋ ਕੁਝ ਵੀ ਤੁਸੀਂ ਕਰਦੇ ਹੋ, ਘੋਸ਼ਣਾ ਕਰੋ ਕਿ ਤੁਸੀਂ ਇਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰ ਰਹੇ ਹੋ। ਫਿਰ ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰੋ। ਸੋਚੋ, ਕਹੋ, ਅਤੇ ਉਹ ਕਰੋ ਜੋ ਪ੍ਰਭੂ ਯਿਸੂ ਮਸੀਹ ਕਰਨਾ ਚਾਹੁੰਦੇ ਹਨ। ਪਵਿੱਤਰ ਆਤਮਾ ਤੋਂ ਮੰਗੋ ਕਿ ਉਹ ਇਹ ਕਰਨ ਵਿੱਚ ਤੁਹਾਡੀ ਸਹਾਇਤਾ ਕਰੇ। *"ਤੁਹਾਡੇ ਜੀਵਨ ਦੇ ਹਰੇਕ ਕਾਰਜ ਅਤੇ ਤੁਹਾਡੇ ਬੁੱਲ੍ਹਾਂ ਤੋਂ ਆਉਣ ਵਾਲੇ ਹਰੇਕ ਸ਼ਬਦ ਨੂੰ ਸਾਡੇ ਪ੍ਰਭੂ ਯਿਸੂ, ਮਸਹ ਕੀਤੇ ਹੋਏ ਦੇ ਸੁਹੱਪਣ ਨਾਲ ਭਿੱਜ ਜਾਣ ਦਿਓ"* (ਕੁਲੁੱਸੀਆਂ 3:17)।

---

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੀਆਂ ਪ੍ਰਾਰਥਨਾਵਾਂ
ਦਾ ਉੱਤਰ ਦਿੱਤਾ ਜਾਂਦਾ ਹੈ।
ਵਡਿਆਈ, ਅਰਾਧਨਾ ਅਤੇ ਧੰਨਵਾਦ ਦੀਆਂ
ਸਾਡੀਆਂ ਭੇਟਾਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਸਵੀਕਾਰ ਕੀਤੀਆਂ ਜਾਂਦੀਆਂ ਹਨ।
ਅਸੀਂ ਜੋ ਕੁਝ ਵੀ ਆਖਦੇ ਹਾਂ ਅਤੇ ਕਰਦੇ ਹਾਂ,
ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰਦੇ ਹਾਂ।

---

# ਸਮੀਖਿਆ

(ਇਹ ਸਮੀਖਿਆ ਅਧਿਆਇ 15 ਤੋਂ ਲੈ ਕੇ ਅਧਿਆਇ 17 ਲਈ ਹੈ।)

1) ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਪਿਤਾ ਨੂੰ ਪ੍ਰਾਰਥਨਾ ਕਰਨ ਦੀ ਮਹੱਤਤਾ ਬਾਰੇ ਵਿਚਾਰ ਕਰੋ। ਤੁਸੀਂ ਆਪਣੀਆਂ ਸਾਰੀਆਂ ਪ੍ਰਾਰਥਨਾਵਾਂ ਦਾ ਉੱਤਰ ਵੇਖਣ ਲਈ "ਪ੍ਰਾਰਥਨਾ ਵਿੱਚ ਸਮਰੱਥਾ" ਕਿਸ ਤਰ੍ਹਾਂ ਵਿਕਸਿਤ ਕਰ ਸਕਦੇ ਹੋ ਅਤੇ ਜੋ ਪ੍ਰਭੂ ਯਿਸੂ ਮਸੀਹ ਨੇ ਆਖਿਆ ਸੀ ਉਸ ਵਿੱਚ ਚੱਲਣਾ ਤੁਹਾਡੇ ਪ੍ਰਾਰਥਨਾ ਜੀਵਨ ਲਈ ਕਿਸ ਤਰ੍ਹਾਂ ਤੁਹਾਡਾ ਹੋ ਸਕਦਾ ਹੈ?

2) ਇਸ ਬਾਰੇ ਵਿਚਾਰ ਕਰੋ ਕਿ ਜਦੋਂ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਆਤਮਿਕ ਬਲੀਦਾਨਾਂ ਨੂੰ ਚੜ੍ਹਾਉਂਦੇ ਹੋ ਤਾਂ ਕੀ ਹੁੰਦਾ ਹੈ। ਇਹ ਇਸ ਬਾਰੇ ਸਾਰੇ ਪ੍ਰਸ਼ਨਾਂ ਅਤੇ ਸ਼ੱਕਾਂ ਨੂੰ ਕੱਢ ਦੇਣ ਵਿੱਚ ਕਿਸ ਤਰ੍ਹਾਂ ਸਹਾਇਤਾ ਕਰਦਾ ਹੈ ਕਿ ਜਿਹੜੀ ਭੇਟ ਤੁਸੀਂ ਚੜ੍ਹਾਈ ਹੈ ਕੀ ਉਸ ਨੇ ਪਰਮੇਸ਼ਰ ਨੂੰ ਪ੍ਰਸੰਨ ਕੀਤਾ ਹੈ?

3) ਇਸ ਬਾਰੇ ਵਿਚਾਰ ਕਰੋ ਕਿ ਇਸ ਦਾ ਕੀ ਅਰਥ ਹੈ ਜਦੋਂ ਤੁਸੀਂ ਘੋਸ਼ਣਾ ਕਰਦੇ ਹੋ ਕਿ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੁਝ ਵੀ ਕਰ ਰਹੇ ਹੋ, ਭਾਵੇਂ ਇਹ—ਘਰ ਵਿੱਚ, ਕੰਮ ਤੇ ਜਾਂ ਹੋਰ ਕਿਤੇ ਵੀ ਹੋਵੇ। ਅਧਿਆਇ 7 ਦੀਆਂ ਗੱਲਾਂ ਨੂੰ ਲਾਗੂ ਕਰੋ ਜਿੱਥੇ ਅਸੀਂ ਸਮਝਾਇਆ ਹੈ, ਕਿ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਾਂ ਤਾਂ ਕੀ ਹੁੰਦਾ ਹੈ।

# 18

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਅਸੀਂ ਇਕੱਠੇ ਹੁੰਦੇ ਹਾਂ

**ਮੱਤੀ 18:18-20**
**18 ਮੈਂ ਤੁਹਾਨੂੰ ਸੱਤ ਸੱਤ ਆਖਦਾ ਹਾਂ ਭਈ ਜੋ ਕੁਝ ਤੁਸੀਂ ਧਰਤੀ ਉੱਤੇ ਬੰਨ੍ਹੋਗੇ ਸੋ ਸੁਰਗ ਵਿੱਚ**
**ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੁਸੀਂ ਧਰਤੀ ਉੱਤੇ ਖੋਲ੍ਹੋਗੇ ਸੋ ਸੁਰਗ ਵਿੱਚ ਖੋਲ੍ਹਿਆ ਜਾਵੇਗਾ।**
**19 ਫੇਰ ਮੈਂ ਤੁਹਾਨੂੰ ਆਖਦਾ ਹਾਂ, ਜੇ ਤੁਹਾਡੇ ਵਿੱਚੋਂ ਦੋ ਜਣੇ ਧਰਤੀ ਉੱਤੇ ਕਿਸੇ ਕੰਮ ਲਈ ਮਿਲ**
**ਕੇ ਬੇਨਤੀ ਕਰਨ ਤਾਂ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ ਵਿੱਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ।**
**20 ਕਿਉਂਕਿ ਜਿੱਥੇ ਦੋ ਯਾ ਤਿੰਨ ਮੇਰੇ ਨਾਮ ਉੱਤੇ ਇੱਕਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।**

**1 ਕੁਰਿੰਥੀਆਂ 5:4**
**ਜਦ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਤੁਸੀਂ ਅਤੇ ਮੇਰਾ ਆਤਮਾ ਸਾਡੇ ਪ੍ਰਭੂ ਯਿਸੂ ਦੀ ਸਮਰੱਥਾ ਨਾਲ ਇੱਕਠੇ ਹੋਏ।**

ਪ੍ਰਭੂ ਯਿਸੂ ਮਸੀਹ ਨੇ ਸਪਸ਼ਟ ਕੀਤਾ ਹੈ ਕਿ ਜਦੋਂ ਦੋ ਜਾਂ ਤਿੰਨ ਉਹਨਾਂ ਦੇ ਨਾਮ ਵਿੱਚ ਇਕੱਠੇ ਹੁੰਦੇ ਹਨ, ਤਾਂ ਉਹ ਉੱਥੇ ਉਹਨਾਂ ਦੇ ਵਿਚਕਾਰ ਹੁੰਦੇ ਹਨ। ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਵਰਣਨ ਕੀਤਾ ਹੈ, ਪ੍ਰਭੂ ਯਿਸੂ ਮਸੀਹ ਦਾ ਨਾਮ ਪ੍ਰਭੂ ਯਿਸੂ ਮਸੀਹ ਨੂੰ ਵਿਚਕਾਰ ਲੈ ਕੇ ਆਉਂਦਾ ਹੈ! ਉਹ, ਪ੍ਰਭੂ ਯਿਸੂ ਮਸੀਹ, ਆਪਣੇ ਨਾਮ ਵਿੱਚ ਮੌਜੂਦ ਹਨ। ਜਦੋਂ ਅਸੀਂ ਵਿਸ਼ਵਾਸੀਆਂ ਵਜੋਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇਕੱਠੇ ਹੁੰਦੇ ਹਾਂ, ਤਾਂ ਅਸੀਂ ਇਕੱਠੇ ਬਹੁਤ ਸਾਰੇ ਕੰਮ ਕਰ ਸਕਦੇ ਹਾਂ। ਅਸੀਂ ਅਰਾਧਨਾ, ਪ੍ਰਾਰਥਨਾ, ਉਹਨਾਂ ਦੇ ਵਚਨ ਦਾ ਅਧਿਐਨ, ਸੰਗਤ, ਉਤਸ਼ਾਹਿਤ, ਇੱਕ ਦੂਜੇ ਦੀ ਸੇਵਾ ਕਰ ਸਕਦੇ ਹਾਂ, ਅਤੇ ਹੋਰ ਵੀ ਬਹੁਤ ਕੁਝ ਕਰ ਸਕਦੇ ਹਾਂ। ਮੱਤੀ ਦੇ ਦਿੱਤੇ ਗਏ ਹਵਾਲੇ ਵਿੱਚ, ਅਸੀਂ ਵਿਸ਼ੇਸ਼ ਤੌਰ ਤੇ ਦੇਖਦੇ ਹਾਂ ਕਿ ਪ੍ਰਭੂ ਸਾਡੇ ਵਿਚਕਾਰ ਮੌਜੂਦ ਹੋਣ ਦੇ ਨਾਲ, ਅਸੀਂ ਉਹਨਾਂ ਦੇ ਅਧਿਕਾਰ ਅਤੇ ਸਮਰੱਥਾ ਨਾਲ ਇਕੱਠਾ ਹੁੰਦੇ ਹਾਂ ਅਤੇ ਸਹਿਮਤੀ ਦੀ ਪ੍ਰਾਰਥਨਾ ਦੁਆਰਾ (ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਇਕੱਠੇ ਹੋਏ ਲੋਕ ਪ੍ਰਾਰਥਨਾ ਵਿੱਚ ਇਕੱਠੇ ਸਹਿਮਤ ਹਨ) "ਬੰਨ੍ਹਣ ਅਤੇ ਖੋਲ੍ਹਣ" ਰਾਹੀਂ ਧਰਤੀ ਉੱਤੇ ਮਾਮਲਿਆਂ ਨੂੰ ਪੈਦਾ ਕਰਨ ਦਾ ਕਾਰਨ ਬਣਦੇ ਹਾਂ।

ਪੌਲੁਸ ਰਸੂਲ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਜਦੋਂ ਉਹ ਆਖਦਾ ਹੈ ਕਿ ਜਿਵੇਂ ਵਿਸ਼ਵਾਸੀ ਸਾਡੇ ਪ੍ਰਭੂ ਯਿਸੂ ਦੇ ਨਾਮ ਵਿੱਚ ਇਕੱਠੇ ਹੋਏ ਹਨ, ਸਾਡੇ ਪ੍ਰਭੂ ਯਿਸੂ ਦੀ ਸਮਰੱਥਾ ਵੀ ਉੱਥੇ ਮੌਜੂਦ ਹੈ।

ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸੀਆਂ ਵਜੋਂ ਇਕੱਠੇ ਹੁੰਦੇ ਹਾਂ, ਭਾਵੇਂ ਕਿ ਸਾਡੇ ਵਿੱਚੋਂ ਦੋ, ਸਾਡੇ ਵਿੱਚੋਂ ਤਿੰਨ ਹੋਣ, ਜਾਂ ਸਾਡੇ ਵਿੱਚੋਂ ਬਹੁਤ ਸਾਰੇ ਇਕੱਠੇ ਹੋਣ, ਪ੍ਰਭੂ ਯਿਸੂ ਮਸੀਹ ਸਾਡੇ ਵਿਚਕਾਰ ਮੌਜੂਦ ਹਨ। ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਸਾਡੇ ਲਈ ਉਪਲੱਬਧ ਹੈ ਕਿ ਅਸੀਂ ਉਹਨਾਂ ਮਾਮਲਿਆਂ ਨੂੰ ਸਹਿ ਸਕੀਏ ਜੋ ਸਾਡੀ ਲਈ ਚਿੰਤਾ ਹਨ। ਸਾਨੂੰ ਸਹਿਮਤੀ ਵਿੱਚ ਆਉਣਾ ਚਾਹੀਦਾ ਹੈ, ਇੱਕ ਮਨ ਅਤੇ ਇੱਕ ਜਾਨ ਹੋਣਾ ਚਾਹੀਦਾ ਹੈ, ਅਤੇ ਸਹਿਮਤੀ ਦੀ ਪ੍ਰਾਰਥਨਾ ਰਾਹੀਂ, ਸਾਡੇ ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਨੂੰ ਉਹਨਾਂ ਪਰਸਥਿਤੀਆਂ ਵਿੱਚ ਕੰਮ ਕਰਨ ਦੇ ਕਾਰਨ ਬਣਨਾ ਚਾਹੀਦਾ ਹੈ, ਜਿਹਨਾਂ ਬਾਰੇ ਅਸੀਂ ਪ੍ਰਾਰਥਨਾ ਕਰਦੇ ਹਾਂ। ਅਸੀਂ ਪਿਤਾ ਦੀ ਮਰਜ਼ੀ ਦੇ ਅਨੁਸਾਰ ਧਰਤੀ ਉੱਤੇ ਵਸਤਾਂ ਨੂੰ ਇਜਾਜ਼ਤ ਦਿੰਦੇ ਅਤੇ ਮਨ੍ਹਾਂ ਕਰਦੇ ਹੋਏ ਧਰਤੀ ਉੱਤੇ ਬੰਨ੍ਹਦੇ ਅਤੇ ਖੋਲ੍ਹਦੇ ਹਾਂ, ਅਤੇ ਸਵਰਗ ਇਸ ਦਾ ਸਮਰਥਨ ਕਰਦਾ ਹੈ। ਜਿਵੇਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇਕੱਠੇ ਹੁੰਦੇ ਹਾਂ, ਤਾਂ ਸਾਡੇ ਲਈ ਸਮਰੱਥਾ, ਰਾਜ ਅਤੇ ਅਧਿਕਾਰ ਦੇ ਮਹਾਨ ਖੇਤਰ ਉਪਲੱਬਧ ਹਨ। ਆਓ ਅਸੀਂ ਉਸ ਦਾ ਲਾਭ ਚੁੱਕੀਏ ਜੋ ਪ੍ਰਭੂ ਯਿਸੂ ਮਸੀਹ ਨੇ ਸਾਡੇ ਲਈ ਉਪਲੱਬਧ ਕਰਵਾਇਆ ਹੈ।

(**ਸਮੀਖਿਆ** ਅਧਿਆਇ 19 ਤੋਂ ਬਾਅਦ ਦਿੱਤੀ ਗਈ ਹੈ)।

# 19

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਕ ਦੂਜੇ ਨੂੰ ਸਵੀਕਾਰ ਕਰੋ, ਆਦਰ ਕਰੋ ਅਤੇ ਅਸੀਸ ਦਿਓ

**ਮੱਤੀ 10:41,42**

**41 ਜਿਹੜਾ ਨਬੀ ਦੇ ਨਾਉਂ ਉੱਤੇ ਨਬੀ ਨੂੰ ਕਬੂਲ ਕਰੇ ਉਹ ਨਬੀ ਦਾ ਫਲ ਪਾਵੇਗਾ ਅਤੇ ਜਿਹੜਾ ਧਰਮੀ ਦੇ ਨਾਉਂ ਉੱਤੇ ਧਰਮੀ ਨੂੰ ਕਬੂਲ ਕਰੇ ਉਹ ਧਰਮੀ ਦਾ ਫਲ ਪਾਵੇਗਾ।**

**42 ਜੋ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਇਕ ਨੂੰ ਚੇਲੇ ਦੇ ਨਾਉਂ ਉੱਤੇ ਨਿਰਾ ਇੱਕ ਕਟੋਰਾ ਠੰਢੇ ਪਾਣੀ ਦਾ ਪਿਆਵੇ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਉਹ ਆਪਣਾ ਫਲ ਕਦੀ ਨਾ ਗੁਆਵੇਗਾ।**

**ਮਰਕੁਸ 9:37 (ਮੱਤੀ 18:5; ਲੂਕਾ 9:48 ਵੀ ਦੇਖੋ)**

**ਜੋ ਕੋਈ ਮੇਰੇ ਨਾਮ ਕਰਕੇ ਅਜਿਹਿਆਂ ਬਾਲਕਾਂ ਵਿੱਚੋਂ ਇੱਕ ਨੂੰ ਕਬੂਲ ਕਰੇ ਸੋ ਮੈਨੂੰ ਕਬੂਲ ਕਰਦਾ ਹੈ ਅਤੇ ਜੋ ਮੈਨੂੰ ਕਬੂਲ ਕਰੇ ਸੋ ਮੈਨੂੰ ਨਹੀਂ ਸਗੋਂ ਮੇਰੇ ਭੇਜਣ ਵਾਲੇ ਨੂੰ ਕਬੂਲ ਕਰਦਾ ਹੈ।**

**ਇਬਰਾਨੀਆਂ 6:10**

**ਕਿਉਂ ਜੋ ਪਰਮੇਸ਼ਰ ਕੁਨਿਆਈ ਨਹੀਂ ਜੋ ਤੁਹਾਡੇ ਕੰਮ ਨੂੰ ਅਤੇ ਉਸ ਪ੍ਰੇਮ ਨੂੰ ਭੁੱਲ ਜਾਵੇ ਜਿਹੜਾ ਤੁਸਾਂ ਉਹ ਦੇ ਨਾਮ ਨਾਲ ਵਿਖਾਇਆ ਭਈ ਤੁਸਾਂ ਸੰਤਾਂ ਦੀ ਸੇਵਾ ਕੀਤੀ, ਨਾਲੇ ਕਰਦੇ ਭੀ ਹੋ।**

**3 ਯੂਹੰਨਾ 1:5-8**

**5 ਪਿਆਰਿਆ, ਤੂੰ ਜੋ ਸੇਵਾ ਭਰਾਵਾਂ ਨਾਲ ਅਤੇ ਪਰਦੇਸੀਆਂ ਨਾਲ ਵੀ ਕਰਦਾ ਹੈਂ ਸੋ ਵਫ਼ਾਦਾਰੀ ਦਾ ਕੰਮ ਕਰਦਾ ਹੈਂ।**

**6 ਜਿਨ੍ਹਾਂ ਨੇ ਕਲੀਸਿਯਾ ਦੇ ਅੱਗੇ ਤੇਰੇ ਪ੍ਰੇਮ ਦੀ ਸਾਖੀ ਦਿੱਤੀ। ਜੇ ਤੂੰ ਓਹਨਾਂ ਨੂੰ ਅਗਾਹਾਂ ਪੁਚਾ ਦੇਵੇਂ ਜਿਸ ਤਰਾਂ ਪਰਮੇਸ਼ਰ ਦੇ ਸੇਵਕਾਂ ਨੂੰ ਕਰਨਾ ਜੋਗ ਹੈ ਤਾਂ ਚੰਗਾ ਕਰੇ।**

**7 ਕਿਉਂ ਜੋ ਓਹ ਉਸ ਨਾਮ ਦੇ ਨਮਿੱਤ ਨਿੱਕਲ ਤੁਰੇ ਅਤੇ ਪਰਾਈਆਂ ਕੌਮਾਂ ਤੋਂ ਕੁਝ ਨਹੀਂ ਲੈਂਦੇ।**

**8 ਇਸ ਲਈ ਸਾਨੂੰ ਚਾਹੀਦਾ ਹੈ ਜੋ ਇਹੋ ਜੇਹਿਆਂ ਦੀ ਆਗਤ ਭਾਗਤ ਕਰੀਏ ਭਈ ਸਚਿਆਈ ਵਿੱਚ ਓਹਨਾਂ ਦੇ ਨਾਲ ਦੇ ਕੰਮ ਕਰਨ ਵਾਲੇ ਹੋਈਏ।**

ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਕਾਰਨ ਕਿਸੇ ਦਾ ਆਦਰ ਕਰਦੇ ਹਾਂ, ਤਾਂ ਅਸੀਂ ਖੁਦ ਪ੍ਰਭੂ ਯਿਸੂ ਮਸੀਹ ਦਾ ਹੀ ਆਦਰ ਕਰਦੇ ਹਾਂ। ਭਾਵੇਂ ਕਿ ਇਹ ਕੋਈ ਹੋਰ ਚੇਲਾ ਹੈ, ਇੱਥੋਂ ਤੱਕ ਕਿ ਭਾਵੇਂ ਇੱਕ ਛੋਟਾ ਬੱਚਾ, ਜਾਂ ਇੰਜੀਲ ਦਾ ਸੇਵਕ ਹੈ, ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਕਾਰਨ ਉਹਨਾਂ ਦਾ

ਆਦਰ ਕਰਦੇ ਹਾਂ, ਤਾਂ ਅਸੀਂ ਪ੍ਰਭੂ ਯਿਸੂ ਮਸੀਹ ਅਤੇ ਪਿਤਾ ਦਾ ਆਦਰ ਕਰਦੇ ਹਾਂ। ਅਸੀਂ ਜਿਹੜੀ ਭਲਿਆਈ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰਦੇ ਹਾਂ, ਭਾਂਵੇ ਉਹ ਸਾਧੇ ਠੰਡੇ ਪਾਣੀ ਦੇ ਪਿਆਲਾ ਦੀ ਭੇਟ ਹੋਵੇ, ਜਾਂ ਪਿਆਰ ਦੀ ਹੋਰ ਕੋਈ ਮਿਹਨਤ ਹੋਵੇ, ਇਹ ਖੁਦ ਪ੍ਰਭੂ ਲਈ ਹੀ ਕੀਤਾ ਜਾਂਦਾ ਹੈ। ਜਿਹੜੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸੇਵਕਾਈ ਲਈ ਜਾਂਦੇ ਹਨ, ਜਦੋਂ ਅਸੀਂ ਉਹਨਾਂ ਦਾ ਆਦਰ ਕਰਦੇ ਹਾਂ, ਅਸੀਸ ਦਿੰਦੇ, ਅਤੇ ਸਮਰਥਨ ਕਰਦੇ ਹਾਂ, ਤਾਂ ਅਸੀਂ ਪਰਮੇਸ਼ਰ ਦੇ ਰਾਜ ਲਈ ਉਹਨਾਂ ਦੇ ਕੰਮ ਨੂੰ ਸਾਂਝਾ ਕਰਦੇ ਹਾਂ। ਅਤੇ ਪ੍ਰਭੂ ਇਹਨਾਂ ਗੱਲਾਂ ਨੂੰ ਯਾਦ ਰੱਖਣਗੇ ਅਤੇ ਸਾਨੂੰ ਇਨਾਮ ਦੇਣਗੇ।

ਸਾਡੇ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਕ ਦੂਜੇ ਨੂੰ ਕਬੂਲ ਕਰਨ ਅਤੇ ਆਦਰ ਕਰਨ ਦੇ ਮਹੱਤਵ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅਸਲ ਵਿੱਚ ਇਹ ਹੋ ਸਕਦਾ ਹੈ ਕਿ ਅਸੀਂ ਹਰੇਕ ਸਾਨੂੰ ਮਿਲਣ ਵਾਲੇ ਵਿਅਕਤੀ ਨੂੰ ਹਮੇਸ਼ਾ ਪਸੰਦ ਨਾ ਕਰੀਏ। ਹੋ ਸਕਦਾ ਹੈ ਕਿ ਅਸੀਂ ਹਰੇਕ ਵਿਅਕਤੀ ਦੀਆਂ ਸਾਰੀਆਂ ਗੱਲ ਵਿੱਚ ਸਹਿਮਤ ਨਾ ਹੋਈਏ। ਪਰ ਅਸੀਂ ਤਾਂ ਵੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਿਆਰ ਨਾਲ ਚੱਲ ਸਕਦੇ ਹਾਂ, ਆਦਰ ਅਤੇ ਇੱਕ ਦੂਜੇ ਨੂੰ ਅਸੀਸ ਦੇ ਸਕਦੇ ਹਾਂ।

ਜਦ ਕਿ ਪਵਿੱਤਰ-ਗ੍ਰੰਥ ਸਾਨੂੰ *"ਵਚਨ ਸੁਣਾਉਣ ਅਤੇ ਸਿੱਖਿਆ ਦੇਣ ਵਿੱਚ ਮਿਹਨਤ ਕਰਨ ਵਾਲਿਆਂ"* ਨੂੰ *"ਦੁੱਗਣਾ ਆਦਰ"* ਦੇਣ ਦੇ ਬਾਰੇ ਸਿਖਾਉਂਦਾ ਹੈ (1 ਤਿਮੋਥਿਉਸ 5:17), ਸਾਨੂੰ ਪਰਮੇਸ਼ਰ ਦੇ ਸਭ ਤੋਂ ਛੋਟੇ ਸੰਤਾਂ ਨੂੰ ਅਸੀਸ ਦੇਣ ਲਈ ਇਸ ਨੂੰ ਘੱਟ ਮਹੱਤਵਪੂਰਨ ਨਹੀਂ ਸਮਝਣਾ ਚਾਹੀਦਾ ਹੈ। ਪ੍ਰਭੂ ਯਿਸੂ ਮਸੀਹ ਨੇ ਆਖਿਆ ਸੀ, *"...ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ"* (ਮੱਤੀ 25:40)। ਅਸੀਂ ਜੋ ਕੁਝ ਵੀ ਕਰਦੇ ਹਾਂ, ਛੋਟਾ ਜਾਂ ਵੱਡਾ, ਜਦੋਂ ਅਸੀਂ ਇਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਰਮੇਸ਼ਰ ਦੇ ਇੱਕ ਛੋਟੇ ਸੰਤ ਜਾਂ ਪਰਮੇਸ਼ਰ ਦੇ ਇੱਕ ਪ੍ਰਸਿੱਧ ਸੇਵਕ ਲਈ ਕਰਦੇ ਹਾਂ, ਤਾਂ ਅਸੀਂ ਇਹ ਪ੍ਰਭੂ ਯਿਸੂ ਮਸੀਹ ਲਈ ਕਰ ਰਹੇ ਹੁੰਦੇ ਹਾਂ। ਇਹੋ ਤਾਂ ਮਹੱਤਵ ਰੱਖਦਾ ਹੈ। ਜਦੋਂ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰ ਰਹੇ ਹੁੰਦੇ ਹਾਂ।

[**ਸਾਈਡ ਨੋਟ:** ਸਾਵਧਾਨੀ ਦੇ ਨੋਟ ਵਜੋਂ, ਸਾਨੂੰ *"ਸੱਪਾਂ ਵਰਗੇ ਹੁਸ਼ਿਆਰ"* ਵੀ ਹੋਣਾ ਚਾਹੀਦਾ ਹੈ ਅਤੇ ਦੂਸਰਿਆਂ ਨੂੰ ਸਾਡੀ ਦਿਆਲਤਾ ਦੀ ਦੁਰਵਰਤੋਂ ਕਰਨ

ਅਤੇ "ਚੇਲੇ ਦੇ ਨਾਮ ਉੱਤੇ" ਸਾਡੇ ਪਰਮੇਸ਼ਰ ਦੁਆਰਾ ਦਿੱਤੇ ਸਮੇਂ ਦੇ ਸਾਧਨ, ਊਰਜਾ ਅਤੇ ਪੈਸੇ ਨੂੰ ਬਰਬਾਦ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ।]

ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇਕੱਠੇ ਹੁੰਦੇ ਹਾਂ,
ਤਾਂ ਪ੍ਰਭੂ ਯਿਸੂ ਮਸੀਹ ਸਾਡੇ ਵਿਚਕਾਰ ਹੁੰਦੇ ਹਨ
ਅਤੇ ਉਹਨਾਂ ਦੀ ਸਮਰੱਥਾ ਉਪਲੱਬਧ ਹੁੰਦੀ ਹੈ!
ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਇੱਕ ਦੂਜੇ ਦਾ ਆਦਰ ਕਰਦੇ ਹਾਂ ਅਤੇ ਅਸੀਸ ਦਿੰਦੇ ਹਾਂ,
ਤਾਂ ਅਸੀਂ ਪ੍ਰਭੂ ਯਿਸੂ ਮਸੀਹ ਅਤੇ ਪਿਤਾ ਦਾ ਆਦਰ ਕਰਦੇ ਹਾਂ!

## ਸਮੀਖਿਆ

(ਇਹ ਸਮੀਖਿਆ ਅਧਿਆਇ 18 ਤੋਂ ਲੈ ਕੇ ਅਧਿਆਇ 19 ਲਈ ਹੈ।)

1) ਇਸ ਸਚਿਆਈ ਉੱਤੇ ਵਿਚਾਰ ਕਰੋ ਕਿ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇਕੱਠੇ ਹੁੰਦੇ ਹਾਂ, ਤਾਂ ਪ੍ਰਭੂ ਯਿਸੂ ਮਸੀਹ ਸਾਡੇ ਵਿਚਕਾਰ ਹਨ ਅਤੇ ਉਹਨਾਂ ਦੀ ਸਮਰੱਥਾ ਉਪਲੱਬਧ ਹੈ। ਪ੍ਰਭੂ ਯਿਸੂ ਮਸੀਹ ਨੇ ਮੱਤੀ 18:18-20 ਵਿੱਚ ਸਾਨੂੰ ਕਿਹੜੀਆਂ ਹਿਦਾਇਤਾਂ ਦਿੱਤੀਆਂ ਹਨ ਜਿਹੜੀਆਂ ਸਾਨੂੰ ਸਿਖਾਉਂਦੀਆਂ ਹਨ ਕਿ ਅਸੀਂ ਉਸ ਦੀ ਮੌਜੂਦਗੀ ਅਤੇ ਸਮਰੱਥਾ ਤੋਂ ਕਿਸ ਤਰ੍ਹਾਂ ਲੈ ਸਕਦੇ ਹਾਂ ਅਤੇ ਧਰਤੀ ਉੱਤੇ ਮਾਮਲਿਆਂ ਨੂੰ ਪ੍ਰਭਾਵਿਤ ਕਰਨ ਦਾ ਕਾਰਨ ਬਣ ਸਕਦੇ ਹਾਂ?

2) ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦੂਜਿਆਂ ਨੂੰ ਆਦਰ ਅਤੇ ਅਸੀਸ ਦੇਣ ਨੂੰ ਆਪਣੀ ਜੀਵਨ ਸ਼ੈਲੀ ਦਾ ਇੱਕ ਆਮ, ਸੁਭਾਵਿਕ ਅਤੇ ਦ੍ਰਿੜ੍ਹ ਹਿੱਸਾ ਕਿਸ ਤਰ੍ਹਾਂ ਬਣਾ ਸਕਦੇ ਹੋ? ਜੇਕਰ ਅੰਦਰੂਨੀ ਮੁੱਦੇ ਹਨ (ਉਦਾਹਰਨ ਵਜੋਂ, ਨਾ ਮਾਫ਼ੀ, ਨਫ਼ਰਤ, ਪੱਖਪਾਤ, ਝਗੜਾ, ਈਰਖਾ, ਮੁਕਾਬਲੇਬਾਜ਼ੀ, ਅਸੁਰੱਖਿਆ, ਆਦਿ) ਜੋ ਤੁਹਾਨੂੰ ਇੱਕ ਜਾਂ ਇੱਕ ਤੋਂ ਵੱਧ ਲੋਕਾਂ ਦਾ ਆਦਰ ਕਰਨ ਤੋਂ ਰੋਕਦੇ ਹਨ, ਤਾਂ ਪ੍ਰਭੂ ਅੱਗੇ ਇਕਰਾਰ ਕਰੋ ਅਤੇ ਪ੍ਰਭੂ ਨੂੰ ਕਹੋ

ਕਿ ਉਹ ਤੁਹਾਨੂੰ ਇਹ ਸਭ ਤੋਂ ਰਿਹਾਈ ਦੇਣ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਸਾਰੇ ਲੋਕਾਂ ਨੂੰ ਆਦਰ ਅਤੇ ਅਸੀਸ ਦੇਣ ਲਈ ਆਪਣੇ ਹਿਰਦੇ ਨੂੰ ਸਾਫ਼ ਅਤੇ ਮੁਕਤ ਰੱਖੋ।

# 20

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ, ਸਿੱਖਿਆ ਅਤੇ ਸੇਵਾ ਕਰੋ

**ਰਸੂਲਾਂ ਦੇ ਕਰਤੱਬ 4:17,18**

**[17] ਪਰ ਇਸ ਲਈ ਜੋ ਲੋਕਾਂ ਵਿੱਚ ਹੋਰ ਨਾ ਖਿੰਡ ਜਾਏ, ਆਓ ਅਸੀਂ ਓਹਨਾਂ ਨੂੰ ਦਬਕਾਈਏ ਜੋ ਓਹ ਐਸ ਨਾਮ ਦਾ ਫੇਰ ਕਿਸੇ ਮਨੁੱਖ ਨਾਲ ਚਰਚਾ ਨਾ ਕਰਨ।**

**[18] ਤਦ ਓਹਨਾਂ ਨੂੰ ਸੱਦ ਕੇ ਤਗੀਦ ਕੀਤੀ ਭਈ ਕਦੇ ਯਿਸੂ ਦੇ ਨਾਮ ਉੱਤੇ ਨਾ ਕੂਣਾ ਨਾ ਸਿੱਖਿਆ ਦੇਣੀ।**

**ਰਸੂਲਾਂ ਦੇ ਕਰਤੱਬ 5:28**

**ਭਈ ਅਸੀਂ ਤਾਂ ਤੁਹਾਨੂੰ ਤਗੀਦ ਨਾਲ ਹੁਕਮ ਕੀਤਾ ਸੀ ਜੋ ਇਸ ਨਾਮ ਦਾ ਉਪਦੇਸ਼ ਨਾ ਕਰਨਾ ਅਤੇ ਵੇਖੋ ਤੁਸਾਂ ਯਰੂਸ਼ਲਮ ਨੂੰ ਆਪਣੀ ਸਿੱਖਿਆ ਨਾਲ ਭਰ ਦਿੱਤਾ, ਨਾਲੇ ਚਾਹੁੰਦੇ ਹੋ ਜੋ ਇਸ ਮਨੁੱਖ ਦਾ ਖ਼ੂਨ ਸਾਡੇ ਜੁੰਮੇ ਲਾਓ।**

ਧਾਰਮਿਕ ਆਗੂ ਪਹਿਲੀ ਸਦੀ ਦੀ ਕਲੀਸਿਯਾ ਬਾਰੇ ਜਿਹੜੀਆਂ ਗੱਲਾਂ ਤੋਂ ਡਰਦੇ ਸਨ, ਉਹਨਾਂ ਵਿੱਚੋਂ ਇੱਕ ਗੱਲ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ, ਸਿੱਖਿਆ, ਅਤੇ ਸੇਵਾ ਕਰਨ ਦੀ ਸੀ। ਉਹ ਉਸ ਨਾਮ ਤੋਂ ਡਰਦੇ ਸਨ! ਇਹ ਸਾਡੇ ਸਮੇਂ ਦੌਰਾਨ ਵੀ ਸੱਚ ਹੈ। ਜਦੋਂ ਤੱਕ ਅਸੀਂ "ਪ੍ਰਭੂ ਯਿਸੂ ਮਸੀਹ" ਦੇ ਨਾਮ ਦਾ ਉੱਲੇਖ ਨਹੀਂ ਕਰਦੇ, ਉਸ ਸਮੇਂ ਤੱਕ ਲੋਕ ਚੰਗੇ ਧਰਮ ਉਪਦੇਸ਼ਾਂ, ਪ੍ਰਵਚਨ ਅਤੇ ਪ੍ਰੇਰਣਾਦਾਇਕ ਭਾਸ਼ਣਾਂ ਤੋਂ ਕੋਈ ਇਤਰਾਜ਼ ਨਹੀਂ ਕਰਦੇ ਹਨ। ਫਿਰ ਵੀ, ਬਾਹਰੀ ਦਬਾਅ ਅਤੇ ਧਮਕੀਆਂ ਨੇ ਰਸੂਲਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਿੱਖਿਆ ਦੇਣ, ਪ੍ਰਚਾਰ ਕਰਨ ਅਤੇ ਸੇਵਾ ਕਰਨ ਤੋਂ ਨਹੀਂ ਰੋਕਿਆ ਸੀ। ਉਹ ਇਸ ਨਾਮ ਦੀ ਸੇਵਾ ਕਰਦੇ ਰਹੇ, ਅਤੇ ਸਾਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਸਾਡੇ ਜੀਵਨ ਅਤੇ ਸੇਵਕਾਈ ਦਾ ਸਭ ਕੁਝ ਜੋ ਅਸੀਂ ਪ੍ਰਚਾਰ ਹਾਂ ਅਤੇ ਸਿਖਾਉਂਦੇ ਹਾਂ, ਉਸ ਦਾ ਅਧਾਰ ਇਸ ਨਾਮ ਵਿੱਚ ਹੈ।

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ ਕਰਨਾ ਜੀਵਨਾਂ ਨੂੰ ਬਦਲਦਾ ਹੈ, ਅਤੇ ਚੰਗਿਆਈ, ਚਮਤਕਾਰ ਅਤੇ ਛੁਟਕਾਰੇ ਦਾ ਕਾਰਨ ਬਣਦਾ ਹੈ। ਇਹ

ਉਹ ਹੀ ਹੈ ਜੋ ਉਹਨਾਂ ਮੁੱਢਲੇ ਦਿਨਾਂ ਦੌਰਾਨ ਯਰੂਸ਼ਲਮ ਵਿੱਚ ਵਾਪਰਿਆ ਸੀ।

**ਰਸੂਲਾਂ ਦੇ ਕਰਤੱਬ 8:5-8,12**
**5 ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ।**
**6 ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ।**
**7 ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ।**
**8 ਅਰ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ।**
**12 ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪਰਤੀਤ ਕੀਤੀ ਜੋ ਪਰਮੇਸ਼ਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ ਖਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ।**

ਫ਼ਿਲਿੱਪੁਸ ਸਿੱਖਿਆ ਲੈ ਕੇ ਯਰੂਸ਼ਲਮ ਦੀ ਸਥਾਨਕ ਕਲੀਸਿਯਾ ਵਿੱਚ ਤਿਆਰ ਹੋਇਆ ਸੀ। ਸਾਮਰਿਯਾ ਵਿੱਚ, ਉਸ ਨੇ ਮਸੀਹ ਦਾ ਪ੍ਰਚਾਰ ਕੀਤਾ ਸੀ, ਜਿਸ ਵਿੱਚ ਪਰਮੇਸ਼ਰ ਦੇ ਰਾਜ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਬਾਰੇ ਪ੍ਰਚਾਰ ਕਰਨਾ ਸ਼ਾਮਲ ਸੀ। ਫ਼ਿਲਿਪੁੱਸ ਨੇ ਵੀ ਉਹ ਹੀ ਕੰਮ ਕੀਤਾ ਸਨ ਜਿਹੜੇ ਉਸ ਨੇ ਰਸੂਲਾਂ ਨੂੰ ਕਰਦੇ ਹੋਏ ਦੇਖਿਆ ਸੀ ਅਤੇ ਇਸ ਦੇ ਨਤੀਜੇ ਵੀ ਉਸ ਤਰ੍ਹਾਂ ਦੇ ਹੀ ਨਿੱਕਲੇ ਸਨ। ਲੋਕ ਪ੍ਰਭੂ ਯਿਸੂ ਮਸੀਹ ਵੱਲ ਮੁੜੇ, ਚਮਤਕਾਰ ਹੋਏ, ਦੁਸ਼ਟ ਆਤਮਾਵਾਂ ਕੱਢੀਆਂ ਗਈਆਂ, ਲੋਕਾਂ ਨੂੰ ਚੰਗਿਆਈ ਪ੍ਰਾਪਤ ਹੋਈ, ਅਤੇ ਲੋਕਾਂ ਨੇ ਵੱਡੇ ਅਨੰਦ ਦਾ ਅਨੁਭਵ ਕੀਤਾ! ਇਹ ਉਹ ਹੈ, ਜੋ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ ਕਰਨ ਨਾਲ ਉਤਪਤ ਹੋਵੇਗਾ।

ਜਿਸ ਤਰ੍ਹਾਂ ਕਿ ਅਸੀਂ ਅੱਜ ਪ੍ਰਚਾਰ ਕਰਦੇ ਹਾਂ, ਸਿੱਖਿਆ ਦਿੰਦੇ ਹਾਂ ਅਤੇ ਸੇਵਾ ਕਰਦੇ ਹਾਂ, ਤਾਂ ਸਾਨੂੰ ਅਜਿਹਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰਨਾ ਚਾਹੀਦਾ ਹੈ। ਇਸ ਦਾ ਅਰਥ ਹੈ ਕਿ ਅਸੀਂ ਅਜਿਹਾ ਪ੍ਰਭੂ ਯਿਸੂ ਮਸੀਹ ਨੂੰ ਪੇਸ਼ ਕਰਦੇ ਹੋਏ ਕਰਦੇ ਹਾਂ ਅਤੇ ਪ੍ਰਭੂ ਯਿਸੂ ਮਸੀਹ ਨੂੰ ਸੱਚਮੁੱਚ ਪਰਗਟ ਕਰਨ ਦਾ ਮਨੋਰਥ ਰੱਖਦੇ ਹਾਂ ਕਿ ਅਸਲ ਵਿੱਚ ਉਹ ਕੌਣ ਹਨ। ਪ੍ਰਭੂ ਯਿਸੂ ਮਸੀਹ ਨੇ ਆਪਣੀ ਕਿਸੇ ਵੀ ਸਮਰੱਥਾ ਨੂੰ ਨਹੀਂ ਗੁਆਇਆ ਹੈ ਅਤੇ ਜੇਕਰ ਅਸੀਂ ਠੀਕ ਢੰਗ ਨਾਲ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਚਾਰ ਕਰਦੇ ਹਾਂ, ਸਿੱਖਿਆ ਦਿੰਦੇ ਹਾਂ ਅਤੇ ਸੇਵਾ ਕਰਦੇ ਹਾਂ, ਤਾਂ ਅਸੀਂ ਵੀ ਉਸੇ ਤਰ੍ਹਾਂ ਦੇ ਨਤੀਜੇ ਦੇਖਾਂਗੇ ਜਿਹੜੇ ਪਹਿਲੀ ਸਦੀ ਦੀ ਕਲੀਸਿਯਾ ਨੇ ਦੇਖੇ ਸੀ।

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਸਾਨੂੰ ਆਪਣੇ ਪ੍ਰਚਾਰ ਵਿੱਚ ਦਲੇਰ ਹੋਣਾ ਚਾਹੀਦਾ ਹੈ। ਸੌਲੁਸ ਇੱਕ ਉੱਚ ਸਿੱਖਿਅਤ ਫ਼ਰੀਸੀ ਸੀ ਜੋ ਪੂਰੀ ਤਰ੍ਹਾਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਵਿਰੁੱਧ ਸੀ। ਦਮਿਸ਼ਕ ਨੂੰ ਜਾਂਦੇ ਹੋਏ, ਪ੍ਰਭੂ ਯਿਸੂ ਮਸੀਹ ਦੇ ਨਾਲ ਉਸ ਦਾ ਜਬਰਦਸਤ ਸਾਹਮਣਾ ਹੋਣ ਤੋਂ ਤੁਰੰਤ ਬਾਅਦ, ਉਹ *"ਪ੍ਰਭੂ ਦੇ ਨਾਮ ਤੇ ਬੇਧੜਕ ਬਚਨ ਕਰਦਾ ਸੀ"* (ਰਸੂਲਾਂ ਦੇ ਕਰਤੱਬ 9:27,29)।

ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਕੌਮ ਨੂੰ ਛੂਹਣ ਲਈ ਜਿਹੜੀ ਕਿਰਪਾ ਅਤੇ ਬੁਲਾਹਟ ਸਾਨੂੰ ਦਿੱਤੀ ਗਈ ਹੈ, ਸਾਡੇ ਵਿੱਚੋਂ ਹਰੇਕ ਨੂੰ ਇਸ ਨੂੰ ਪਛਾਣਨਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਰਸੂਲ ਪੌਲੁਸ ਨੇ ਰੋਮੀਆਂ 1:5 ਵਿੱਚ ਲਿਖਿਆ ਸੀ, *"ਜਿਹ ਦੇ ਰਾਹੀਂ ਅਸਾਂ ਕਿਰਪਾ ਅਤੇ ਰਸੂਲ ਦੀ ਪਦਵੀ ਪਾਈ ਭਈ ਉਹ ਦੇ ਨਾਮ ਦੀ ਖ਼ਾਤਰ ਸਭਨਾਂ ਕੌਮਾਂ ਵਿੱਚ ਨਿਹਚਾ ਦੀ ਆਗਿਆਕਾਰੀ ਹੋ ਜਾਏ।"*

ਕਲੀਸਿਯਾ ਦੇ ਸਿਰ, ਪ੍ਰਭੂ ਯਿਸੂ ਮਸੀਹ, ਸਾਨੂੰ ਦੇਖਦਾ ਹਨ ਜਦੋਂ ਅਸੀਂ ਉਹਨਾਂ ਦੇ ਨਾਮ ਵਿੱਚ ਪ੍ਰਚਾਰ ਕਰਦੇ ਹਾਂ, ਸਿੱਖਿਆ ਦਿੰਦੇ ਹਾਂ ਅਤੇ ਸੇਵਾ ਕਰਦੇ ਹਾਂ। ਉਹ ਆਪਣੇ ਨਾਮ ਦੀ ਖ਼ਾਤਰ ਸਾਡੇ ਉੱਦਮ, ਧੀਰਜ ਅਤੇ ਦ੍ਰਿੜ੍ਹ ਮਿਹਨਤ ਨੂੰ ਜਾਣਦੇ ਹਨ (ਪਰਕਾਸ਼ ਦੀ ਪੋਥੀ 2:3)।

ਇਸ ਲਈ, ਆਓ ਅਸੀਂ ਆਪਣੇ ਪ੍ਰਚਾਰ, ਸਿੱਖਿਆ ਅਤੇ ਸੇਵਕਾਈ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਮ ਨਮਿੱਤ ਸੱਚੇ ਰਹੀਏ। ਜੇਕਰ ਅਸੀਂ ਪ੍ਰਭੂ ਯਿਸੂ ਮਸੀਹ ਦਾ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਉੱਚੀ, ਦਲੇਰੀ ਅਤੇ ਮਜ਼ਬੂਤੀ ਨਾਲ ਘੋਸ਼ਣਾ ਨਹੀਂ ਕਰਦੇ ਹਾਂ, ਤਾਂ ਅਸੀਂ ਉਹਨਾਂ ਨੂੰ ਅਸਫਲ ਕਰ ਰਹੇ ਹਾਂ, ਜਿਹਨਾਂ ਨੇ ਸਾਨੂੰ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਦਾ ਵਿਸ਼ੇਸ਼ ਅਧਿਕਾਰ ਦਿੱਤਾ ਹੈ।

(**ਸਮੀਖਿਆ** ਅਧਿਆਇ 24 ਤੋਂ ਬਾਅਦ ਦਿੱਤੀ ਗਈ ਹੈ।)

# 21
# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚੰਗਾ ਕਰੋ

**ਮਰਕੁਸ 16:17,18**

17 ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ।
18 ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਗਾੜੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।

**ਰਸੂਲਾਂ ਦੇ ਕਰਤੱਬ 3:6,12,16**

6 ਪਰ ਪਤਰਸ ਨੇ ਆਖਿਆ, ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹੈ। ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ!
12 ਇਹ ਵੇਖ ਕੇ ਪਤਰਸ ਨੇ ਲੋਕਾਂ ਨੂੰ ਅੱਗੋਂ ਆਖਿਆ ਕਿ ਹੇ ਇਸਰਾਏਲੀਓ, ਐਸ ਮਨੁੱਖ ਉੱਤੇ ਤੁਸੀਂ ਕਿਉਂ ਅਚਰਜ ਮੰਨਦੇ ਹੋ ਅਤੇ ਸਾਡੀ ਵੱਲ ਇਉਂ ਕਾਹਨੂੰ ਤੱਕ ਰਹੇ ਹੋ ਭਈ ਜਾਣੀਦਾ ਅਸਾਂ ਆਪਣੀ ਸਮਰੱਥਾ ਯਾ ਭਗਤੀ ਨਾਲ ਇਹ ਨੂੰ ਤੁਰਨ ਦੀ ਸ਼ਕਤੀ ਦਿੱਤੀ?
16 ਉਹ ਦੇ ਨਾਮ ਉੱਤੇ ਨਿਹਚਾ ਕਰਨ ਕਰਕੇ ਉਹ ਦੇ ਨਾਮ ਹੀ ਨੇ ਐਸ ਮਨੁੱਖ ਨੂੰ ਜਿਹ ਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤਾ। ਹਾਂ, ਉਸੇ ਨਿਹਚਾ ਨੇ ਜਿਹੜੀ ਉਸ ਦੇ ਦੁਆਰੇ ਤੋਂ ਹੈ ਇਹ ਪੂਰੀ ਤੰਦਰੁਸਤੀ ਤੁਸਾਂ ਸਭਨਾਂ ਦੇ ਸਾਹਮਣੇ ਉਸ ਨੂੰ ਦਿੱਤੀ।

**ਰਸੂਲਾਂ ਦੇ ਕਰਤੱਬ 4:7,10**

7 ਤਾਂ ਓਹਨਾਂ ਨੂੰ ਵਿਚਾਲੇ ਖੜਾ ਕਰ ਕੇ ਪੁੱਛਿਆ, ਤੁਸਾਂ ਕਿਹੜੀ ਸ਼ਕਤੀ ਯਾ ਕਿਹੜੇ ਨਾਮ ਨਾਲ ਇਹ ਕੀਤਾ?
10 ਤਾਂ ਤੁਸਾਂ ਸਭਨਾਂ ਨੂੰ ਅਤੇ ਇਸਰਾਏਲ ਦਿਆਂ ਸਾਰਿਆਂ ਲੋਕਾਂ ਨੂੰ ਮਲੂਮ ਹੋਵੇ ਕਿ ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਜਿਹ ਨੂੰ ਤੁਸਾਂ ਸਲੀਬ ਉੱਤੇ ਚੜ੍ਹਾਇਆ ਅਤੇ ਜਿਹ ਨੂੰ ਪਰਮੇਸ਼ਰ ਨੇ ਮੁਰਦਿਆਂ ਵਿੱਚੋਂ ਜਿਵਾਲਿਆ ਉੱਸੇ ਤੋਂ ਇਹ ਮਨੁੱਖ ਤੁਹਾਡੇ ਸਾਹਮਣੇ ਚੰਗਾ ਭਲਾ ਖੜਾ ਹੈ।

**ਯਾਕੂਬ 5:14,15**

14 ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਯਾ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਓਹ ਪ੍ਰਭੁ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ।
15 ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੁ ਉਹ ਨੂੰ ਉਠਾ ਖੜਾ ਕਰੇਗਾ, ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ।

ਪ੍ਰਭੂ ਯਿਸੂ ਮਸੀਹ ਮਹਾਨ ਵੈਦ, ਸਮਰੱਥੀ ਚੰਗਾ ਕਰਨ ਵਾਲੇ ਹਨ, ਅਤੇ ਉਹਨਾਂ ਦੇ ਨਾਮ ਵਿੱਚ ਚੰਗਿਆਈ ਹੈ। ਪ੍ਰਭੂ ਯਿਸੂ ਮਸੀਹ ਨੇ ਸਾਰੇ ਵਿਸ਼ਵਾਸੀਆਂ ਨੂੰ ਉਹਨਾਂ ਦੇ ਨਾਮ ਦੀ ਵਰਤੋਂ ਕਰਕੇ ਰੋਗੀਆਂ ਨੂੰ ਚੰਗਾ ਕਰਨ ਲਈ ਹੁਕਮ ਦਿੱਤਾ ਹੈ। ਅਲੌਕਿਕ ਚੰਗਿਆਈ ਦੀ ਸੇਵਕਾਈ ਲਈ ਕੋਈ ਇੱਕ ਤਰੀਕਾ ਜਾਂ ਪਹੁੰਚ ਨਹੀਂ ਹੈ। ਅਸੀਂ ਰੋਗੀਆਂ ਉੱਤੇ ਹੱਥ ਰੱਖ ਸਕਦੇ ਹਾਂ, ਦੂਰ ਤੋਂ ਹੀ ਉਹਨਾਂ ਲਈ ਸੇਵਾ ਕਰ ਸਕਦੇ ਹਾਂ, ਫ਼ੋਨ ਕਾਲ ਉੱਤੇ ਉਹਨਾਂ ਲਈ ਸੇਵਾ ਕਰ ਸਕਦੇ ਹਾਂ, ਪ੍ਰਾਰਥਨਾ ਵਾਲਾ ਕੱਪੜਾ ਭੇਜ ਸਕਦੇ ਹਾਂ (ਕੱਪੜਾ ਜਿਸ ਉੱਤੇ ਪ੍ਰਾਰਥਨਾ ਕੀਤੀ ਗਈ ਹੋਵੇ), ਤੇਲ ਨਾਲ ਮਸਹ ਕਰ ਸਕਦੇ ਹਾਂ, ਆਦਿ। ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸੇਵਕਾਈ ਕਰ ਰਹੇ ਹੁੰਦੇ ਹਾਂ। "ਯਿਸੂ" ਨਾਮ ਦਾ ਉੱਲੇਖ, ਪ੍ਰਭੂ ਯਿਸੂ ਮਸੀਹ ਨੂੰ ਵਿੱਚ ਲਿਆਉਂਦਾ ਹੈ। ਜਦੋਂ ਅਸੀਂ ਬੋਲਦੇ ਹਾਂ ਅਤੇ ਰੋਗ ਅਤੇ ਮਾਂਦਗੀ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਛੱਡ ਕੇ ਜਾਣ ਦਾ ਅਤੇ ਚੰਗਾ ਹੋਣ ਦਾ ਹੁਕਮ ਦਿੰਦੇ ਹਾਂ, ਤਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਪ੍ਰਭੂ ਯਿਸੂ ਮਸੀਹ ਦੇ ਥਾਂ ਉੱਤੇ ਖੜ੍ਹੇ ਹੁੰਦੇ ਹਾਂ, ਉਹਨਾਂ ਨੂੰ ਪੇਸ਼ ਕਰ ਰਹੇ ਹੁੰਦੇ ਹਾਂ ਅਤੇ ਇਹ ਇਸ ਤਰ੍ਹਾਂ ਭਲਾ ਹੈ ਕਿ ਜਿਵੇਂ ਪ੍ਰਭੂ ਯਿਸੂ ਮਸੀਹ ਆਪ ਹੀ ਉਸ ਵਿਅਕਤੀ ਲਈ ਸੇਵਕਾਈ ਕਰ ਰਹੇ ਹੁੰਦੇ ਹਨ। ਸਾਡੀ ਉਮੀਦ ਇਸ ਤੋਂ ਘੱਟ ਨਹੀਂ ਹੋਣੀ ਚਾਹੀਦੀ ਕਿ ਇਹ ਉਸ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਪ੍ਰਭੂ ਯਿਸੂ ਮਸੀਹ ਸਰੀਰਕ ਤੌਰ ਤੇ ਆਪ ਉਸ ਵਿਅਕਤੀ ਦੀ ਸੇਵਾ ਕਰ ਰਹੇ ਹੁੰਦੇ ਹਨ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਰੋਗੀਆਂ ਨੂੰ ਚੰਗਾ ਕਰਨ ਦੀ ਸੇਵਾ ਦਾ ਇਹੋ ਅਰਥ ਹੈ। ਅਸੀਂ ਆਪਣੀ ਸਮਰੱਥਾ ਜਾਂ ਪਵਿੱਤਰਤਾ ਦੇ ਅਧਾਰ ਤੇ ਸੇਵਕਾਈ ਨਹੀਂ ਕਰ ਰਹੇ ਹਾਂ। ਅਸੀਂ ਉਸ ਅਧਿਕਾਰ ਅਤੇ ਸਮਰੱਥਾ ਵਿੱਚ ਸੇਵਕਾਈ ਕਰ ਰਹੇ ਹਾਂ, ਜਿਹੜੀ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਹੈ।

(**ਸਮੀਖਿਆ** ਅਧਿਆਇ 24 ਤੋਂ ਬਾਅਦ ਦਿੱਤੀ ਗਈ ਹੈ।)

# 22
# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚਮਤਕਾਰ ਕਰੋ

**ਮਰਕੁਸ 9:38,39**

**38 ਯੂਹੰਨਾ ਨੇ ਉਹ ਨੂੰ ਆਖਿਆ, ਗੁਰੂ ਜੀ, ਅਸੀਂ ਇੱਕ ਨੂੰ ਤੇਰੇ ਨਾਮ ਨਾਲ ਭੂਤ ਕੱਢਦੇ ਵੇਖਿਆ ਅਤੇ ਉਹ ਨੂੰ ਵਰਜਿਆ ਇਸ ਲਈ ਜੋ ਉਹ ਸਾਡੇ ਪਿੱਛੇ ਨਹੀਂ ਸੀ ਚੱਲਦਾ।**
**39 ਪਰ ਯਿਸੂ ਨੇ ਕਿਹਾ, ਉਹ ਨੂੰ ਨਾ ਵਰਜੋ ਕਿਉਂਕਿ ਅਜਿਹਾ ਕੋਈ ਨਹੀਂ ਜੋ ਮੇਰਾ ਨਾਮ ਲੈਕੇ ਕਰਾਮਾਤ ਕਰੇ ਅਰ ਓਵੇਂ ਮੈਨੂੰ ਬੁਰਾ ਕਹਿ ਸੱਕੇ।**

**ਮਰਕੁਸ 16:17,18**

**17 ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ।**
**18 ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ । ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।**

**ਰਸੂਲਾਂ ਦੇ ਕਰਤੱਬ 4:29-31,33**

**29 ਅਤੇ ਹੁਣ ਹੇ ਪ੍ਰਭੂ ਓਹਨਾਂ ਦੀਆਂ ਧਮਕੀਆਂ ਨੂੰ ਵੇਖ ਅਰ ਆਪਣੇ ਦਾਸਾਂ ਨੂੰ ਇਹ ਬਖ਼ਸ਼ ਕਿ ਅੱਤ ਦਲੇਰੀ ਨਾਲ ਤੇਰਾ ਬਚਨ ਸੁਣਾਉਣ।**
**30 ਜਦੋਂ ਤੂੰ ਆਪਣਾ ਹੱਥ ਚੰਗਾ ਕਰਨ ਨੂੰ ਲੰਮਾ ਕਰੇਂ ਅਤੇ ਤੇਰੇ ਪਵਿੱਤ੍ਰ ਸੇਵਕ ਯਿਸੂ ਦੇ ਨਾਮ ਤੋਂ ਨਿਸ਼ਾਨ ਅਤੇ ਅਚੰਭੇ ਪਰਗਟ ਹੋਣ।**
**31 ਜਦ ਓਹ ਬੇਨਤੀ ਕਰ ਹਟੇ ਤਾਂ ਉਹ ਥਾਂ ਜਿੱਥੇ ਓਹ ਇਕੱਠੇ ਹੋਏ ਸਨ ਹਿੱਲ ਗਿਆ ਅਤੇ ਸੱਭੋ ਪਵਿੱਤ੍ਰ ਆਤਮਾ ਨਾਲ ਭਰਪੂਰ ਹੋ ਗਏ ਅਰ ਪਰਮੇਸ਼ਰ ਦਾ ਬਚਨ ਦਲੇਰੀ ਨਾਲ ਸੁਣਾਉਣ ਲੱਗੇ।**
**33 ਅਤੇ ਰਸੂਲ ਵੱਡੀ ਸ਼ਕਤੀ ਨਾਲ ਪ੍ਰਭੂ ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ ਅਰ ਉਨ੍ਹਾਂ ਸਭਨਾਂ ਉੱਤੇ ਵੱਡੀ ਕਿਰਪਾ ਸੀ।**

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚਮਤਕਾਰ, ਨਿਸ਼ਾਨ ਅਤੇ ਅਚੰਭੇ ਹਨ। ਅਲੌਕਿਕ, ਅਨੋਖੀਆਂ, ਅਚਾਨਕ, ਅਤੇ ਅਣਹੋਣੀਆਂ ਗੱਲਾਂ ਪ੍ਰਭੂ ਯਿਸੂ ਦੇ ਨਾਮ ਮਸੀਹ ਵਿੱਚ ਵਾਪਰ ਸਕਦੀਆਂ ਹਨ। ਕੁਦਰਤੀ ਨਿਯਮਾਂ ਨੂੰ ਅਸਥਾਈ ਤੌਰ ਤੇ ਰੋਕ ਕੇ ਰੱਖਿਆ ਜਾ ਸਕਦਾ ਹੈ। ਕੁਦਰਤੀ ਖੇਤਰ ਦੀਆਂ ਵਸਤਾਂ – ਸੰਜੀਵ ਅਤੇ ਨਿਰਜੀਵ – ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਅਧਿਕਾਰ ਦੇ ਅਧੀਨ ਹਨ। ਸਾਰੇ

ਵਿਸ਼ਵਾਸੀਆਂ ਕੋਲ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਚਮਤਕਾਰਾਂ, ਨਿਸ਼ਾਨਾ ਅਤੇ ਅਚੰਭਿਆਂ ਤੱਕ ਪਹੁੰਚ ਹੈ।

ਸਥਿਤੀਆਂ, ਹਾਲਾਤ, ਅਤੇ ਪਦਾਰਥਕ ਵਸਤਾਂ, ਆਦਿ। ਕੁਦਰਤੀ ਖੇਤਰ ਵਿੱਚ ਸਾਡੇ ਉਸ ਹੁਕਮ ਨੂੰ ਉੱਤਰ ਦਿੱਤਾ ਜਾਵੇਗਾ ਜਿਹੜਾ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਰੀ ਕਰਦੇ ਹਾਂ। ਬਿਨਾਂ ਕਿਸੇ ਸ਼ੱਕ ਦੇ ਅਸੀਂ ਆਪਣੀਆਂ ਮਨਮੌਜੀਆਂ ਅਤੇ ਖ਼ਿਆਲ ਦੇ ਅਨੁਸਾਰ ਇਹਨਾਂ ਗੱਲਾਂ ਨੂੰ ਨਿਯੰਤਰਿਤ ਕਰਨ ਅਤੇ ਹੁਕਮ ਦੇਣ ਲਈ ਬੇਤੁਕੀ ਜਾਂ ਮਨਮਾਨੇ ਢੰਗ ਨਾਲ ਨਹੀਂ ਬੋਲ ਰਹੇ ਹਾਂ। ਅਸੀਂ ਅਜਿਹੀਆਂ ਗੱਲਾਂ ਨਹੀਂ ਕਰ ਸਕਦੇ ਹਾਂ। ਪਰ ਜਦੋਂ ਪਿਤਾ ਦੀ ਮਰਜ਼ੀ ਨੂੰ ਜਾਂ ਤਾਂ ਸਾਡੇ ਆਪਣੇ ਜੀਵਨ ਵਿੱਚ ਜਾਂ ਕਿਸੇ ਹੋਰ ਲਈ ਜਾਰੀ ਕਰਨ ਦੀ ਲੋੜ ਹੁੰਦੀ ਹੈ, ਤਾਂ ਅਸੀਂ ਆਪਣੇ ਦਿਲਾਂ ਵਿੱਚ ਵਿਸ਼ਵਾਸ ਨਾਲ ਉੱਠ ਸਕਦੇ ਹਾਂ, ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਕ ਹੁਕਮ ਦਾ ਸ਼ਬਦ ਬੋਲ ਸਕਦੇ ਹਾਂ, ਜਾਂ ਪ੍ਰਾਰਥਨਾ ਕਰ ਸਕਦੇ ਹਾਂ ਅਤੇ ਚਮਤਕਾਰ ਹੁੰਦਾ ਦੇਖ ਸਕਦੇ ਹਾਂ। ਪ੍ਰਭੂ ਯਿਸੂ ਮਸੀਹ ਚਮਤਕਾਰ ਕਰਨ ਵਾਲੇ ਹਨ। ਪ੍ਰਭੂ ਯਿਸੂ ਮਸੀਹ ਉਹ ਹੀ ਹਨ ਜੋ ਚਮਤਕਾਰ, ਨਿਸ਼ਾਨ ਅਤੇ ਅਚੰਭੇ ਕਰਦੇ ਹਨ। ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਦੀ ਵਰਤੋਂ ਕਰਕੇ ਸਾਨੂੰ ਉਹ ਕਰਨ ਦਾ ਅਧਿਕਾਰ ਦਿੱਤਾ ਹੈ ਜੋ ਆਪ ਇੱਥੇ ਹੋਣ ਤੇ ਕਰਦੇ ਸਨ। ਪਹਿਲੀ ਸਦੀ ਦੀ ਕਲੀਸਿਯਾ ਨੇ ਇਸ ਲਈ ਪ੍ਰਾਰਥਨਾ ਕੀਤੀ ਸੀ। ਉਹਨਾਂ ਨੇ ਕਿਹਾ ਸੀ ਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕੀਤੇ ਜਾ ਰਹੇ ਨਿਸ਼ਾਨ ਅਤੇ ਅਚੰਭੇ ਦੇਖਣ। ਅਤੇ ਉਹਨਾਂ ਨੇ ਇਹ ਕੀਤੇ ਸੀ। ਇਹ ਹੁਣ ਸਾਡੀ ਵਾਰੀ ਹੈ।

(**ਸਮੀਖਿਆ** ਅਧਿਆਇ 24 ਤੋਂ ਬਾਅਦ ਦਿੱਤੀ ਗਈ ਹੈ।)

# 23

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦੁਸ਼ਟ ਆਤਮਾਵਾਂ ਕੱਢੋ

**ਲੂਕਾ 10:17-19**
**[17] ਓਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ ਕਿ ਪ੍ਰਭੂ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ!**
**[18] ਉਸ ਨੇ ਉਨ੍ਹਾਂ ਨੂੰ ਆਖਿਆ, ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਅਕਾਸ਼ ਤੋਂ ਡਿੱਗਾ ਹੋਇਆ ਡਿੱਠਾ।**
**[19] ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ।**

**ਮਰਕੁਸ 16:17,18**
**[17] ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ।**
**[18] ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।**

**ਰਸੂਲਾਂ ਦੇ ਕਰਤੱਬ 16:16-18**
**[16] ਇਉਂ ਹੋਇਆ ਕਿ ਜਦ ਅਸੀਂ ਬੰਦਗੀ ਕਰਨ ਦੇ ਅਸਥਾਨ ਨੂੰ ਜਾਂਦੇ ਸਾਂ ਤਾਂ ਇੱਕ ਗੋੱਲੀ ਸਾਨੂੰ ਮਿਲੀ ਜਿਹ ਦੇ ਵਿੱਚ ਭੇਤ ਬੁਝਣ ਦੀ ਰੂਹ ਸੀ ਅਤੇ ਟੇਵੇ ਲਾ ਕੇ ਉਹ ਆਪਣੇ ਮਾਲਕਾਂ ਲਈ ਬਹੁਤ ਕੁਝ ਕਮਾ ਲਿਆਉਂਦੀ ਸੀ।**
**[17] ਸੋ ਪੌਲੁਸ ਦੇ ਅਤੇ ਸਾਡੇ ਮਗਰ ਆਣ ਕੇ ਹਾਕਾਂ ਮਾਰਦੀ ਅਤੇ ਕਹਿੰਦੀ ਸੀ ਜੋ ਏਹ ਲੋਕ ਅੱਤ ਮਹਾਂ ਪਰਮੇਸ਼ਰ ਦੇ ਦਾਸ ਹਨ ਜਿਹੜੇ ਤੁਹਾਨੂੰ ਮੁਕਤੀ ਦਾ ਰਾਹ ਦੱਸਦੇ ਹਨ!**
**[18] ਉਹ ਬਹੁਤ ਦਿਨਾਂ ਤੀਕੁਰ ਇਹ ਕਰਦੀ ਰਹੀ ਪਰ ਪੌਲੁਸ ਅੱਕ ਗਿਆ ਅਤੇ ਮੁੜ ਕੇ ਉਸ ਰੂਹ ਨੂੰ ਕਿਹਾ, ਮੈਂ ਤੈਨੂੰ ਯਿਸੂ ਮਸੀਹ ਦੇ ਨਾਮ ਨਾਲ ਹੁਕਮ ਕਰਦਾ ਹਾਂ ਜੋ ਇਹ ਦੇ ਵਿੱਚੋਂ ਨਿੱਕਲ ਜਾਹ! ਅਤੇ ਉਹ ਉਸੇ ਘੜੀ ਨਿੱਕਲ ਗਈ।**

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਹਰੇਕ ਵਿਸ਼ਵਾਸੀ ਕੋਲ ਦੁਸ਼ਟ ਆਤਮਾਵਾਂ ("ਸੱਪਾਂ ਅਤੇ ਠੂੰਹਿਆਂ") ਅਤੇ ਸ਼ੈਤਾਨ ਦੀ ਸਾਰੀ ਸ਼ਕਤੀ (ਯੂਨਾਨੀ *ਡੁਨਾਮਿਸ* ਦਾ ਅਰਥ ਹੈ "ਅਲੌਕਿਕ ਸ਼ਕਤੀ") ਉੱਤੇ ਅਧਿਕਾਰ (ਯੂਨਾਨੀ *ਐਕਸੂਸੀਆ* "ਸੌਂਪਿਆ ਗਿਆ ਅਧਿਕਾਰ") ਹੈ। ਸਾਡੇ ਕੋਲ ਵੈਰੀ ਦੀਆਂ ਸਾਰੀ ਯੋਗਤਾ ਉੱਤੇ

ਅਧਿਕਾਰ ਹੈ। ਜਿਹੜਾ ਅਧਿਕਾਰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਹੈ, ਉਸ ਅਧਿਕਾਰ ਦੀ ਵਰਤੋਂ ਕਰਦੇ ਹੋਏ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਦੁਸ਼ਟ ਆਤਮਾਵਾਂ ਨੂੰ ਕੱਢਣ ਦਾ ਹੁਕਮ ਦਿੱਤਾ ਹੈ। ਰਸੂਲਾਂ ਦੇ ਕਰਤੱਬ 16 ਅਧਿਆਇ ਵਿੱਚ, ਅਸੀਂ ਇਸ ਦੀ ਇੱਕ ਉਦਾਹਰਨ ਦੇਖਦੇ ਹਾਂ ਕਿ ਅਸੀਂ ਇਹ ਕਿਸ ਤਰ੍ਹਾਂ ਕਰਦੇ ਹਾਂ। ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦੁਸ਼ਟ ਆਤਮਾਵਾਂ ਨੂੰ ਬਾਹਰ ਆਉਣ, ਜਾਂ ਛੱਡਣ, ਜਾਂ ਉਹ ਬੰਦ ਕਰਨ ਦਾ ਹੁਕਮ ਦਿੰਦੇ ਹਾਂ ਜੋ ਉਹ ਕਰ ਰਹੀਆਂ ਹੁੰਦੀਆਂ ਹਨ। ਅਤੇ ਉਹ ਆਗਿਆ ਦਾ ਪਾਲਣ ਕਰਨਗੀਆਂ।

ਹੋ ਸਕਦਾ ਹੈ ਕਿ ਕਈ ਵਾਰ ਅਜਿਹਾ ਸਮਾਂ ਹੋਵੇ, ਜਦੋਂ ਦੁਸ਼ਟ ਆਤਮਾਵਾਂ ਸਾਡੇ ਜੀਵਨਾਂ ਵਿੱਚ ਦਖਲਅੰਦਾਜ਼ੀ ਕਰਦੀਆਂ ਹੋਈਆਂ, ਸਾਡੇ ਜੀਵਨ ਦੇ ਕੁਝ ਭਾਗਾਂ ਵਿੱਚ ਪਰੇਸ਼ਾਨ, ਸਤਾਉਣ, ਦੁੱਖ ਦੇਣ, ਜਾਂ ਤਸੀਹੇ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਸਾਨੂੰ ਸਖ਼ਤੀ ਨਾਲ ਅਤੇ ਦਲੇਰੀ ਨਾਲ ਉਹਨਾਂ ਦੇ ਕੰਮ ਨੂੰ ਝਿੜਕਣਾ ਚਾਹੀਦਾ ਹੈ, ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਉਹਨਾਂ ਦੇ ਕੰਮ ਨੂੰ ਰੋਕਣ ਅਤੇ ਉਹਨਾਂ ਨੂੰ ਛੱਡ ਕੇ ਚਲੇ ਜਾਣ ਦਾ ਹੁਕਮ ਦੇਣਾ ਚਾਹੀਦਾ ਹੈ। ਜਦੋਂ ਅਸੀਂ ਪਰਮੇਸ਼ਰ ਦੇ ਅਧੀਨ ਹੁੰਦੇ ਹਾਂ ਅਤੇ ਸ਼ੈਤਾਨ ਦਾ ਸਾਹਮਣਾ ਕਰਦੇ ਹਾਂ, ਤਾਂ ਪਵਿੱਤਰ ਗ੍ਰੰਥ ਦੱਸਦਾ ਹੈ ਕਿ ਉਹ ਸਾਡੇ ਤੋਂ ਡਰ ਕੇ ਭੱਜ ਜਾਵੇਗਾ (ਯਾਕੂਬ 4:7)। ਅਸੀਂ ਇਸੇ ਤਰ੍ਹਾਂ ਹੀ ਕਰਦੇ ਹਾਂ, ਜਦੋਂ ਅਸੀਂ ਉਹਨਾਂ ਲੋਕਾਂ ਦੀ ਸੇਵਾ ਕਰਦੇ ਹਾਂ ਜਿਹੜੇ ਕਿਸੇ ਤਰੀਕੇ ਨਾਲ ਦੁਸ਼ਟ ਆਤਮਾਵਾਂ ਦੁਆਰਾ ਪਰੇਸ਼ਾਨ ਹੋ ਸਕਦੇ ਹਨ।

ਜਦੋਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦੁਸ਼ਟ ਆਤਮਾਵਾਂ ਦਾ ਸਾਹਮਣਾ ਕਰਦੇ ਹੋ, ਤਾਂ ਜੋ ਆਤਮਿਕ ਖੇਤਰ ਵਿੱਚ ਵਾਪਰ ਰਿਹਾ ਹੁੰਦਾ ਹੈ, ਇਸ ਦਾ ਅਨੁਮਾਨ ਲਾਉਣ ਦੀ ਕੋਸ਼ਿਸ਼ ਕਰੋ। ਆਤਮਿਕ ਖੇਤਰ ਵਿੱਚ, ਤੁਸੀਂ ਮਸੀਹ ਵਿੱਚ, ਪਰਮੇਸ਼ਰ ਦੇ ਵਾਰਸ ਹੋ, ਅਤੇ ਉਹ ਮਸੀਹ ਦੇ ਨਾਲ ਇੱਕ ਸਾਂਝੇ ਵਾਰਸ ਹੋ, ਜਿਹੜੇ ਪਿਤਾ ਦੇ ਸੱਜੇ ਹੱਥ ਬਿਰਾਜਮਾਨ ਹਨ ਅਤੇ ਤੁਹਾਡੇ ਪੈਰਾਂ ਦੇ ਥੱਲੇ ਸ਼ੈਤਾਨ ਅਤੇ ਹਰ ਇੱਕ ਦੁਸ਼ਟ ਆਤਮਾ ਹੈ। ਤੁਸੀਂ ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਢੱਕੇ ਹੋਏ ਹੋ ਅਤੇ ਪਵਿੱਤਰ ਆਤਮਾ ਦੁਆਰਾ ਮਸਹ ਕੀਤੇ ਹੋਏ ਹੋ। ਤੁਹਾਡੇ ਹੱਥ ਵਿੱਚ ਆਤਮਾ ਦੀ ਤਲਵਾਰ ਹੈ ਅਤੇ ਤੁਹਾਡੇ ਕੋਲ ਪਰਮੇਸ਼ਰ ਦੇ ਉਹ ਸ਼ਸਤਰ ਬਸਤਰ ਹਨ ਜੋ ਤੁਹਾਡੀ ਰਾਖੀ ਕਰਦੇ ਹਨ। ਤੁਹਾਡੇ ਕੋਲ ਤੁਹਾਡੀ ਸਹਾਇਤਾ ਲਈ ਪਰਮੇਸ਼ਰ ਦੇ ਹੁਕਮ ਦਿੱਤੇ

ਹੋਏ ਦੂਤ ਹਨ। ਅਤੇ ਹੁਣ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਅੱਗੇ ਵਧਦੇ ਹੋ। ਤੁਸੀਂ ਘੋਸ਼ਣਾ ਕਰ ਰਹੇ ਹੁੰਦੇ ਹੋ, ਤਾਂ ਤੁਸੀਂ ਪ੍ਰਭੂ ਯਿਸੂ ਨੂੰ ਪੇਸ਼ ਕਰ ਰਹੇ ਹੁੰਦੇ ਹੋ, ਉਹਨਾਂ ਦੀ ਥਾਂ ਉੱਤੇ ਕੰਮ ਕਰ ਰਹੇ ਹੁੰਦੇ ਹੋ, ਉਹਨਾਂ ਦੀ ਵੱਲੋਂ ਇਸ ਤਰ੍ਹਾਂ ਕੰਮ ਕਰ ਰਹੇ ਹੁੰਦੇ ਹੋ ਜਿਸ ਤਰ੍ਹਾਂ ਕਿ ਉਹ ਆਪ ਕਰ ਰਹੇ ਹੁੰਦੇ ਹਨ। ਜਦੋਂ ਤੁਸੀਂ ਯਿਸੂ ਦੇ ਨਾਮ ਵਿੱਚ ਘੋਸ਼ਣਾ ਕਰਦੇ ਹੋ, ਤਾਂ ਪ੍ਰਭੂ ਯਿਸੂ ਮਸੀਹ ਉੱਥੇ ਹੁੰਦੇ ਹਨ। ਪਵਿੱਤਰ ਆਤਮਾ ਉੱਥੇ ਹੁੰਦਾ ਹੈ। ਅਤੇ ਫਿਰ ਤੁਸੀਂ ਦੁਸ਼ਟ ਆਤਮਾਵਾਂ ਨੂੰ ਛੱਡ ਕੇ ਚਲੇ ਜਾਣ ਦਾ ਹੁਕਮ ਦਿੰਦੇ ਹੋ। ਕੀ ਦੁਸ਼ਟ ਆਤਮਾਵਾਂ ਇੱਕ ਮੌਕਾ ਖੜੀਆਂ ਰਹਿੰਦੀਆਂ ਹਨ? ਹੋ ਸਕਦਾ ਹੈ ਕਿ ਉਹ ਜ਼ਿੱਦੀ ਹੋਣ ਅਤੇ ਵਿਰੋਧ ਕਰਨ ਦੀ ਕੋਸ਼ਿਸ਼ ਕਰਨ, ਪਰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਉਹ ਕਿਸੇ ਵੀ ਮੌਕਾ ਖੜੀਆਂ ਨਹੀਂ ਰਹਿੰਦੀਆਂ ਹਨ। ਬਿਲਕੁਲ ਨਹੀਂ! ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਤੁਸੀਂ ਰੋਕੇ ਨਹੀਂ ਜਾ ਸਕਦੇ ਹੋ। ਉਹਨਾਂ ਨੂੰ ਭੱਜਣਾ ਹੀ ਪਵੇਗਾ।

ਜਿੱਥੋਂ ਤੱਕ ਵਿਸ਼ਵਾਸੀ ਨਾਲ ਸਬੰਧ ਹੈ, ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਆਤਮਿਕ ਅਧਿਕਾਰ ਵਿੱਚ ਚੱਲਦੇ ਅਤੇ ਆਪਣੇ ਅਧਿਕਾਰ ਨੂੰ ਜਾਣਦੇ ਹਾਂ, ਤਾਂ ਦੁਸ਼ਟ ਆਤਮਾਵਾਂ ਸਾਡੇ ਤੋਂ ਡਰਦੀਆਂ ਹਨ। ਵਿਸ਼ਵਾਸੀਆਂ ਹੁੰਦੇ ਹੋਏ, ਸਾਨੂੰ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢਣ ਦੇ ਬਦਲੇ ਵਿੱਚ ਦੁਸ਼ਟ ਆਤਮਾਵਾਂ ਦੁਆਰਾ ਹਮਲਾ ਕੀਤੇ ਜਾਣ ਅਤੇ ਉਹਨਾਂ ਵੱਲੋਂ ਸਾਡੇ ਉੱਤੇ ਹਾਵੀ ਹੋਣ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ ਹੈ। ਪ੍ਰਭੂ ਯਿਸੂ ਮਸੀਹ ਨੇ ਦੁਸ਼ਟ ਆਤਮਾਵਾਂ ਨਾਲ ਨਜਿੱਠਣ ਬਾਰੇ ਸਪਸ਼ਟ ਤੌਰ ਤੇ ਆਖਿਆ ਸੀ, *"ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ"* (ਲੂਕਾ 10:19)। ਇਹ ਇਸ ਮਾਮਲੇ ਉੱਤੇ ਅੰਤਮ ਸ਼ਬਦ ਹੈ। ਕੋਈ ਦੁਸ਼ਟ ਆਤਮਾ ਸਾਡੇ ਨੁਕਸਾਨ ਕਰਨ ਦੇ ਯੋਗ ਹੋਵੇ, ਅਸੀਂ ਇਸ ਦੀ ਉਮੀਦ ਨਹੀਂ ਕਰਦੇ ਹਾਂ। *"ਅਸੀਂ ਜਾਣਦੇ ਹਾਂ ਕਿ ਹਰ ਕੋਈ ਜਿਹੜਾ ਪਰਮੇਸ਼ਰ ਤੋਂ ਜੰਮਿਆ ਹੈ, ਸੋ ਪਾਪ ਨਹੀਂ ਕਰਦਾ ਸਗੋਂ ਜਿਹੜਾ ਪਰਮੇਸ਼ਰ ਤੋਂ ਜੰਮਿਆ ਉਹ ਉਸ ਦੀ ਰਖਵਾਲੀ ਕਰਦਾ ਹੈ ਅਤੇ ਉਹ ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ"* (1 ਯੂਹੰਨਾ 5:18)।

*"ਪਰਮੇਸ਼ਰ ਦਾ ਪੁੱਤਰ ਇਸੇ ਲਈ ਪ੍ਰਗਟ ਹੋਇਆ ਤਾਂ ਕਿ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰੇ"* (1 ਯੂਹੰਨਾ 3:8)। ਪ੍ਰਭੂ ਯਿਸੂ ਮਸੀਹ ਨੇ ਸਾਨੂੰ ਵੀ ਇਸ

ਤਰ੍ਹਾਂ ਹੀ ਕਰਨ ਲਈ ਆਪਣੇ ਨਾਮ ਵਿੱਚ ਭੇਜਿਆ ਹੈ। ਦਲੇਰੀ ਨਾਲ ਦੁਸ਼ਟ ਆਤਮਾਵਾਂ ਉੱਤੇ ਅਧਿਕਾਰ ਦੀ ਵਰਤੋਂ ਕਰੋ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਉਹਨਾਂ ਦੇ ਕੰਮਾਂ ਨੂੰ ਨਸ਼ਟ ਕਰੋ।

(**ਸਮੀਖਿਆ** ਅਧਿਆਇ 24 ਤੋਂ ਬਾਅਦ ਦਿੱਤੀ ਗਈ ਹੈ।)

# 24

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵੱਡੇ ਕੰਮ ਕਰੋ

**ਯੂਹੰਨਾ 14:11-14**

**11 ਮੇਰੀ ਪਰਤੀਤ ਕਰੋ ਕਿ ਮੈਂ ਪਿਤਾ ਅਰ ਪਿਤਾ ਮੇਰੇ ਵਿੱਚ ਹੈ, ਨਹੀਂ ਤਾਂ ਕੰਮਾਂ ਹੀ ਦੇ ਕਾਰਨ ਮੇਰੀ ਪਰਤੀਤ ਕਰੋ।**

**12 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਇਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।**

**13 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ।**

**14 ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।**

ਪ੍ਰਭੂ ਯਿਸੂ ਮਸੀਹ ਨੇ ਉਹਨਾਂ ਵੱਡੇ ਚਮਤਕਾਰੀ ਕੰਮਾਂ ਉੱਤੇ ਬਹੁਤ ਜ਼ੋਰ ਦਿੱਤਾ ਸੀ ਜਿਹੜੇ ਉਹਨਾਂ ਨੇ ਪਿਤਾ ਦੇ ਨਾਮ ਵਿੱਚ ਕੀਤੇ ਸਨ। ਪ੍ਰਭੂ ਯਿਸੂ ਮਸੀਹ ਨੇ ਆਪਣੇ ਚੰਗਿਆਈ, ਛੁਟਕਾਰੇ, ਨਿਸ਼ਾਨ ਅਤੇ ਅਚੰਭੇ ਵਾਲੇ ਚਮਤਕਾਰੀ ਕੰਮਾਂ ਨੂੰ ਪ੍ਰਮਾਣ ਵਜੋਂ ਇਸ਼ਾਰਾ ਕੀਤਾ ਕਿ ਉਹ ਸੱਚਮੁੱਚ ਪਿਤਾ ਵੱਲੋਂ ਭੇਜੇ ਗਏ ਹਨ। ਜਿਸ ਤਰ੍ਹਾਂ ਕਿ ਪਤਰਸ ਨੇ ਪੰਤੇਕੁਸਤ ਦੇ ਦਿਨ ਉੱਤੇ ਪਵਿੱਤਰ ਆਤਮਾ ਉੱਤਰੇ ਜਾਣ ਤੇ ਪਰਚਾਰ ਕੀਤਾ ਸੀ, *"ਹੇ ਇਸਰਾਏਲੀਓ ਏਹ ਗੱਲਾਂ ਸੁਣੋ ਕਿ ਯਿਸੂ ਨਾਸਰੀ ਇੱਕ ਮਨੁੱਖ ਸੀ ਜਿਹ ਦੇ ਸਤ ਹੋਣ ਦਾ ਪ੍ਰਮਾਣ ਪਰਮੇਸ਼ੁਰ ਦੀ ਵੱਲੋਂ ਉਨ੍ਹਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨੀਆਂ ਨਾਲ ਤੁਹਾਨੂੰ ਦਿੱਤਾ ਗਿਆ ਜੋ ਪਰਮੇਸ਼ੁਰ ਨੇ ਉਸ ਦੇ ਹੱਥੀਂ ਤੁਹਾਡੇ ਵਿੱਚ ਵਿਖਾਲੀਆਂ, ਜਿਹਾ ਤੁਸੀਂ ਆਪ ਜਾਣਦੇ ਹੋ"* (ਰਸੂਲਾਂ ਦੇ ਕਰਤੱਬ 2:22)।

ਪ੍ਰਭੂ ਯਿਸੂ ਮਸੀਹ ਨੇ ਘੋਸ਼ਣਾ ਕੀਤੀ ਸੀ ਕਿ ਉਹਨਾਂ ਦੇ ਵਿਸ਼ਵਾਸੀ ਉਸ ਤਰ੍ਹਾਂ ਦੇ ਹੀ ਚਮਤਕਾਰ ਕਰਨਗੇ ਜਿਹੜੇ ਉਹਨਾਂ ਨੇ ਕੀਤੇ ਹਨ ਅਤੇ ਸਗੋਂ ਇਸ ਤੋਂ ਵੀ ਵੱਡੇ ਚਮਤਕਾਰ ਕਰਨਗੇ। ਅਤੇ ਇਸ ਗੱਲ ਦੇ ਤੁਰੰਤ ਬਾਅਦ, ਪ੍ਰਭੂ ਯਿਸੂ ਮਸੀਹ ਨੇ ਵਿਸ਼ਵਾਸੀਆਂ ਨੂੰ ਉਹਨਾਂ ਦੇ ਨਾਮ ਵਿੱਚ ਮੰਗਣ

ਲਈ ਕਿਹਾ ਹੈ। ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦੇ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਕੇ, ਅਸੀਂ ਉਹ ਚਮਤਕਾਰ ਕਰਾਂਗੇ ਜਿਹੜੇ ਚਮਤਕਾਰ ਪ੍ਰਭੂ ਯਿਸੂ ਮਸੀਹ ਨੇ ਕੀਤੇ ਸਨ ਅਤੇ ਸਗੋਂ ਉਹਨਾਂ ਤੋਂ ਹੋਰ ਵੀ ਵੱਡੇ ਚਮਤਕਾਰ ਕਰਾਂਗੇ।

ਇਸ ਤੋਂ ਵੀ ਵੱਡੇ ਚਮਤਕਾਰਾਂ ਤੋਂ ਭਾਵ ਇਹ ਹੈ, ਕਿ ਅਸੀਂ ਸਿਰਫ਼ ਉਸ ਪ੍ਰਕਾਰ ਦੇ ਚਮਤਕਾਰਾਂ ਤੱਕ ਸੀਮਤ ਨਹੀਂ ਹਾਂ ਜਿਹੜੇ ਸਾਡੇ ਲਈ ਬਾਈਬਲ ਵਿੱਚ ਲਿਪੀਬੱਧ ਹਨ। ਉਦਾਹਰਨ ਵਜੋਂ, ਲੋਕਾਂ ਦੇ ਸਰੀਰਾਂ ਵਿੱਚ ਧਾਤ ਸਬੰਧੀ ਵਸਤ ਵਲੇਵੇ ਦਾ ਗਾਇਬ ਹੋਣ, ਜਾਂ ਲੋਕਾਂ ਦੇ ਸਰੀਰਾਂ ਵਿੱਚੋਂ ਬਾਹਰ ਕੱਢੇ ਗਏ ਅੰਗਾਂ ਦੇ ਮੁੜ ਉਹਨਾਂ ਦੇ ਸਰੀਰ ਵਿੱਚ ਪਰਗਟ ਹੋਣ, ਲੋਕਾਂ ਦੇ ਸਰੀਰਾਂ ਵਿੱਚ ਰਸਾਇਣਕ ਅਸੰਤੁਲਨ ਦੇ ਮੁੜ ਬਹਾਲ ਹੋਣ ਆਦਿ ਦਾ ਕੋਈ ਵੇਰਵਾ ਨਹੀਂ ਹੈ। ਮੁੱਖ ਗੱਲ ਇਹ ਹੈ, ਕਿ ਜਿਹੜੇ ਚਮਤਕਾਰ ਬਾਈਬਲ ਵਿੱਚ ਇੱਕ ਸਮਾਨ ਦਿੱਖਣ ਵਾਲੇ ਜਾਂ ਸਮਾਨਾਂਤਰ ਨਹੀਂ ਹਨ, ਸਾਨੂੰ ਅੱਜ ਅਜਿਹੇ ਚਮਤਕਾਰਾਂ ਨੂੰ ਦੇਖਣ ਲਈ ਖੁੱਲ੍ਹਾ ਹੋਣਾ ਚਾਹੀਦਾ ਹੈ। ਪ੍ਰਭੂ ਯਿਸੂ ਮਸੀਹ ਨੇ ਆਖਿਆ ਸੀ, *"ਵੱਡੇ ਕੰਮ"* (ਯੂਹੰਨਾ 14:12)। ਅਤੇ ਇਹ ਹਰ ਪ੍ਰਕਾਰ ਦੇ ਚਮਤਕਾਰਾਂ, ਨਿਸ਼ਾਨਾ ਅਤੇ ਅਚੰਭਿਆਂ ਦੇ ਖੇਤਰ ਨੂੰ ਖੋਲ੍ਹਦਾ ਹੈ ਜਿਹੜੇ ਪਰਮੇਸ਼ਰ ਸਾਡੇ ਦੁਆਰਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਕਰੇਗਾ।

ਆਓ ਦਲੇਰ ਬਣੀਏ! ਆਓ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵੱਡੇ ਕੰਮ ਕਰਨ ਦੀ ਉਮੀਦ ਰੱਖੀਏ! ਪ੍ਰਭੂ ਯਿਸੂ ਮਸੀਹ ਨੇ ਆਖਿਆ ਹੈ ਕਿ ਅਸੀਂ ਕਰ ਸਕਾਂਗੇ!

ਪ੍ਰਭੂ ਯਿਸੂ ਮਸੀਹ ਦੇ ਨਾਮ ਨੇ ਆਪਣੀ ਕੋਈ ਸਮਰੱਥਾ ਨਹੀਂ ਗੁਆਈ ਹੈ।
ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਚੰਗਿਆਈਆਂ, ਚਮਤਕਾਰ, ਅਤੇ ਛੁਟਕਾਰੇ ਹਨ।
ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵੱਡੇ ਚਮਤਕਾਰ ਹੋ ਸਕਦੇ ਹਨ।

# ਸਮੀਖਿਆ

ਇਹ ਸਮੀਖਿਆ ਅਧਿਆਇ 20 ਤੋਂ ਲੈ ਕੇ ਅਧਿਆਇ 24 ਲਈ ਹੈ।

1) ਕਿਉਂ ਜੋ ਪ੍ਰਭੂ ਯਿਸੂ ਮਸੀਹ ਦੇ ਨਾਮ ਨੇ ਆਪਣੀ ਕੋਈ ਸਮਰੱਥਾ ਨਹੀਂ ਗੁਆਈ ਹੈ, ਤਾਂ ਫਿਰ ਅੱਜ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਰਚਾਰ ਅਤੇ ਸੇਵਾਕਾਈ ਕਰਨ ਦੇ ਉਹ ਹੀ ਸਿੱਟੇ ਨਿੱਕਲਣੇ ਚਾਹੀਦੇ ਹਨ ਜਿਹੜੇ ਕਿ ਰਸੂਲਾਂ ਦੇ ਕਰਤੱਬ ਦੀ ਪੁਸਤਕ। ਵਿੱਚ ਹਨ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਰਚਾਰ ਕਰਦੇ ਅਤੇ ਸਿੱਖਿਆ ਦਿੰਦੇ ਹਾਂ ਤਾਂ ਸਾਨੂੰ ਹੋਰ ਚਮਤਕਾਰ, ਚੰਗਿਆਈ, ਛੁਟਕਾਰਾ, ਨਿਸ਼ਾਨ ਅਤੇ ਅਚੰਭੇ ਦੇਖਣ ਲਈ ਕਿਹੜੇ ਬਦਲਾਵ ਕਰਨੇ ਚਾਹੀਦੇ ਹਨ?

2) ਇੱਕ ਵਿਸ਼ਵਾਸੀ ਵਜੋਂ, ਤੁਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਅਲੌਕਿਕ ਚੰਗਿਆਈ, ਛੁਟਕਾਰਾ ਅਤੇ ਚਮਤਕਾਰਾਂ ਦੀ ਸੇਵਕਾਈ ਕਰਨ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਵਿਸ਼ੇਸ਼ ਅਧਿਕਾਰ ਅਤੇ ਇਖ਼ਤਿਆਰ ਦੀ ਵਰਤੋਂ ਕਿਹੜੇ ਕੁਝ ਤਰੀਕਿਆ ਨਾਲ ਕਰ ਸਕਦੇ ਹੋ?

# 25
# ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਦੁਰਵਰਤੋਂ

ਮੱਤੀ 7:21-23

21 ਨਾ ਹਰੇਕ ਜਿਹੜਾ ਮੈਨੂੰ ਪ੍ਰਭੁ! ਪ੍ਰਭੁ! ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜੀ ਉੱਤੇ ਚੱਲਦਾ ਹੈ।

22 ਉਸ ਦਿਨ ਅਨੇਕ ਮੈਨੂੰ ਆਖਣਗੇ, ਹੇ ਪ੍ਰਭੁ! ਹੇ ਪ੍ਰਭੁ! ਕੀ ਅਸਾਂ ਤੇਰਾ ਨਾਮ ਲੈਕੇ ਅਗੰਮ ਵਾਕ ਨਹੀਂ ਕੀਤਾ? ਅਤੇ ਤੇਰਾ ਨਾਮ ਲੈਕੇ ਭੂਤ ਨਹੀਂ ਕੱਢੇ? ਅਤੇ ਤੇਰਾ ਨਾਮ ਲੈਕੇ ਬਹੁਤੀਆਂ ਕਰਾਮਾਤਾਂ ਨਹੀਂ ਕੀਤੀ?

23 ਤਦ ਮੈਂ ਉਨ੍ਹਾਂ ਨੂੰ ਸਾਫ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਹੇ ਬੁਰਿਆਰੋ, ਮੇਰੇ ਕੋਲੋਂ ਚੱਲੇ ਜਾਓ!।

ਮੱਤੀ 24:5

"ਕਿਉਂ ਜੋ ਮੇਰਾ ਨਾਮ ਧਾਰ ਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਮਸੀਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ"।

ਰਸੂਲਾਂ ਦੇ ਕਰਤੱਬ 19:11-20

11 ਪਰਮੇਸ਼ੁਰ ਪੌਲੁਸ ਦੇ ਹੱਥੋਂ ਅਨੋਖੀਆਂ ਕਰਾਮਾਤਾਂ ਵਿਖਾਲਦਾ ਸੀ।

12 ਐਥੋਂ ਤੀਕ ਜੋ ਰੁਮਾਲ ਅਰ ਪਟਕੇ ਉਹ ਦੇ ਸਰੀਰ ਨੂੰ ਛੁਆ ਕੇ ਰੋਗੀਆਂ ਉੱਤੇ ਪਾਉਂਦੇ ਸਨ ਅਤੇ ਉਨ੍ਹਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿੱਕਲ ਜਾਂਦੇ ਸਨ।

13 ਤਦੋਂ ਯਹੂਦੀਆਂ ਵਿੱਚੋਂ ਕਈ ਆਦਮੀਆਂ ਨੇ ਜੋ ਇੱਧਰ ਉੱਧਰ ਫਿਰਿਦਿਆਂ ਹੋਇਆ ਝਾੜ ਫੂੰਕ ਕਰਦੇ ਹੁੰਦੇ ਸਨ ਇਹ ਦਿਲੇਰੀ ਕੀਤੀ ਕਿ ਜਿਨ੍ਹਾਂ ਨੂੰ ਦੁਸ਼ਟ ਆਤਮੇ ਚਿੰਬੜੇ ਹੋਏ ਸਨ ਉਨ੍ਹਾਂ ਉੱਤੇ ਪ੍ਰਭੁ ਯਿਸੂ ਦੇ ਨਾਮ ਲੈ ਕੇ ਕਹਿਣ ਲੱਗੇ ਭਈ ਮੈਂ ਤੁਹਾਨੂੰ ਯਿਸੂ ਦੇ ਨਾਮ ਦੀ ਸੌਂਹ ਦਿੰਦਾ ਹਾਂ ਜਿਹ ਦੀ ਪੌਲੁਸ ਮਨਾਦੀ ਕਰਦਾ ਹੈ।

14 ਅਤੇ ਸਕੇਵਾ ਨਾਮੇ ਕਿਸੇ ਯਹੂਦੀ ਪਰਧਾਨ ਜਾਜਕ ਦੇ ਸੱਤ ਪੁੱਤ੍ਰ ਸਨ ਜਿਹੜੇ ਇਹੋ ਕਰਦੇ ਸਨ।

15 ਪਰ ਦੁਸ਼ਟ ਆਤਮਾ ਨੇ ਓਹਨਾਂ ਨੂੰ ਉੱਤਰ ਦਿੱਤਾ ਭਈ ਯਿਸੂ ਨੂੰ ਮੈਂ ਸਿਆਣਦਾ ਹਾਂ ਅਤੇ ਪੌਲੁਸ ਨੂੰ ਮੈਂ ਜਾਣਦਾ ਹਾਂ ਪਰ ਤੁਸੀਂ ਕੌਣ ਹੋ?

16 ਅਤੇ ਉਹ ਮਨੁੱਖ ਜਿਹ ਨੂੰ ਦੁਸ਼ਟ ਆਤਮਾ ਚਿੰਬੜਿਆ ਹੋਇਆ ਸੀ ਟੁੱਟ ਕੇ ਓਹਨਾਂ ਉੱਤੇ ਆਣ ਪਿਆ ਅਤੇ ਦੋਹਾਂ ਨੂੰ ਵੱਸ ਵਿੱਚ ਲਿਆ ਕੇ ਓਹਨਾਂ ਤੇ ਐਡੀ ਸਖਤੀ ਕੀਤੀ ਜੋ ਓਹ ਨੰਗੇ ਅਤੇ ਘਾਇਲ ਹੋ ਕੇ ਉਸ ਘਰ ਵਿੱਚੋਂ ਭੱਜ ਨਿੱਕਲੇ।

17 ਇਹ ਗੱਲ ਸਭ ਯਹੂਦੀਆਂ ਅਰ ਯੂਨਾਨੀਆਂ ਉੱਤੇ ਜਿਹੜੇ ਅਫ਼ਸੁਸ ਵਿੱਚ ਰਹਿੰਦੇ ਸਨ

**ਉਜਾਗਰ ਹੋ ਗਈ ਅਤੇ ਓਹ ਸਭ ਡਰ ਗਏ ਅਤੇ ਪ੍ਰਭੂ ਯਿਸੂ ਦੇ ਨਾਮ ਦੀ ਵਡਿਆਈ ਹੋਈ।**
**18 ਜਿਨ੍ਹਾਂ ਨਿਹਚਾ ਕੀਤੀ ਸੀ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਣ ਕੇ ਆਪਣਿਆਂ ਕੰਮਾਂ ਨੂੰ ਮੰਨ ਲਿਆ ਅਤੇ ਦੱਸ ਦਿੱਤਾ।**
**19 ਅਰ ਬਹੁਤੇ ਉਨ੍ਹਾਂ ਵਿੱਚੋਂ ਵੀ ਜਿਹੜਾ ਜਾਦੂ ਕਰਦੇ ਸਨ ਆਪਣੀਆਂ ਪੋਥੀਆਂ ਇਕੱਠੀਆਂ ਕਰ ਕੇ ਲਿਆਏ ਅਤੇ ਸਭਨਾਂ ਦੇ ਸਾਹਮਣੇ ਫੂਕ ਸੁੱਟੀਆਂ ਅਤੇ ਜਾਂ ਓਹਨਾਂ ਦੇ ਮੁੱਲ ਦਾ ਜੋੜ ਕੀਤਾ ਤਾਂ ਪੰਜਾਹ ਹਜ਼ਾਰ ਰੁਪਿਆ ਹੋਇਆ!**
**20 ਇਸੇ ਤਰਾਂ ਪ੍ਰਭੂ ਦਾ ਬਚਨ ਵਧਿਆ ਅਤੇ ਪਰਬਲ ਹੋਇਆ।**

ਪ੍ਰਭੂ ਯਿਸੂ ਮਸੀਹ ਨੇ ਆਪਣੇ ਨਾਮ ਦੀ ਦੁਰਵਰਤੋਂ ਵਰਤੋਂ ਬਾਰੇ ਚਿਤਾਵਨੀ ਦਿੱਤੀ ਸੀ। ਪਹਿਲੀ ਗੱਲ, ਇਸ ਤਰ੍ਹਾਂ ਦੇ ਲੋਕ ਹੁੰਦੇ ਹਨ, ਜਿਹਨਾਂ ਕੋਲ ਆਤਮਿਕ ਸ਼ਕਤੀ ਹੁੰਦੀ ਹੈ, ਪਰ ਉਹਨਾਂ ਦੀ ਇਹ ਸ਼ਕਤੀ ਗਲਤ ਸ੍ਰੋਤਾਂ ਤੋਂ ਹੁੰਦੀ ਹੈ। ਦੁਸ਼ਟ ਆਤਮਾਵਾਂ ਅਜਿਹੇ ਲੋਕਾਂ ਨੂੰ ਧੋਖਾ ਦੇਣ ਵਾਲੇ ਨਿਸ਼ਾਨ ਅਤੇ ਅਚੰਭੇ ਪੈਦਾ ਕਰਨ ਦੀ ਸ਼ਕਤੀ ਦਿੰਦੀਆਂ ਹਨ (1 ਤਿਮੋਥਿਉਸ 4:1; 2 ਥੱਸਲੁਨੀਕੀਆਂ 2:9; 2 ਕੁਰਿੰਥੀਆਂ 11:13-15)। ਉਹ ਲੋਕਾਂ ਨੂੰ ਧੋਖਾ ਦੇਣ ਲਈ ਇਹ ਅਨੁਮਾਨਿਤ ਤੌਰ ਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵੀ ਕਰ ਸਕਦੇ ਹਨ (ਯਾਦ ਰੱਖੋ ਕਿ ਇੱਕ ਨਕਲੀ ਅਸਲ ਵਾਂਗੂੰ ਦਿਖਾਈ ਦਿੰਦਾ ਹੈ)। ਇਸ ਦੀ ਅਸਲ ਪਰਖ ਇਹ ਹੈ, ਜੇਕਰ ਪ੍ਰਭੂ ਯਿਸੂ ਮਸੀਹ ਨੂੰ ਸੱਚਮੁੱਚ ਵਡਿਆਈ ਦਿੱਤੀ ਗਈ ਹੈ, ਜੇਕਰ ਲੋਕਾਂ ਨੂੰ ਪ੍ਰਭੂ ਯਿਸੂ ਮਸੀਹ ਵਿੱਚ ਨਿੱਜੀ ਵਿਸ਼ਵਾਸ ਵਿੱਚ ਲਿਆਇਆ ਗਿਆ ਹੈ, ਜੇਕਰ ਇਹ ਲੋਕ ਸੱਚਮੁੱਚ ਪ੍ਰਭੂ ਯਿਸੂ ਮਸੀਹ ਨਾਲ ਇੱਕ ਨਿੱਜੀ ਰਿਸ਼ਤਾ ਰੱਖਦੇ ਹਨ, ਅਤੇ ਕੀ ਉਹ ਇੱਕ ਨੇਕ ਜੀਵਨ ਸ਼ੈਲੀ ਦਾ ਅਭਿਆਸ ਕਰਦੇ ਹਨ (ਕੁਧਰਮ ਦਾ ਅਭਿਆਸ ਕਰਨ ਦੇ ਉਲਟ)। ਅਸੀਂ ਉਹਨਾਂ ਦੇ ਫਲਾਂ ਤੋਂ ਉਹਨਾਂ ਨੂੰ ਪਛਾਂਣਾਗੇ (ਮੱਤੀ 7:16)। ਦੂਜੀ ਗੱਲ, ਸਕੇਵਾ ਦੇ ਸੱਤ ਪੁੱਤਰਾਂ ਦੀ ਤਰ੍ਹਾਂ ਕੁਝ ਲੋਕ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕੇਵਲ ਕੁਝ ਲਾਭ ਪ੍ਰਾਪਤ ਕਰਨ ਲਈ ਕਰਨਾ ਚਾਹੁੰਦੇ ਹਨ, ਪਰ ਪ੍ਰਭੂ ਯਿਸੂ ਮਸੀਹ ਨਾਲ ਰਿਸ਼ਤੇ ਵਿੱਚ ਰਹਿਣ ਤੋਂ ਬਿਨਾਂ, ਅਤੇ ਉਹ ਅਜਿਹਾ ਨਹੀਂ ਕਰ ਸਕਦੇ ਹਨ।

ਇਹ ਸੱਚ ਕਿ ਨਕਲੀ ਲੋਕ ਹੋਣਗੇ, ਪਰ ਇਸ ਤੋਂ ਸਾਨੂੰ ਘਬਰਾਉਣ ਦੀ ਲੋੜ ਨਹੀਂ ਹੈ । ਕੇਵਲ ਜਦੋਂ ਕੁਝ ਬਹੁਤ ਬਹੁਮੁੱਲਾ ਹੁੰਦਾ ਹੈ, ਤਾਂ ਹੀ ਸਾਨੂੰ ਨਕਲੀ ਵੀ ਵੇਖਣ ਨੂੰ ਮਿਲਦਾ ਹੈ। ਨਕਲੀ ਦੀ ਪਛਾਣ ਕਰਨ ਲਈ, ਸਾਨੂੰ ਅਸਲੀ ਨਾਲ ਪੂਰੀ ਤਰ੍ਹਾਂ ਡੁੱਬੇ ਅਤੇ ਚੰਗੀ ਤਰ੍ਹਾਂ ਵਾਕਫ਼ਕਾਰ ਹੋਣਾ ਚਾਹੀਦਾ ਹੈ। ਅਸੀਂ ਨਕਲੀ ਤੋਂ ਡਰ ਕੇ ਅਸਲੀ ਨੂੰ ਨਹੀਂ ਛੱਡਦੇ। ਸਗੋਂ ਅਸੀਂ ਸਚਿਆਈ ਵਿੱਚ

ਸਥਾਪਿਤ ਹੋ ਜਾਂਦੇ ਹਾਂ। ਅਸੀਂ ਆਪ ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਅਧਿਕਾਰ ਅਤੇ ਸਮਰੱਥਾ ਵਿੱਚ ਚੱਲਣ ਦੀ ਸ਼ੁਰੂਆਤ ਕਰਦੇ ਹਾਂ। ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਲ ਆਪਣੀ ਨੇੜਤਾ ਦੇ ਸਥਾਨ ਵਿੱਚ ਵਧਦੇ ਹਾਂ, ਤਾਂ ਜੋ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਲ ਏਕਤਾ ਵਿੱਚ ਚੱਲ ਸਕੀਏ ਅਤੇ ਪ੍ਰਭੂ ਯਿਸੂ ਮਸੀਹ ਨੂੰ ਠੀਕ ਢੰਗ ਨਾਲ ਪੇਸ਼ ਕਰ ਸਕੀਏ। ਅਸੀਂ ਆਪਣੇ ਮਨੋਰਥਾਂ ਦੀ ਰਾਖੀ ਕਰਦੇ ਹਾਂ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਕੇ ਉਹਨਾਂ ਨੂੰ ਪਰਗਟ ਕਰਨ ਅਤੇ ਉਹਨਾਂ ਦੀ ਵਡਿਆਈ ਕਰਨ ਦੀ ਕੋਸ਼ਿਸ਼ ਕਰਦੇ ਹਾਂ।

(**ਸਮੀਖਿਆ** ਅਧਿਆਇ 29 ਤੋਂ ਬਾਅਦ ਦਿੱਤੀ ਗਈ ਹੈ।)

# 26
# ਪ੍ਰਭੂ ਯਿਸੂ ਮਸੀਹ ਦੇ ਨਾਮ ਕਾਰਨ ਸਤਾਏ ਗਏ

**ਮੱਤੀ 10:22**
**ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ।**

**ਲੂਕਾ 21:12,17**
**12 ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਪਹਿਲਾਂ ਲੋਕ ਤੁਹਾਡੇ ਉਤੇ ਹੱਥ ਪਾਉਣਗੇ ਅਤੇ ਤੁਹਾਨੂੰ ਸਤਾਉਣਗੇ ਅਰ ਸਮਾਜਾਂ ਅਤੇ ਕੈਦਖ਼ਾਨਿਆਂ ਵਿੱਚ ਫੜਵਾ ਦੇਣਗੇ ਅਤੇ ਮੇਰੇ ਨਾਮ ਦੇ ਕਾਰਨ ਰਾਜਿਆਂ ਅਰ ਹਾਕਮਾਂ ਦੇ ਸਾਹਮਣੇ ਲੈ ਜਾਣਗੇ।**
**17 ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ।**

ਪ੍ਰਭੂ ਯਿਸੂ ਮਸੀਹ ਨੇ ਸਾਨੂੰ ਚਿਤਾਵਨੀ ਦਿੱਤੀ ਸੀ ਕਿ ਉਹਨਾਂ ਦੇ ਨਾਮ ਦੇ ਖ਼ਾਤਰ ਸਾਡੇ ਨਾਲ ਵੈਰ ਕੀਤਾ ਜਾਵੇਗਾ ਅਤੇ ਅਸੀਂ ਸਤਾਏ ਜਾਵਾਂਗੇ। ਸਾਨੂੰ ਸਤਾਉਣ ਵਾਲੇ ਸੋਚਣਗੇ ਕਿ ਉਹ ਕੁਝ ਨੇਕ ਅਤੇ ਭਲਾ ਕਰ ਰਹੇ ਹਨ।

**ਰਸੂਲਾਂ ਦੇ ਕਰਤੱਬ 5:40-42**
**40 ਉਨ੍ਹਾਂ ਨੇ ਉਹ ਦੀ ਮੰਨ ਲਈ ਅਰ ਜਾਂ ਰਸੂਲਾਂ ਨੂੰ ਕੋਲ ਸੱਦਿਆ ਤਾਂ ਮਾਰ ਕੁੱਟ ਕੇ ਓਹਨਾਂ ਨੂੰ ਤਗੀਦ ਕੀਤੀ ਜੋ ਯਿਸੂ ਦੇ ਨਾਮ ਦਾ ਚਰਚਾ ਨਾ ਕਰਨਾ, ਫੇਰ ਓਹਨਾਂ ਨੂੰ ਛੱਡ ਦਿੱਤਾ।**
**41 ਸੋ ਓਹ ਇਸ ਗੱਲ ਤੋਂ ਅਨੰਦ ਕਰਦੇ ਹੋਏ ਜੋ ਅਸੀਂ ਉਹ ਨਾਮ ਦੇ ਕਾਰਨ ਬੇਪਤ ਹੋਣ ਦੇ ਜੋਗ ਗਿਣੇ ਗਏ ਮਹਾਂ ਸਭਾ ਦੇ ਸਾਹਮਣਿਓਂ ਚੱਲੇ ਗਏ।**
**42 ਅਤੇ ਓਹ ਰੋਜ ਹੈਕਲ ਵਿੱਚ ਅਤੇ ਘਰੀਂ ਉਪਦੇਸ਼ ਕਰਨ ਅਤੇ ਇਹ ਖੁਸ਼ ਖਬਰੀ ਸੁਣਾਉਣ ਤੋਂ ਨਾ ਹਟੇ ਭਈ ਯਿਸੂ ਉਹੀ ਮਸੀਹ ਹੈ!।**

ਪ੍ਰਭੂ ਯਿਸੂ ਮਸੀਹ ਨੂੰ ਸਵਰਗ ਵਿੱਚ ਗਏ ਨੂੰ ਜ਼ਿਆਦਾ ਸਮਾਂ ਨਹੀਂ ਹੋਇਆ ਸੀ ਕਿ ਰਸੂਲਾਂ ਨੇ ਧਾਰਮਿਕ ਆਗੂਆਂ ਵੱਲੋਂ ਧਮਕੀਆਂ, ਵਿਰੋਧ ਅਤੇ ਸਤਾਓ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੱਤਾ ਸੀ। ਫਿਰ ਵੀ, ਰਸੂਲਾਂ ਨੇ ਉਹਨਾਂ ਦੇ ਨਾਮ ਦੀ ਖ਼ਾਤਰ ਸ਼ਰਮਿੰਦੇ ਹੋਣ ਅਤੇ ਦੁੱਖ ਉਠਾਉਣ ਦੇ ਯੋਗ ਗਿਣੇ ਜਾਣ ਲਈ ਆਪਣੇ ਆਪ ਨੂੰ ਵੱਡੇ ਆਦਰ ਵਾਲੇ ਸਮਝਿਆ। ਪ੍ਰਭੂ ਯਿਸੂ ਮਸੀਹ ਅਤੇ ਉਹਨਾਂ ਦੇ ਨਾਮ ਨੂੰ ਉਹ ਇਸ ਤਰ੍ਹਾਂ ਪਿਆਰ ਕਰਦੇ ਸਨ। ਪਹਿਲੀ ਸਦੀ ਦੀ ਕਲੀਸਿਯਾ

ਨੂੰ ਬਹੁਤ ਸਤਾਓ ਦਾ ਸਾਹਮਣਾ ਕਰਨਾ ਪਿਆ ਸੀ, ਫਿਰ ਵੀ ਉਹ ਆਪਣੇ ਵਿਸ਼ਵਾਸ ਅਤੇ ਪ੍ਰਭੂ ਯਿਸੂ ਮਸੀਹ ਦੀ ਸੇਵਕਾਈ ਵਿੱਚ ਨਿਡਰ ਰਹੇ ਸਨ।

ਉਦਾਹਰਨ ਵਜੋਂ ਪੌਲੁਸ ਦੀ ਪ੍ਰਭੂ ਯਿਸੂ ਮਸੀਹ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਮ ਨਾਲ ਵਚਨਬੱਧਤਾ ਉੱਤੇ ਵਿਚਾਰ ਕਰੋ, ਕਿ ਜਦੋਂ ਉਸ ਨੇ ਕੈਸਰਿਯਾ ਵਿੱਚ ਵਿਸ਼ਵਾਸੀਆਂ ਨਾਲ ਗੱਲ ਕੀਤੀ ਸੀ ਜਿਹੜੇ ਬਹੁਤ ਚਿੰਤਾ ਕਰ ਰਹੇ ਸਨ ਕਿ ਜਦੋਂ ਉਹ ਯਰੂਸ਼ਲਮ ਗਿਆ ਤਾਂ ਕੀ ਹੋਵੇਗਾ, *"ਤਦ ਪੌਲੁਸ ਨੇ ਉੱਤਰ ਦਿੱਤਾ, ਇਹ ਤੁਸੀਂ ਕੀ ਕਰਦੇ ਹੋ ਜੋ ਰੋਂਦੇ ਅਤੇ ਮੇਰਾ ਦਿਲ ਤੋੜਦੇ ਹੋ? ਕਿਉਂ ਜੋ ਮੈਂ ਪ੍ਰਭੂ ਯਿਸੂ ਦੇ ਨਾਮ ਦੇ ਬਦਲੇ ਯਰੂਸ਼ਲਮ ਵਿੱਚ ਨਿਰਾ ਬੰਨ੍ਹੇ ਜਾਣ ਨੂੰ ਹੀ ਨਹੀਂ ਸਗੋਂ ਮਰਨ ਨੂੰ ਵੀ ਤਿਆਰ ਹਾਂ"* (ਰਸੂਲਾਂ ਦੇ ਕਰਤੱਬ 21:13)।

ਅਸੀਂ ਪ੍ਰਭੂ ਯਿਸੂ ਮਸੀਹ ਅਤੇ ਉਹਨਾਂ ਦੇ ਨਾਮ ਨੂੰ ਇੰਨਾ ਪਿਆਰ ਕਰ ਸਕੀਏ ਕਿ ਅਸੀਂ ਆਪਣੇ ਪ੍ਰਭੂ ਦੇ ਨਾਮ ਲਈ ਸਤਾਓ ਅਤੇ ਸ਼ਰਮਿੰਦਗੀ ਸਹਿਣ ਤੋਂ ਨਿਰਲੱਜ ਅਤੇ ਬੇਖੌਫ਼ ਰਹੀਏ। ਰਸੂਲ ਪਤਰਸ ਨੇ ਸਤਾਏ ਹੋਏ ਵਿਸ਼ਵਾਸੀਆਂ ਨੂੰ ਇਹ ਦੱਸਣ ਲਈ ਲਿਖਿਆ ਸੀ, *"ਜੇ ਮਸੀਹ ਦੇ ਨਾਮ ਦੇ ਕਾਰਨ ਤੁਹਾਨੂੰ ਬੋਲੀਆਂ ਵੱਜਣ ਤਾਂ ਧੰਨ ਹੋ ਇਸ ਲਈ ਜੋ ਤੇਜ ਦਾ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਉੱਤੇ ਠਹਿਰਦਾ ਹੈ"* (1 ਪਤਰਸ 4:14)। ਪ੍ਰਭੂ ਯਿਸੂ ਮਸੀਹ ਧਿਆਨ ਦਿੰਦੇ ਹਨ ਜਦੋਂ ਅਸੀਂ ਉਹਨਾਂ ਦੇ ਨਾਮ ਵਿੱਚ ਬਣੇ ਰਹਿੰਦੇ ਹਾਂ ਅਤੇ ਸਤਾਏ ਜਾਣ ਤੇ ਉਹਨਾਂ ਦੇ ਅਤੇ ਉਹਨਾਂ ਦੇ ਨਾਮ ਵਿੱਚ ਸਾਡੇ ਵਿਸ਼ਵਾਸ ਤੋਂ ਇਨਕਾਰ ਕਰਨ ਤੋਂ ਮਨ੍ਹਾਂ ਕਰਦੇ ਹਾਂ (ਪਰਕਾਸ਼ ਦੀ ਪੋਥੀ 2:13; ਪਰਕਾਸ਼ ਦੀ ਪੋਥੀ 3:8)।

(**ਸਮੀਖਿਆ** ਅਧਿਆਇ 29 ਤੋਂ ਬਾਅਦ ਦਿੱਤੀ ਗਈ ਹੈ।)

# 27

# ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਬਲੀਦਾਨ

**ਮੱਤੀ 19:29**
**ਅਤੇ ਹਰ ਕੋਈ ਜਿਹ ਨੇ ਘਰਾਂ ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜਮੀਨ ਨੂੰ ਮੇਰੇ ਨਾਮ ਦੇ ਕਾਰਨ ਛੱਡਿਆ ਹੈ ਉਹ ਸੌ ਗੁਣਾ ਪਾਵੇਗਾ ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ।**

**ਰਸੂਲਾਂ ਦੇ ਕਰਤੱਬ 9:16**
**ਕਿਉਂਕਿ ਮੈਂ ਉਸ ਨੂੰ ਵਿਖਾਵਾਂਗਾ ਜੋ ਮੇਰੇ ਨਾਮ ਦੇ ਬਦਲੇ ਉਸ ਨੂੰ ਕੀ ਕੁੱਝ ਝੱਲਣਾ ਪਵੇਗਾ।**

**ਰਸੂਲਾਂ ਦੇ ਕਰਤੱਬ 15:26**
**ਜੋ ਅਜੇਹੇ ਮਨੁੱਖ ਹਨ ਕਿ ਜਿਨ੍ਹਾਂ ਆਪਣੇ ਪ੍ਰਾਣ ਸਾਡੇ ਪ੍ਰਭੁ ਯਿਸੂ ਮਸੀਹ ਦੇ ਨਾਮ ਦੇ ਬਦਲੇ ਜੋਖੋਂ ਵਿੱਚ ਪਾ ਦਿੱਤੇ, ਤੁਹਾਡੇ ਕੋਲ ਘੱਲੀਏ।**

ਅਜਿਹੇ ਸਮੇਂ ਹੁੰਦੇ ਹਨ ਜਦੋਂ ਸਾਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਬਲੀਦਾਨ ਦੇਣ ਦੀ ਚੋਣ ਕਰਨੀ ਪਵੇਗੀ। ਹੋ ਸਕਦਾ ਹੈ ਕੁਝ ਧਰਤੀ ਦੇ ਲਾਭ ਨੂੰ ਛੱਡ ਦੇਣ। ਹੋ ਸਕਦਾ ਹੈ ਕੁਝ ਧਰਤੀ ਤੇ ਰਿਸ਼ਤਿਆਂ ਨੂੰ ਛੱਡ ਦੇਣ। ਕੁਝ ਲੋਕ ਪ੍ਰਭੂ ਵੱਲੋਂ ਉਹਨਾਂ ਨੂੰ ਸੌਂਪੇ ਗਏ ਕੰਮ ਨੂੰ ਪੂਰਾ ਕਰਨ ਲਈ ਤੰਗੀਆਂ ਦਾ ਸਾਹਮਣਾ ਕਰ ਸਕਦੇ ਹਨ। ਕੁਝ ਲੋਕ ਪ੍ਰਭੂ ਯਿਸੂ ਮਸੀਹ ਦੀ ਸੇਵਾ ਕਰਨ ਲਈ ਆਪਣੀ ਜਾਨ ਖ਼ਤਰੇ ਵਿੱਚ ਪਾ ਸਕਦੇ ਹਨ। ਕੁਝ ਲੋਕ ਰਾਜ ਦੇ ਕੰਮ ਨੂੰ ਅੱਗੇ ਵਧਾਉਣ ਲਈ ਵੱਡੀ ਜ਼ਿੰਮੇਵਾਰੀ ਲੈ ਸਕਦੇ ਹਨ। ਇੱਥੇ ਹਰ ਪ੍ਰਕਾਰ ਦੇ ਬਲੀਦਾਨ ਹਨ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਦੇਣ ਲਈ ਪ੍ਰੇਰਿਤ ਕੀਤਾ, ਅਗਵਾਈ ਹੋ ਸਕਦੀ, ਜਾਂ ਬੁਲਾਇਆ ਜਾ ਸਕਦਾ ਹੈ।

ਇਸ ਸਭ ਵਿੱਚ, ਅਸੀਂ ਪ੍ਰਭੂ ਯਿਸੂ ਮਸੀਹ ਲਈ ਸਾਡੇ ਪਿਆਰ, ਉਹਨਾਂ ਦੇ ਨਾਮ ਲਈ ਸਾਡੇ ਪਿਆਰ, ਅਤੇ ਉਹਨਾਂ ਲੋਕਾਂ ਲਈ ਜਿਹਨਾਂ ਨੂੰ ਪਰਮੇਸ਼ਰ ਨੇ ਸਾਨੂੰ ਸੇਵਾ ਕਰਨ ਲਈ ਬੁਲਾਇਆ ਹੈ, ਤੋਂ ਪ੍ਰੇਰਿਤ ਹਾਂ। *"ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ ਅਤੇ ਉਹ ਸਭਨਾਂ ਦੇ*

*ਲਈ ਮੋਇਆ ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ"* (2 ਕੁਰਿੰਥੀਆਂ ਨੂੰ 5:14,15)। ਸਾਡੇ ਮਨੋਰਥ ਸ਼ੁੱਧ ਰਹਿਣੇ ਚਾਹੀਦੇ ਹਨ। ਅਸੀਂ ਝੂਠੀ ਦੀਨਤਾ ਨਾਲ, ਜਾਂ ਲੋਕਾਂ ਦੇ ਸਾਹਮਣੇ ਦਿਖਾਵਾ ਕਰਨ ਲਈ ਮਨੁੱਖਾਂ ਦੇ ਸਾਹਮਣੇ ਸਦਾਚਾਰੀ ਪਰਗਟ ਹੋਣ ਲਈ ਬਲੀਦਾਨ ਨਹੀਂ ਕਰਦੇ ਹਾਂ। ਪਰਮੇਸ਼ਰ ਸਾਡੇ ਦਿਲਾਂ ਅਤੇ ਸਾਡੇ ਜੀਉਣ ਵਾਲੇ ਜੀਵਨ ਨੂੰ ਦੇਖਦੇ ਹਨ।

ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੇ ਖ਼ਾਤਰ ਬਲੀਦਾਨ ਕਰਦੇ ਹਾਂ, ਤਾਂ ਪ੍ਰਭੂ ਨੇ ਆਖਿਆ ਹੈ ਕਿ ਇਸ ਜੀਵਨ ਵਿੱਚ, ਸਾਨੂੰ ਸੌ ਗੁਣਾ ਪ੍ਰਾਪਤ ਹੋਵੇਗਾ (ਮਰਕੁਸ 10:29,30) ਅਤੇ ਆਉਣ ਵਾਲੇ ਸੰਸਾਰ ਵਿੱਚ ਧੰਨ ਹੋਵਾਂਗੇ। ਪਰਮੇਸ਼ਰ ਕਿਸੇ ਮਨੁੱਖ ਦੇ ਕਰਜ਼ਦਾਰ ਨਹੀਂ ਹਨ ਅਤੇ ਜੋ ਪੈਸਾ ਖਰੀਦ ਸਕਦਾ ਹੈ ਉਹ ਸਾਨੂੰ ਇਹ ਜੀਵਨ ਵਿੱਚ ਇਸ ਤੋਂ ਵਧੇਰੇ ਦੇਣਗੇ।

ਆਓ ਅਸੀਂ ਇਸ ਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਬਲੀਦਾਨ ਕਰਨ ਲਈ ਸ਼ੁੱਧ ਅਨੰਦ ਅਤੇ ਇੱਕ ਵੱਡੇ ਵਿਸ਼ੇਸ਼ ਸਨਮਾਨ ਵਜੋਂ ਗਿਣੀਏ ਕਿਉਂਕਿ ਹਰ ਇੱਕ ਨੂੰ ਸਾਡੇ ਪ੍ਰਭੂ ਦੁਆਰਾ ਬੁਲਾਇਆ ਗਿਆ ਹੈ।

(**ਸਮੀਖਿਆ** ਅਧਿਆਇ 29 ਤੋਂ ਬਾਅਦ ਦਿੱਤੀ ਗਈ ਹੈ।)

# 28

# ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਨਾਲ ਸੱਦੇ ਜਾਂਦੇ ਹਾਂ

**ਰਸੂਲਾਂ ਦੇ ਕਰਤੱਬ 9:15**
**ਪਰ ਪ੍ਰਭੂ ਨੇ ਉਹ ਨੂੰ ਆਖਿਆ, ਤੂੰ ਚੱਲਿਆ ਜਾਹ ਕਿਉਂ ਜੋ ਉਹ ਮੇਰੇ ਲਈ ਇੱਕ ਚੁਣਿਆ ਹੋਇਆ ਵਸੀਲਾ ਹੈ ਭਈ ਪਰਾਈਆਂ ਕੌਮਾਂ ਅਤੇ ਰਾਜਿਆਂ ਅਤੇ ਇਸਰਾਏਲ ਦੀ ਅੰਸ ਅੱਗੇ ਮੇਰਾ ਨਾਮ ਪੁਚਾਵੇ।**

**ਰਸੂਲਾਂ ਦੇ ਕਰਤੱਬ 15:14**
**ਸ਼ਮਊਨ ਨੇ ਦੱਸਿਆ ਹੈ ਭਈ ਕਿਸ ਪਰਕਾਰ ਪਰਮੇਸ਼ੁਰ ਨੇ ਪਹਿਲਾਂ ਪਰਾਈਆਂ ਕੌਮਾਂ ਉੱਤੇ ਨਿਗਾਹ ਕੀਤੀ ਤਾਂ ਜੋ ਓਹਨਾਂ ਵਿੱਚੋਂ ਇੱਕ ਪਰਜਾ ਆਪਣੇ ਨਾਮ ਦੇ ਲਈ ਚੁਣੇ।**

ਵਿਸ਼ਵਾਸੀਆਂ ਵਜੋਂ, ਸਾਡੇ ਕੋਲ ਨਾ ਕੇਵਲ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਨ ਦਾ ਵਿਸ਼ੇਸ਼ ਅਧਿਕਾਰ ਅਤੇ ਹੱਕ ਹੈ, ਪਰ ਇਸ ਦੇ ਇਲਾਵਾ ਸਾਨੂੰ ਉਹਨਾਂ ਦੇ ਨਾਮ ਨਾਲ ਸੱਦਿਆ ਵੀ ਜਾਂਦਾ ਹੈ। ਜਿਸ ਤਰ੍ਹਾਂ ਕਿ ਪੁਰਾਣੇ ਨੇਮ ਵਿੱਚ, ਪਰਮੇਸ਼ਰ ਨੇ ਸਾਨੂੰ, ਨਵੇਂ ਨੇਮ ਦੀ ਕਲੀਸਿਯਾ ਨੂੰ, *"ਉਹਨਾਂ ਦੇ ਨਾਮ ਲਈ ਇੱਕ ਪਰਜਾ"* ਵਜੋਂ ਸੱਦਿਆ ਹੈ। ਜਿਸ ਤਰ੍ਹਾਂ ਕਿ ਯਾਕੂਬ ਕਹਿੰਦਾ ਹੈ, ਸਾਡੇ ਵਿੱਚੋਂ ਹਰ ਇੱਕ ਉਹਨਾਂ ਦੇ ਨਾਮ ਤੋਂ ਸੱਦਿਆ ਜਾਂਦਾ ਹੈ, *"ਉਸ ਉੱਤਮ ਨਾਮ ਉੱਤੇ ਜਿਸ ਤੋਂ ਤੁਸੀਂ ਸਦਾਉਂਦੇ ਹੋ"* (ਯਾਕੂਬ 2:7)। ਵਿਸ਼ਵਾਸੀਆਂ ਵਜੋਂ, ਅਸੀਂ ਪ੍ਰਭੂ ਯਿਸੂ ਮਸੀਹ ਦੇ ਉਸ ਸ਼ਾਨਦਾਰ, ਸੁੰਦਰ, ਯੋਗ, ਆਦਰਯੋਗ ਅਤੇ ਤੇਜੱਸਵੀ ਨਾਮ ਨਾਲ ਜਾਣੇ ਜਾਂਦੇ ਹਾਂ।

**2 ਥੱਸਲੁਨੀਕੀਆਂ 1:12**
**ਤਾਂ ਜੋ ਸਾਡੇ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਦੇ ਅਨੁਸਾਰ ਤੁਹਾਡੇ ਵਿੱਚ ਸਾਡੇ ਪ੍ਰਭੂ ਯਿਸੂ ਦਾ ਨਾਮ ਵਡਿਆਇਆ ਜਾਵੇ ਅਤੇ ਉਸ ਵਿੱਚ ਤੁਸੀਂ ਵੀ।**

ਸਾਡੇ ਰਹਿਣ ਦਾ ਤਰੀਕਾ, ਸਾਡਾ ਚਾਲ-ਚਲਨ, ਸਾਡੀ ਬੋਲ ਚਾਲ, ਸਾਡਾ ਸ਼ਿਸ਼ਟਾਚਾਰ, ਅਤੇ ਸਾਡਾ ਰਵੱਈਆ ਅਜਿਹਾ ਹੋਣਾ ਚਾਹੀਦਾ ਹੈ, ਕਿ ਸਾਡੇ ਪ੍ਰਭੂ ਯਿਸੂ ਮਸੀਹ ਦੀ ਵਡਿਆਈ ਹੋਵੇ। ਸਾਡੇ ਜੀਵਨ ਨੂੰ ਵੇਖ ਕੇ ਲੋਕਾਂ ਵੱਲੋਂ ਸਾਡੇ ਪ੍ਰਭੂ

ਯਿਸੂ ਮਸੀਹ ਨੂੰ ਵਡਿਆਈ ਦਿੱਤੀ ਜਾਣੀ ਚਾਹੀਦੀ ਹੈ। ਵਿਸ਼ਵਾਸੀ ਹੁੰਦੇ ਹੋਏ, ਅਸੀਂ ਪਾਪ ਵਿੱਚ ਨਹੀਂ ਰਹਿ ਸਕਦੇ ਜਾਂ ਪਰਮੇਸ਼ਰ ਨੂੰ ਪਸੰਦ ਨਾ ਆਉਣ ਵਾਲੇ ਕੰਮ ਨਹੀਂ ਕਰ ਸਕਦੇ। ਪਵਿੱਤਰ-ਗ੍ਰੰਥ ਵਿੱਚ ਹਦਾਇਤ ਸਪਸ਼ਟ ਅਤੇ ਸਰਲ ਹੈ, *"ਭਈ ਹਰੇਕ ਜਿਹੜਾ ਪ੍ਰਭੁ ਦਾ ਨਾਮ ਲੈਂਦਾ ਹੈ, ਕੁਧਰਮ ਤੋਂ ਅੱਡ ਰਹੇ"* (2 ਤਿਮੋਥਿਉਸ 2:19)

"ਉਦਾਹਰਨ ਦੇ ਲਈ, ਸਾਡੇ ਕੰਮ ਦੇ ਸਥਾਨਾਂ 'ਤੇ, ਸਾਨੂੰ ਆਪਣੇ ਆਪ ਨੂੰ ਚਲਾਉਣਾ ਚਾਹੀਦਾ ਹੈ ਤਾਂ ਜੋ ਯਿਸੂ ਦੇ ਨਾਮ ਦਾ ਆਦਰ ਹੋਵੇ।" ਰਸੂਲ ਪੌਲੁਸ ਲਿਖਦਾ ਹੈ, *"ਹਰੇਕ ਕਰਮਚਾਰੀ ਨੂੰ ਉਹਨਾਂ ਦੇ ਮਾਲਕਾਂ ਦਾ ਇੱਜ਼ਤ ਅਤੇ ਆਦਰ ਕਰਨ ਲਈ ਹਿਦਾਇਤ ਦਿਓ, ਕਿਉਂਕਿ ਇਸ ਤਰ੍ਹਾਂ ਦਾ ਰਵੱਈਆ ਉਹਨਾਂ ਲਈ ਪਰਮੇਸ਼ਰ ਦੀ ਸਚਿਆਈ ਅਤੇ ਪ੍ਰਤਿਸ਼ਠਾ ਦੀ ਸਪਸ਼ਟ ਗਵਾਹੀ ਪੇਸ਼ ਕਰਦਾ ਹੈ। ਉਹਨਾਂ ਨੂੰ ਆਖੋ ਕਿ ਉਹ ਕਦੇ ਵੀ ਉਹਨਾਂ ਦੇ ਕੰਮਾਂ ਕਰਕੇ ਪਰਮੇਸ਼ਰ ਦੇ ਨਾਮ ਦੀ ਨਿੰਦਾ ਕਰਨ ਦਾ ਕਾਰਨ ਨਾ ਬਣਨ"* (1 ਤਿਮੋਥਿਉਸ 6:1, ਦ ਪੈਸ਼ਨ ਟਰਾਂਜ਼ਲੇਸ਼ਨ ਵਿੱਚੋਂ ਅਨੁਵਾਦ ਕੀਤਾ ਗਿਆ)।

ਇਹ ਜਾਣਦੇ ਹੋਏ ਕਿ ਅਸੀਂ ਉਹਨਾਂ ਦੇ ਨਾਮ ਨਾਲ ਸੱਦੇ ਜਾਂਦੇ ਹਾਂ, ਅਤੇ ਉਹਨਾਂ ਦੇ ਲਈ ਗੂੜ੍ਹੇ ਪਿਆਰ ਦੇ ਕਾਰਨ, ਅਸੀਂ ਇੱਕ ਅਜਿਹੇ ਤਰੀਕੇ ਨਾਲ ਰਹਿੰਦੇ ਹਾਂ ਜਿਹੜਾ ਉਹਨਾਂ ਦੇ ਯੋਗ ਅਤੇ ਬੇਮਿਸਾਲ ਨਾਮ ਲਈ ਵਡਿਆਈ, ਆਦਰ ਅਤੇ ਪ੍ਰਸੰਸਾ ਲਿਆਉਂਦਾ ਹੈ।

(**ਸਮੀਖਿਆ** ਅਧਿਆਇ 29 ਤੋਂ ਬਾਅਦ ਦਿੱਤੀ ਗਈ ਹੈ।)

# 29

# ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਤਾੜਨਾ ਦਿਓ

**1 ਕੁਰਿੰਥੀਆਂ ਨੂੰ 1:10**
**ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਵਾਸਤਾ ਦੇ ਕੇ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਸੱਭੇ ਇੱਕੋ ਗੱਲ ਬੋਲੋ ਅਤੇ ਤੁਹਾਡੇ ਵਿੱਚ ਫੋਟਕ ਨਾ ਪੈਣ ਸਗੋਂ ਇੱਕੋ ਮਨ ਅਤੇ ਇੱਕੋ ਵਿਚਾਰ ਵਿੱਚ ਪੂਰੇ ਹੋ ਜਾਵੋ।**

**2 ਥੱਸਲੁਨੀਕੀਆਂ 3:6**
**ਹੁਣ ਹੇ ਭਰਾਵੋ, ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਤੁਹਾਨੂੰ ਹੁਕਮ ਦਿੰਦੇ ਹਾਂ ਭਈ ਹਰ ਇੱਕ ਭਰਾ ਤੋਂ ਜਿਹੜਾ ਉਸ ਰਵਾਇਤ ਦੇ ਅਨੁਸਾਰ ਨਹੀਂ ਜੋ ਤੁਸਾਂ ਸਾਥੋਂ ਪਾਈ ਸਗੋਂ ਕਸੂਤਾ ਚੱਲਦਾ ਹੈ ਨਿਆਰੇ ਰਹੋ।**

ਅਸੀਂ ਨਵੇਂ ਨੇਮ ਦੀ ਕਲੀਸਿਯਾ ਵਿੱਚ ਦੇਖਦੇ ਹਾਂ ਕਿ ਇੱਕ ਆਤਮਿਕ ਆਗੂ ਰਸੂਲ ਪੌਲੁਸ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਉਹਨਾਂ ਵਿਸ਼ਵਾਸੀਆਂ ਨੂੰ ਝਿੜਕਿਆ, ਸੁਧਾਰਿਆ ਅਤੇ ਤਾੜਨਾ ਕੀਤੀ ਜਿਹਨਾਂ ਦੀ ਆਤਮਿਕ ਜ਼ਿੰਮੇਵਾਰੀ ਉਸ ਉੱਤੇ ਸੀ। ਬੇਸ਼ੱਕ, ਅਜਿਹਾ ਉਸ ਨੇ ਪਿਆਰ ਵਿੱਚ ਕੀਤਾ ਸੀ। ਉਸ ਨੇ ਇਹ ਉਹਨਾਂ ਦੀ ਭਲਿਆਈ ਅਤੇ ਉਹਨਾਂ ਦੇ ਸੁਧਾਰ ਲਈ ਕੀਤਾ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਅਰਥਾਤ, ਕਲੀਸਿਯਾ ਦੇ ਸਿਰ ਪ੍ਰਭੂ ਯਿਸੂ ਮਸੀਹ ਦੇ ਬਦਲੇ ਇਹ ਕੀਤਾ ਸੀ। ਰਸੂਲ ਪੌਲੁਸ, ਇਸ ਲਈ, ਵਿਸ਼ਵਾਸੀਆਂ ਨੂੰ ਸੁਆਮੀ ਦੇ ਦਿਲ ਦੀ ਗੱਲ ਕਰ ਰਿਹਾ ਸੀ। ਇਸ ਦਾ ਇਹ ਵੀ ਅਰਥ ਸੀ ਕਿ ਜਦੋਂ ਰਸੂਲ ਪੌਲੁਸ ਦੀ ਆਤਮਿਕ ਅਗਵਾਈ ਦੇ ਅਧੀਨ ਲੋਕਾਂ ਨੂੰ ਇਹ ਤਾੜਨਾ ਜਾਂ ਹਿਦਾਇਤ ਮਿਲੀ, ਤਾਂ ਉਹਨਾਂ ਨੇ ਇਸ ਨੂੰ ਉਸ ਸਨਮਾਨ ਨਾਲ ਕੋਲ ਫੜ੍ਹੇ ਰੱਖਣਾ ਸੀ ਜਿਸ ਦਾ ਇਹ ਹੱਕਦਾਰ ਸੀ ਅਤੇ ਇਸ ਨੂੰ ਹਲਕੇ ਵਿੱਚ ਨਹੀਂ ਲੈਣਾ ਸੀ। ਸਾਡੇ ਵਿੱਚੋਂ ਜਿਹੜੇ ਆਤਮਿਕ ਅਗਵਾਈ ਵਿੱਚ ਹਨ ਉਹਨਾਂ ਦੀ ਇਹ ਪਵਿੱਤਰ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਵਿਸ਼ਵਾਸੀਆਂ ਨੂੰ ਪਿਆਰ ਨਾਲ ਤਾੜਨਾ ਕਰਨ।

[**ਸਾਈਡ ਨੋਟ:** ਸਾਨੂੰ ਇੱਥੇ ਚੌਕਸ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਆਤਮਿਕ ਆਗੂ ਨੂੰ ਆਤਮਿਕ ਅਧਿਕਾਰ ਦੀ ਵਰਤੋਂ ਕਰਨ ਦੇ ਬਹਾਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਕੇ ਸਾਨੂੰ ਨਿਯੰਤਰਣ, ਆਪਣੇ ਹਿੱਤ ਵਿੱਚ ਵਰਤਣ ਜਾਂ ਦੁਰਵਿਵਹਾਰ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਅਜਿਹੇ ਦੁਰਵਿਵਹਾਰ ਕਰਕੇ ਬਹੁਤ ਸਾਰੇ ਲੋਕਾਂ ਨੂੰ ਠੇਸ ਲੱਗੀ ਹੈ (1 ਪਤਰਸ 5:2-4)।]

---

ਪ੍ਰਭੂ ਯਿਸੂ ਮਸੀਹ ਦੇ ਨਾਮ ਨੇ ਆਪਣੀ ਕੋਈ ਵੀ ਸਮਰੱਥਾ ਨਹੀਂ ਗੁਆਈ ਹੈ।
ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਚੰਗਿਆਈਆਂ, ਚਮਤਕਾਰ ਅਤੇ ਛੁਟਕਾਰੇ ਹਨ।
ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ
ਵੱਡੇ ਚਮਤਕਾਰ ਹੋ ਸਕਦੇ ਹਨ।

---

## ਸਮੀਖਿਆ

ਇਹ ਸਮੀਖਿਆ ਅਧਿਆਇ 25 ਤੋਂ ਲੈ ਕੇ ਅਧਿਆਇ 29 ਲਈ ਹੈ।

1) ਇਸ ਦੇ ਕਾਰਨ ਸੋਚੋ ਕਿ ਸ਼ੈਤਾਨ ਨਕਲੀ ਕਿਉਂ ਬਣਾਵੇਗਾ, ਜਿਹੜੇ ਕੀ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਕਰਦੇ ਹਨ, ਪਰ ਦੁਸ਼ਟ ਆਤਮਾ ਦੀ ਸ਼ਕਤੀ ਨਾਲ ਭਰੇ ਹੁੰਦੇ ਹਨ? ਵਿਸ਼ਵਾਸੀ ਹੁੰਦੇ ਹੋਏ, ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀਆਂ ਅਜਿਹੀਆਂ ਨਕਲੀ ਵਰਤੋਂ ਦੀ ਕਿਵੇਂ ਜਾਂਚ ਅਤੇ ਖੋਜ ਸਕਦੇ ਹਾਂ?

2) ਕੀ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਲਈ ਸਤਾਓ ਦਾ ਅਨੁਭਵ ਕੀਤਾ ਹੈ? ਤੁਸੀ ਇਸ ਵਿੱਚੋਂ ਦੀ ਕਿਸ ਤਰ੍ਹਾਂ ਸਫ਼ਰ ਕੀਤਾ? ਕੀ ਤੁਸੀਂ ਆਪਣੀ ਦ੍ਰਿੜ੍ਹਤਾ ਵਿੱਚ ਮਜ਼ਬੂਤ ਹੋਵੋਗੇ ਕਿ ਤੁਸੀਂ ਕਦੇ ਵੀ ਵਿਸ਼ਵਾਸ ਤੋਂ ਇਨਕਾਰ ਨਹੀਂ ਕਰੋਗੇ ਅਤੇ ਕਦੇ ਵੀ ਪ੍ਰਭੂ ਯਿਸੂ ਦੇ ਨਾਮ ਤੋਂ ਇਨਕਾਰ ਨਹੀਂ ਕਰੋਗੇ, ਇੱਥੋਂ ਤੱਕ ਕਿ ਸਤਾਓ ਦੇ ਬਾਵਜੂਦ ਜੋ ਤੁਹਾਡੀ ਜਾਨ ਨੂੰ ਖ਼ਤਰੇ ਵਿੱਚ ਪਾਉਂਦਾ ਹੈ?

3) ਕੀ ਤੁਹਾਨੂੰ ਪ੍ਰਭੂ ਦੁਆਰਾ ਉਹਨਾਂ ਦੇ ਨਾਮ ਦੀ ਖ਼ਾਤਰ, ਉਹਨਾਂ ਦੇ ਰਾਜ ਦੇ ਕੰਮ ਲਈ, ਜਾਂ ਕਿਸੇ ਤਰੀਕੇ ਨਾਲ ਉਹਨਾਂ ਦੀ ਸੇਵਾਕਾਈ ਕਰਨ ਲਈ ਬਲੀਦਾਨ ਕਰਨ ਲਈ ਬੁਲਾਇਆ ਗਿਆ ਹੈ? ਤੁਸੀ ਇਸ ਵਿੱਚੋਂ ਦੀ ਕਿਸ ਤਰ੍ਹਾਂ ਸਫ਼ਰ ਕੀਤਾ? ਕੀ ਤੁਸੀਂ ਪ੍ਰਭੂ ਯਿਸੂ ਮਸੀਹ ਨਾਲ ਇੰਨੇ ਪਿਆਰ ਵਿੱਚ ਹੋ ਕਿ ਤੁਸੀਂ ਕੋਈ ਵੀ ਬਲੀਦਾਨ ਕਰਨ ਲਈ ਤਿਆਰ ਹੋ ਜੋ ਉਹ ਤੁਹਾਨੂੰ ਆਪਣੇ ਨਾਮ ਦੀ ਖ਼ਾਤਰ ਕਰਨ ਲਈ ਬਲਾਉਣਗੇ?

4) ਸਾਨੂੰ ਉਹਨਾਂ ਦੇ ਨਾਮ ਨਾਲ ਜਾਣੇ ਜਾਣ ਵਾਲੇ ਲੋਕ ਹੋਣ ਲਈ ਸੱਦਿਆ ਗਿਆ ਹੈ। ਕੀ ਤੁਹਾਡੇ ਜੀਵਨ ਵਿੱਚ ਅਜਿਹੇ ਖੇਤਰ ਹਨ ਜਿੱਥੇ ਤੁਸੀਂ ਜਾਣਦੇ ਹੋ ਕਿ ਪ੍ਰਭੂ ਯਿਸੂ ਮਸੀਹ ਦਾ ਆਦਰ ਅਤੇ ਵਡਿਆਈ ਕੀਤੀ ਗਈ ਹੈ? ਕੀ ਤੁਹਾਡੇ ਜੀਵਨ ਵਿੱਚ ਅਜਿਹੇ ਖੇਤਰ ਹਨ ਜੋ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਆਦਰ ਜਾਂ ਵਡਿਆਈ ਨਹੀਂ ਕਰਦੇ ਜਿਹਨਾਂ ਨੂੰ ਤੁਹਾਨੂੰ ਦਿਖਾਉਣ ਲਈ ਬੁਲਾਇਆ ਗਿਆ ਹੈ?

ਸਕਾਰਾਤਮਕ ਚੀਜ਼ਾਂ ਲਈ ਪਰਮੇਸ਼ਰ ਦਾ ਧੰਨਵਾਦ ਕਰਨ ਲਈ ਕੁਝ ਸਮਾਂ ਕੱਢੋ, ਅਤੇ ਪ੍ਰਭੂ ਯਿਸੂ ਮਸੀਹ ਤੋਂ ਮੰਗੋ ਕਿ ਉਹ ਨਕਾਰਾਤਮਕ ਚੀਜ਼ਾਂ ਨੂੰ ਬਦਲਣ, ਤਾਂ ਜੋ ਤੁਹਾਡੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਡਿਆਈ ਹੋਵੇ।

5) ਅਧਿਆਇ 3 ਵਿੱਚ ਦੱਸੇ ਗਏ ਪੁਰਾਣੇ ਨੇਮ ਵਿੱਚ ਰੋਜ਼ਾਨਾ ਜੀਵਨ ਵਿੱਚ ਯਹੋਵਾਹ ਦੇ ਨਾਮ ਦੀ ਸਮੀਖਿਆ ਕਰੋ, ਅਤੇ ਉਹ ਸਭ ਦੀ ਵੀ ਸਮੀਖਿਆ ਕਰੋ ਜੋ ਤੁਸੀਂ ਨਵੇਂ ਨੇਮ (ਅਧਿਆਇ 10-29) ਵਿੱਚ ਖੋਜਿਆ ਹੈ। ਯਹੋਵਾਹ ਦੇ ਨਾਮ ਦੀ ਵਰਤੋਂ ਵਿੱਚ ਤੁਸੀਂ ਕਿਹੜੀਆਂ ਸਮਾਨਤਾਵਾਂ ਉੱਤੇ ਧਿਆਨ ਦਿੱਤਾ ਹੈ?

# 30

# ਪ੍ਰਭੂ ਯਿਸੂ ਮਸੀਹ ਦਾ ਨਾਮ ਹਮੇਸ਼ਾ ਲਈ ਹੈ

ਬਾਈਬਲ ਦੀ ਆਖ਼ਰੀ ਕਿਤਾਬ, ਪਰਕਾਸ਼ ਦੀ ਪੋਥੀ, ਇਹ ਜਾਣਕਾਰੀ ਦਿੰਦੇ ਹੋਏ ਸ਼ੁਰੂ ਹੁੰਦੀ ਹੈ ਕਿ ਇਹ ਪ੍ਰਭੂ ਯਿਸੂ ਮਸੀਹ ਦਾ ਦਿੱਤਾ ਗਿਆ ਇੱਕ ਪਰਕਾਸ਼ ਹੈ। ਇਹ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਇੱਕ ਅਸੀਸ ਵਚਨ ਨਾਲ ਬੰਦ ਹੁੰਦੀ ਹੈ। ਪਰਕਾਸ਼ ਦੀ ਪੋਥੀ ਵਿੱਚ, ਅਸੀਂ ਕਈ ਨਾਵਾਂ ਅਤੇ ਸਿਰਲੇਖਾਂ ਨੂੰ ਦੇਖਦੇ ਹਾਂ ਜਿਹਨਾਂ ਨਾਲ ਪ੍ਰਭੂ ਯਿਸੂ ਮਸੀਹ ਦਾ ਉੱਲੇਖ ਕੀਤਾ ਗਿਆ ਹੈ।

- *ਸੱਚਾ ਗਵਾਹ, ਮੁਰਦਿਆਂ ਵਿੱਚੋਂ ਜੇਠਾ, ਹਾਕਮ* (ਪਰਕਾਸ਼ ਦੀ ਪੋਥੀ 1:5)।
- *ਅਲਫਾ ਅਤੇ ਓਮੇਗਾ, ਆਦ ਅਤੇ ਅੰਤ* (ਪਰਕਾਸ਼ ਦੀ ਪੋਥੀ 1:8)।
- *ਪਹਿਲਾ ਅਤੇ ਆਖਰੀ* (ਪਰਕਾਸ਼ ਦੀ ਪੋਥੀ 1:11)।
- *ਬਬਰ ਸ਼ੇਰ ਜਿਹੜਾ ਯਹੂਦਾਹ ਦੇ ਗੋਤ ਵਿੱਚੋਂ ਹੈ ਅਤੇ "ਦਾਊਦ ਦੀ ਜੜ੍ਹ" ਹੈ* (ਪਰਕਾਸ਼ ਦੀ ਪੋਥੀ 5:5)।
- *ਲੇਲਾ* (ਪਰਕਾਸ਼ ਦੀ ਪੋਥੀ 5:12)।
- *ਪਰਮੇਸ਼ਰ ਦਾ ਸ਼ਬਦ* (ਪਰਕਾਸ਼ ਦੀ ਪੋਥੀ 19:13)।
- *ਰਾਜਿਆਂ ਦਾ ਰਾਜਾ, ਅਤੇ ਪ੍ਰਭੂਆਂ ਦਾ ਪ੍ਰਭੂ* (ਪਰਕਾਸ਼ ਦੀ ਪੋਥੀ 19:16)।

ਅਤੇ ਹੋਰ ਬਹੁਤ ਸਾਰੇ...

ਧਿਆਨ ਵਿੱਚ ਰੱਖਣ ਵਾਲੀ ਦਿਲਚਸਪ ਗੱਲ ਇਹ ਹੈ, ਕਿ ਪ੍ਰਭੂ ਯਿਸੂ ਮਸੀਹ ਆਪਣੇ ਲਈ ਇੱਕ ਨਵਾਂ ਨਾਮ ਹੋਣ ਦਾ ਵਰਣਨ ਕਰਦੇ ਹਨ।

**ਪਰਕਾਸ਼ ਦੀ ਪੋਥੀ 3:12**
**ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਮੈਂ ਆਪਣੇ ਪਰਮੇਸ਼ੁਰ ਦੀ ਹੈਕਲ ਵਿੱਚ ਇੱਕ ਥੰਮ੍ਹ ਬਣਾਵਾਂਗਾ ਅਤੇ ਉਹ ਫੇਰ ਕਦੇ ਬਾਹਰ ਨਾ ਜਾਵੇਗਾ। ਮੈਂ ਆਪਣੇ ਪਰਮੇਸ਼ੁਰ ਦਾ ਨਾਮ ਅਤੇ ਆਪਣੇ ਪਰਮੇਸ਼ੁਰ**

**ਦੀ ਨਗਰੀ ਨਵੀਂ ਯਰੂਸ਼ਲਮ ਦਾ ਨਾਉਂ ਜਿਹੜੀ ਪਰਮੇਸ਼ੁਰ ਵੱਲੋਂ ਸੁਰਗ ਵਿੱਚੋਂ ਉਤਰਦੀ ਹੈ ਅਤੇ ਆਪਣਾ ਨਵਾਂ ਨਾਮ ਓਸ ਉੱਤੇ ਲਿਖਾਵਾਂਗਾ।**

*"ਮੇਰਾ ਨਵਾਂ ਨਾਮ"* ਕੀ ਹੈ? ਇਹ ਇੱਕ ਭੇਤ ਵਾਲੀ ਗੱਲ ਹੈ। ਕੀ ਇਹ ਯਿਸੂ ਦਾ ਨਾਮ ਹੈ, ਇੱਕ ਅਜਿਹਾ ਨਾਮ ਜਿਹੜਾ ਦੇਹ ਧਾਰਨ ਤੋਂ ਪਹਿਲਾਂ ਉਹਨਾਂ ਕੋਲ ਨਹੀਂ ਸੀ ਅਤੇ ਜਿਹੜਾ ਪ੍ਰਭੂ ਯਿਸੂ ਮਸੀਹ ਨੂੰ ਉਹਨਾਂ ਦੇ ਜਨਮ ਵੇਲੇ ਦਿੱਤਾ ਗਿਆ ਸੀ ਅਤੇ ਜੋ ਉਹਨਾਂ ਨੇ ਪੂਰਾ ਕੀਤਾ ਉਸ ਦੇ ਕਾਰਨ ਉਹਨਾਂ ਨੂੰ ਦਿੱਤਾ ਗਿਆ ਸੀ? ਕੀ ਇਹ ਕੋਈ ਹੋਰ ਸਿਰਲੇਖ ਹੈ ਜਿਹੜਾ ਉਹਨਾਂ ਨੂੰ ਦਿੱਤਾ ਜਾਵੇਗਾ ਜੋ ਪਵਿੱਤਰ-ਗ੍ਰੰਥ ਇਸ ਸਮੇਂ ਪਰਗਟ ਨਹੀਂ ਕਰਦਾ ਹੈ? ਅਸੀਂ ਨਹੀਂ ਜਾਣਦੇ। ਅਸੀਂ ਇਹ ਆਖ ਸਕਦੇ ਹਾਂ—ਕਿ ਆਇਤ 12 (ਯੂਨਾਨੀ *ਕਾਇਨੋਸ*) ਵਿੱਚ ਵਰਤਿਆ ਗਿਆ ਸ਼ਬਦ "ਨਵਾਂ" ਚਰਿੱਤਰ, ਸੁਭਾਅ, ਗੁਣਵੱਤਾ ਅਤੇ ਤਾਜ਼ਗੀ ਵਿੱਚ ਨਵਾਂ ਹੈ, ਜਿਹੜਾ "ਨਵੇਂ" (ਯੂਨਾਨੀ *ਨਿਓਸ*) ਤੋਂ ਵੱਖਰਾ ਹੈ, ਜੋ ਸਮੇਂ ਵਿੱਚ ਨਵੇਂ, ਨਵੀਨ ਦਾ ਹਵਾਲਾ ਦਿੰਦਾ ਹੈ।

"ਅਨੰਤ ਨਗਰੀ" ਨਵੀਂ ਯਰੂਸ਼ਲਮ ਦੇ ਆਖਰੀ ਅਧਿਆਇ ਵਿੱਚ, ਪਰਮੇਸ਼ਰ ਦੇ ਸਾਰੇ ਲੋਕਾਂ ਦੇ ਮੱਥਿਆ ਉੱਤੇ ਉਹ ਦਾ ਨਾਮ ਹੈ। ਇਹ ਇੱਕ ਨਿਸ਼ਾਨੀ ਹੈ ਕਿ ਅਸੀਂ ਉਹਨਾਂ ਦੇ ਹਾਂ, ਸਾਡੇ ਪ੍ਰਭੂ ਯਿਸੂ ਮਸੀਹ, ਸਦਾ ਲਈ ਹੈ।

**ਪਰਕਾਸ਼ ਦੀ ਪੋਥੀ 22:1-5**

**1 ਓਸ ਨੇ ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਂਙੁ ਉੱਜਲ ਪਰਮੇਸ਼ੁਰ ਅਤੇ ਲੇਲੇ ਦੇ ਸਿੰਘਾਸਣ ਵਿੱਚੋਂ ਨਿੱਕਲਦੀ ਓਸ ਨਗਰੀ ਦੇ ਚੌਂਕ ਦੇ ਵਿਚਕਾਰ ਮੈਨੂੰ ਵਿਖਾਈ।**

**2 ਓਸ ਨਦੀ ਦੇ ਉਰਾਰ ਪਾਰ ਜੀਵਨ ਦਾ ਬਿਰਛ ਹੈ ਜਿਹ ਨੂੰ ਬਾਰਾਂ ਪਰਕਾਰ ਦੇ ਫਲ ਲੱਗਦੇ ਹਨ ਅਤੇ ਓਸ ਬਿਰਛ ਦੇ ਪੱਤੇ ਕੌਮਾਂ ਦੇ ਇਲਾਜ ਦੇ ਲਈ ਹਨ।**

**3 ਅਤੇ ਹੁਣ ਅਗਾਹਾਂ ਨੂੰ ਕੋਈ ਸਰਾਪ ਨਾ ਹੋਵੇਗਾ ਅਤੇ ਪਰਮੇਸ਼ੁਰ ਅਤੇ ਲੇਲੇ ਦਾ ਸਿੰਘਾਸਣ ਓਸ ਵਿੱਚ ਹੋਵੇਗਾ ਅਤੇ ਉਹ ਦੇ ਦਾਸ ਉਹ ਦੀ ਉਪਾਸਨਾ ਕਰਨਗੇ।**

**4 ਅਤੇ ਉਹ ਦਾ ਦਰਸ਼ਣ ਪਾਉਣਗੇ ਅਤੇ ਉਹ ਦਾ ਨਾਮ ਓਹਨਾਂ ਦੇ ਮੱਥਿਆਂ ਉੱਤੇ ਹੋਵੇਗਾ।**

**5 ਅਤੇ ਹੁਣ ਅਗਾਹਾਂ ਨੂੰ ਰਾਤ ਨਾ ਹੋਵੇਗੀ ਅਤੇ ਓਹਨਾਂ ਨੂੰ ਦੀਵੇ ਦੀ ਲੋ ਸਗੋਂ ਸੂਰਜ ਦੇ ਚਾਨਣ ਦੀ ਕੁਝ ਲੋੜ ਨਹੀਂ ਕਿਉਂ ਜੋ ਪ੍ਰਭੂ ਪਰਮੇਸ਼ੁਰ ਓਹਨਾਂ ਨੂੰ ਚਾਨਣ ਕਰੇਗਾ ਅਤੇ ਓਹ ਜੁੱਗੋ ਜੁੱਗ ਰਾਜ ਕਰਨਗੇ।**

ਸਾਡੇ ਉੱਤੇ ਉਹਨਾਂ ਦਾ ਨਾਮ ਸਦਾ ਲਈ ਹੋਣ ਤੇ ਸਾਡੇ ਲਈ ਵੱਡੇ ਸਨਮਾਨ ਦੀ ਗੱਲ ਹੋਵੇਗੀ!

ਇਸ ਕਾਰਨ ਪਰਮੇਸ਼ੁਰ ਨੇ ਵੀ
ਉਸ ਨੂੰ ਅੱਤ ਉੱਚਿਆਂ ਕੀਤਾ
ਅਤੇ ਉਸ ਨੂੰ ਉਹ ਨਾਮ ਦਿੱਤਾ
ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ
ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ
ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲੀਆਂ ਵਿੱਚੋਂ
ਹਰ ਗੋਡਾ ਨਿਵਾਇਆ ਜਾਵੇ
ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ
ਜੋ ਯਿਸੂ ਮਸੀਹ ਪ੍ਰਭੂ ਹੈ।
ਫ਼ਿਲਿੱਪੀਆਂ ਨੂੰ 2:9-11

ਆਮੀਨ!

## ਸਮੀਖਿਆ

1) ਤੁਸੀਂ ਇਸ ਕਿਤਾਬ ਨੂੰ ਪੜ੍ਹ ਕੇ ਪੂਰਾ ਕਰ ਲਿਆ ਹੈ। ਸ਼ਾਬਾਸ਼! ਕਿਰਪਾ ਕਰਕੇ ਸਮੀਖਿਆ ਕਰਨ ਲਈ ਸਮਾਂ ਕੱਢੋ ਅਤੇ ਇਸ ਉੱਤੇ ਪੂਰੀ ਤਰ੍ਹਾਂ ਵਿਚਾਰ ਕਰੋ ਕਿ ਜਦੋਂ ਤੁਸੀਂ ਇਸ ਕਿਤਾਬ ਵਿੱਚੋਂ ਸਫ਼ਰ ਕਰਦੇ ਸੀ, ਤਾਂ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਬਾਰੇ ਕੀ ਖੋਜਿਆ ਹੈ। ਕਿਹੜੀਆਂ ਮੁੱਖ ਸਿੱਖਿਆਵਾਂ ਹਨ ਜੋ ਤੁਸੀਂ ਆਪਣੇ ਆਤਮਿਕ ਜੀਵਨ ਵਿੱਚ ਸਮਾਂ ਲਈਆਂ ਹਨ? ਕੁਝ ਸਚਿਆਈਆਂ ਕਿਹੜੀਆਂ ਹਨ ਜਿਹਨਾਂ ਨੂੰ ਤੁਸੀਂ ਪਰਮੇਸ਼ਰ ਦੇ ਨਾਲ ਚੱਲਣ ਦੇ ਸਥਾਈ ਹਿੱਸੇ ਵਜੋਂ ਅਪਣਾਇਆ ਹੈ?

2) ਜਿਸ ਤਰ੍ਹਾਂ ਕਿ ਅਸੀਂ ਕਿਸੇ ਵਿਸ਼ੇ ਦੀ ਅਕਸਰ ਸਮੀਖਿਆ ਕਰਦੇ ਹਾਂ, ਅਸੀਂ ਗੱਲਾਂ ਦੀ ਖੋਜ ਕਰਦੇ ਹਾਂ, ਅਸੀਂ ਸਚਿਆਈ ਦੇ ਨਵੇਂ ਪਹਿਲੂਆਂ ਨੂੰ ਪਰਗਟ ਕਰਦੇ ਹਾਂ, ਸਾਨੂੰ ਹੋਰ ਪਰਕਾਸ਼ ਪ੍ਰਾਪਤ ਹੁੰਦਾ ਹੈ, ਅਤੇ ਜੋ ਅਸੀਂ ਪਹਿਲਾਂ

ਹੀ ਸਿੱਖਿਆ ਹੈ ਉਸ ਵਿੱਚ ਬਲਵੰਤ ਹੁੰਦੇ ਹਾਂ। **ਪ੍ਰਭੂ ਯਿਸੂ ਦਾ ਸਮਰੱਥੀ ਨਾਮ** ਉੱਤੇ ਇਸ ਸਚਿਆਈ ਨੂੰ ਪੜ੍ਹਨ ਅਕਸਰ ਦੁਬਾਰਾ ਆਉਂਦੇ ਰਹੋ। ਛੇਤੀ ਹੀ ਇਸ ਕਿਤਾਬ ਕੋਲ ਦੁਬਾਰਾ ਆਉਣ ਦੀ ਯੋਜਨਾ ਬਣਾਓ। ਇਸ ਨੂੰ ਆਪਣੇ ਕੈਲੰਡਰ ਵਿੱਚ ਨੋਟ ਕਰੋ।

3) ਸਚਿਆਈ ਸਭ ਤੋਂ ਵਧੀਆ ਸਿੱਖੀ ਜਾਂਦੀ ਹੈ ਜਦੋਂ ਅਨੁਭਵ ਕੀਤੀ ਜਾਂਦੀ ਹੈ। ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਦੀ ਸਮਰੱਥਾ ਦੇ ਆਪਣੇ ਅਨੁਭਵ ਵਿੱਚ ਵਧਦੇ ਰਹੋ।

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don’t Compromise Your Calling
Don’t Lose Hope
Equipping the Saints
Foundations (Track 1)
Fulfilling God’s Purpose for Your Life
Gifts of the Holy Spirit
Giving Birth to the Purposes of God
God Is a Good God
God’s Word—The Miracle Seed
How to Help Your Pastor
Integrity
Interpreting Scripture
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don’t Take Them
Open Heavens
Our Redemption
Receiving God’s Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father’s Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner’s Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ apcwo.org/books ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ apcwo.org/sermons ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ: chrysalislife.org**
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ: counselor@chrysalislife.org**

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore, Karnataka-560043, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**


## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play







*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# निःशुल्क ऐप डाउनलोड करें:

**ऐप स्टोर या प्ले स्टोर में खोजें**
**“ऑल पीपुल्स चर्च (APCWO)”/**
**All Peoples Church Hindi**

Available on the App Store

ANDROID APP ON Google Play




*विश्वास को मजबूत करने और सुसमाचार साझा करने के लिए विभिन्न विषयों पर आधारित वचनों के टूलकिट।*
*उपदेशों, टीवी कार्यक्रमों, पुस्तकों, संगीत और बहुत कुछ से भरे संसाधन।*
*अगर आपको यह पसंद आए, तो*
***दूसरों को भी इसके बारे में बताएं!***

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC-BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।

ਹਰੇਕ ਵਿਸ਼ਵਾਸੀ ਨੂੰ ਪ੍ਰਭੂ ਯਿਸੂ ਮਸੀਹ ਦੇ ਸਮਰੱਥੀ ਨਾਮ ਨੂੰ ਪੁਕਾਰਨ, ਬੋਲਣ ਅਤੇ ਵਰਤੋਂ ਕਰਨ ਦੀ ਵਿਸ਼ੇਸ਼ ਅਧਿਕਾਰ ਵਾਲੀ ਸ਼ਾਨਦਾਰ ਅਸੀਸ ਬਖ਼ਸ਼ੀ ਗਈ ਹੈ। ਪ੍ਰਭੂ ਯਿਸੂ ਮਸੀਹ ਦੇ ਚੇਲੇ ਅਤੇ ਮੁੱਢਲੀ ਕਲੀਸਿਯਾ ਦੇ ਵਿਸ਼ਵਾਸੀ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਵਰਤੋਂ ਰਾਹੀਂ ਉਹਨਾਂ ਦੇ ਨਿਪਟਾਰੇ ਵਿੱਚ ਹੋਣ ਵਾਲੇ ਅਧਿਕਾਰ ਨੂੰ ਸਮਝਦੇ ਸਨ ਅਤੇ ਉਹ ਇਸ ਵਿੱਚ ਚੱਲੇ ਸਨ।

ਇਹ ਕਿਤਾਬ ਵਿਸ਼ਵਾਸੀ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਸਮਰੱਥਾ ਨੂੰ ਮੁੜ ਖੋਜਣ ਵਿੱਚ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਸਿੱਖਿਆ ਦਿੰਦੀ ਹੈ ਕਿ ਰੋਜ਼ਾਨਾ ਦੇ ਜੀਵਨ ਵਿੱਚ ਉਸ ਨਾਮ ਦੀ ਸਮਰੱਥਾ ਵਿੱਚ ਕਿਸ ਤਰ੍ਹਾਂ ਚੱਲਣਾ ਹੈ। ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਸਮਰੱਥਾ ਵਿੱਚ ਚੱਲਣਾ ਸਿੱਖ ਲੈਂਦੇ ਹਾਂ ਤਾਂ ਅਸੀਂ ਅਧਿਕਾਰ ਅਤੇ ਰਾਜ, ਸੱਚੀ ਸ਼ਾਂਤੀ ਅਤੇ ਪਰਮੇਸ਼ਰ ਦੇ ਸਾਰੇ ਪ੍ਰਬੰਧਾਂ ਵਿੱਚ ਚੱਲ ਸਕਦੇ ਹਾਂ।


All Peoples Church & World Outreach
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org